SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ

VOL -10 ISSUE - 25
September 29, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ   ਸੰਪਰਕ : 916-947-8920   ਫੈਕਸ : 916-238-1393   E-mail : deshdoaba@yahoo.com   ਸੰਪਾਦਕ : ਤਰਸੇਮ ਜਲੰਧਰੀ



ਅਦਾਰਾ ਦੇਸ਼ ਦੁਆਬਾ ਵੱਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ 114ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ। ਸ. ਮਲਵਿੰਦਰਜੀਤ ਸਿੰਘ ਵੜੈਚ ਦਾ ਵਿਸ਼ੇਸ਼ ਲੇਖ ਅੰਦਰ ਪੜ੍ਹੋ।



**ਸ. ਚਰਨਜੀਤ ਸਿੰਘ ਚੰਨੀ ਦੇ ਪੰਜਾਬ ਦਾ ਪਹਿਲੀ ਵਾਰ ਮੁੱਖ ਮੰਤਰੀ ਬਣਨ ’ਤੇ** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 3 ਅਕਤੂਬਰ ਨੂੰ ਹੋਵੇਗਾ ਵਧਾਈ ਸਮਾਗਮ ਅਤੇ ਡਾ. ਰੌਣਕੀ ਰਾਮ ਜੀ ਦਾ ਵਿਸ਼ੇਸ਼ ਲੇਖ ’ਪੰਜਾਬ ਦੀ ਸਿਆਸਤ- ਨਵੇਂ ਯੁੱਗ ਦਾ ਆਗਾਜ਼’

**ਦੇਖੋ ਸਫਾ 19 ’ਤੇ**

# ਹੁਣ ਸਿੱਧੂ ਅਤੇ ਨਵੀਂ ਬਣੀ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਨੇ ਦਿੱਤਾ ਅਸਤੀਫਾ

## ਪੰਜਾਬ ਕਾਂਗਰਸ ਦੀ ਖਾਨਾਜੰਗੀ ਤੋਂ ਕਾਂਗਰਸ ਹਾਈਕਮਾਨ ਪ੍ਰੇਸ਼ਾਨ, ਨਹੀਂ ਲੱਭ ਰਿਹਾ ਕੋਈ ਰਾਹ

**ਚੰਡੀਗੜ੍ਹ (ਬਿਊਰੋ)–** ਵਿਧਾਨ ਸਭਾ ਚੋਣਾਂ ਤੋਂ ਠੀਕ 3-4 ਮਹੀਨੇ ਪਹਿਲਾਂ ਪੰਜਾਬ ਦੀ ਸੱਤਾਧਾਰੀ ਕਾਂਗਰਸ ਵਿਚ ਚੱਲ ਰਹੀ ਖਾਨਾਜੰਗੀ ਹੁਣ ਹੋਰ ਵਧਦੀ ਨਜ਼ਰ ਆ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੇ ਬਾਅਦ ਹੁਣ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵੀ ਅਸਤੀਫਾ ਦੇ ਦਿੱਤਾ ਹੈ। ਉਹਨਾਂ ਦੇ ਨਾਲ ਉਹਨਾਂ ਦੀ ਹਮਾਇਤੀ ਮੰਤਰੀ ਰਜੀਆ ਸੁਲਤਾਨਾ ਅਤੇ ਪਾਰਟੀ ਦੇ ਖਜਾਨਚੀ ਗੁਲਜ਼ਾਰ ਇੰਦਰ ਚਾਹਲ ਅਤੇ ਜਨਰਲ ਸਕੱਤਰ ਯੋਗੇਂਦਰ ਢੀਂਡਸਾ ਨੇ ਵੀ ਅਸਤੀਫਾ ਦੇ ਦਿੱਤਾ ਹੈ। ਇਹਨਾਂ ਅਸਤੀਫਿਆਂ ਤੋਂ ਬਾਅਦ ਪੰਜਾਬ ਕਾਂਗਰਸ ਦਾ ਸੰਕਟ ਹੋਰ ਡੂੰਘਾ ਹੁੰਦਾ ਨਜ਼ਰ ਆ ਰਿਹਾ ਹੈ, ਜੋ ਨਵੀਂ ਵਜ਼ਾਰਤ ਦੇ ਬਣਨ ਨਾਲ ਮੱਠਾ ਪੈ ਗਿਆ ਜਾਪਦਾ ਸੀ। ਨਵਜੋਤ ਸਿੱਧੂ ਨੇ ਪ੍ਰਧਾਨਗੀ ਸੰਭਾਲਣ ਤੋਂ 72 ਦਿਨਾਂ ਮਗਰੋਂ ਉਦੋਂ ਅਸਤੀਫ਼ਾ ਦੇ ਦਿੱਤਾ ਹੈ ਜਦੋਂ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਕਾਰਜਕਾਲ ਦੇ ਪਹਿਲੇ ਹਫ਼ਤੇ ’ਚ ਸਿਆਸੀ ਪੈਰ ਜਮਾਉਣੇ ਸ਼ੁਰੂ ਕੀਤੇ ਸਨ। ਇਸੇ ਦੌਰਾਨ ਮੁੱਖ ਮੰਤਰੀ ਚੰਨੀ ਨੇ ਅੱਜ ਕੈਬਨਿਟ ਮੀਟਿੰਗ ਸੱਦ ਲਈ ਹੈ। ਇਨ੍ਹਾਂ ਲੜੀਵਾਰ ਅਸਤੀਫ਼ਿਆਂ ਨਾਲ ਪੰਜਾਬ ਕਾਂਗਰਸ ਦੀ ਸਿਆਸਤ ’ਚ ਇਕਦਮ ਤੂਫ਼ਾਨ ਖੜ੍ਹਾ ਹੋ ਗਿਆ ਹੈ। ਖ਼ਾਸ ਕਰਕੇ ਨਵਜੋਤ ਸਿੱਧੂ ਦੇ ਅਸਤੀਫ਼ੇ ਨੇ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਲਈ ਨਵਾਂ ਰਾਜਸੀ ਸੰਕਟ ਖੜ੍ਹਾ ਕਰ ਦਿੱਤਾ ਹੈ। ਨਵਜੋਤ ਸਿੱਧੂ ਨੇ ਦੁਪਹਿਰ ਵੇਲੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜੇ ਅਸਤੀਫ਼ੇ ’ਚ ਲਿਖਿਆ ‘ਮੈਂ ਪੰਜਾਬ ਦੇ ਭਵਿੱਖ ਨਾਲ ਕੋਈ ਸਮਝੌਤਾ ਨਹੀਂ ਕਰ ਸਕਦਾ ਕਿਉਂਕਿ ਸਮਝੌਤੇ ਨਾਲ ਇਨਸਾਨ ਦਾ ਚਰਿੱਤਰ ਖੁਰਦਾ ਹੈ, ਇਸ ਲਈ ਮੈਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਅਹੁਦਾ ਛੱਡਦਾ ਹਾਂ, ਕਾਂਗਰਸ ਦੀ ਸੇਵਾ ਅੱਗੇ ਵੀ ਕਰਦਾ ਰਹਾਂਗਾ।’’





ਨਵਜੋਤ ਸਿੱਧੂ ਨੇ 18 ਜੁਲਾਈ ਨੂੰ ਪ੍ਰਧਾਨਗੀ ਸੰਭਾਲਣ ਮੌਕੇ 15 ਅਗਸਤ ਤੋਂ ਕਾਂਗਰਸ ਭਵਨ ’ਚ ਬਿਸਤਰਾ ਲਾਉਣ ਦੀ ਗੱਲ ਆਖੀ ਸੀ। ਸਿਆਸੀ ਹਲਕੇ ਹੈਰਾਨ ਹਨ ਕਿ ਚੰਨੀ ਦੇ ਬਤੌਰ ਮੁੱਖ ਮੰਤਰੀ ਇੱਕ ਹਫ਼ਤਾ ਬੀਤਣ ਮਗਰੋਂ ਹੀ ਨਵਜੋਤ ਸਿੱਧੂ ਨੇ ਅਸਤੀਫ਼ੇ ਵਰਗਾ ਕਦਮ ਚੁੱਕ ਲਿਆ ਹੈ। ਸੂਤਰਾਂ ਅਨੁਸਾਰ ਅਸਤੀਫ਼ੇ ਦੀ ਤਾਜ਼ਾ ਵਜ੍ਹਾ ਵਜ਼ੀਰਾਂ ਦੀ ਮਹਿਕਮਿਆਂ ਨੂੰ ਕੀਤੀ ਵੰਡ ਬਣੀ ਹੈ ਕਿਉਂਕਿ ਵਿਭਾਗੀ ਵੰਡ ਹੋਣ ਮਗਰੋਂ ਹੀ ਨਵਜੋਤ ਸਿੱਧੂ ਨੇ ਇਹ ਕਦਮ ਚੁੱਕਿਆ ਹੈ। ਚਰਚੇ ਹਨ ਕਿ ਨਵਜੋਤ ਸਿੱਧੂ ਗ੍ਰਹਿ ਵਿਭਾਗ ਸੁਖਜਿੰਦਰ ਸਿੰਘ ਰੰਧਾਵਾ ਨੂੰ ਸੌਂਪੇ ਜਾਣ ਤੋਂ ਨਾਰਾਜ਼ ਹਨ ਅਤੇ ਉਪਰੋਂ ਬ੍ਰਹਮ ਮਹਿੰਦਰਾ ਨੂੰ ਸਥਾਨਕ ਸਰਕਾਰਾਂ ਵਿਭਾਗ ਮੁੜ ਦਿੱਤੇ ਜਾਣ ਤੋਂ ਔਖੇ ਹਨ। ਰਾਣਾ ਗੁਰਜੀਤ ਦੀ ਕੈਬਨਿਟ ’ਚ ਸ਼ਮੂਲੀਅਤ ਦੇ ਵੀ

**(ਬਾਕੀ ਸਫਾ 9 ‘ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg (CA) Gurughar's coming programs

**Sri Guru Ravidass Sabha Pittsburg (CA) will celebrate "Congratulations Day" on the elevation of S. Charanjit Singh Channi as the New Punjab Chief Minister of Punjab on Sunday, October 3, 2021**

**October 3, 2021**

**Sukhmani Sahib Path by the New Committee**

10-03-2021 Sukhmani Sahib Path by the New Committee (Newly formed committee) will be hosting Sukhmani Sahib Path and Lager Sewa to thank Guru Maharaj for granting them this Sewa. Raghi Jatha will be Bhai Satnam Singh from Gurdwara Sahib San Jose

**October 10, 2021**

**Barsi of Hazoor Shri Nabh Kanwal Raja Sahib**

Dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 81st Barsi. Akhand path will begin on 10-08-2021, Friday at 10:00 AM, and conclude on Sunday 10-10-2021.RaggiJathas will be coming to delight Sangat with Shabad Kirtan. May Akal Purakh bless HIS devotees.

**October 17, 2021**

**Barsi of Master Gurbachan Singh Ji**

Bhai Kanwaljit Singh and family will be hosting Sukhmani Sahib path and Langar Sewa on the occasion of their fathers first Barsi.Family is asking Sangat to join them in the Ardass.

**November 4, 2021 Diwali Celebration**

Diwali will be celebrated in the Gurughar at 6:00 pm on November 4, 2021. Sukhmani Sahib Path and Langar Sewa will be hosted by Ramesh Suman, Gyan Suman and family.Please come and enjoy festivities after Gurbani Kirtan and Ardass for the entire Sangat.

## 2021-2022 Committee of Sri Guru Ravidass Sabha Pittsburg (CA)



**EXECUTIVE COMMITTEE**

Kulwant Kaur Banga (Chairperson), Surinder Rattu (Vice-Chairman), Jagtar Singh Bhatia (President), Harmesh Bangar (Vice President), Harbans Kalu (2nd Vice President), Abhishek Pal Narabut (General Secretary), Naresh Kumar (Assistant Secretary), Joginder Singh (2nd Assistant Secretary), Sunita K. Singh (Treasurer), Vinod Kumar Jakhu (Assistant Treasurer).

**ADVISORY COMMITTEE**

Ramesh Suman, O.P. Balley, Balbir Mall, Jagdev Ram, Jaila Jaggi

**BOARD OF DIRECTORS**

Ashok Kumar Ralh, Dharam Pal Chonkria, Gurnam Singh Rattu, Gyan Suman, Harbans Singh Rattu, Kashmiri Bhatia, Major Bhatia, Paras Ram, Prem Lal Saroay, Santokh Madhar, Shinder Paul Narabut

**CO OPT MEMBERS**


Baksho Jaggi, Salinder Singh Bhatia, Simer Kaur, Satya Dass

**LEGAL COMMITTEE**

Shashi K Paul, Ajay Pal Ram

# ਨਵੀਂ ਵਜ਼ਾਰਤ ’ਚ ਦੁਆਬੇ ਦੇ ਐਸ.ਸੀ.ਸਮਾਜ ਨੂੰ ਫਿਰ ਕੀਤਾ ਨਜ਼ਰਅੰਦਾਜ਼

## ਕਦੀ ਸਰਕਾਰ ’ਚ ਦੁਆਬੇ ਦੇ ਐਸ.ਸੀ.ਮੰਤਰੀਆਂ ਦੀ ਹੁੰਦੀ ਸੀ ਚੜ੍ਹਤ


ਓ ਪੀ ਸੋਨੀ
ਡਿਪਟੀ ਮੁੱਖ ਮੰਤਰੀ


ਓ ਪੀ ਸੋਨੀ
ਡਿਪਟੀ ਮੁੱਖ ਮੰਤਰੀ


ਚਰਨਜੀਤ ਸਿੰਘ ਚੰਨੀ
ਮੁੱਖ ਮੰਤਰੀ, ਪੰਜਾਬ

**ਜਲੰਧਰ–** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਨਵੀਂ ਵਜ਼ਾਰਤ ’ਚ ਦੁਆਬੇ ਦੇ ਐਸ. ਸੀ. ਸਮਾਜ ਨੂੰ ਇਕ ਵਾਰ ਫਿਰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਸਮੇਂ ਦੁਆਬੇ ਤੋਂ ਡਾ. ਰਾਜ ਕੁਮਾਰ ਚੱਬੇਵਾਲ, ਬਲਵਿੰਦਰ ਸਿੰਘ ਧਾਲੀਵਾਲ, ਪਵਨ ਆਦੀਆ, ਸੁਰਿੰਦਰ ਸਿੰਘ ਚੌਧਰੀ ਤੇ ਸੁਸ਼ੀਲ ਰਿੰਕੂ ਸਮੇਤ ਅੱਧੀ ਦਰਜਨ ਦੇ ਕਰੀਬ ਵਿਧਾਇਕ ਐਸ. ਸੀ. ਸਮਾਜ ਨਾਲ ਸਬੰਧਤ ਹਨ, ਪਰ ਇਸ ਦੇ ਬਾਵਜੂਦ ਮੁੱਖ ਮੰਤਰੀ ਵੱਲੋਂ ਕਿਸੇ ਵੀ ਐਸ. ਸੀ. ਵਿਧਾਇਕ ਨੂੰ ਮੰਤਰੀ ਨਹੀਂ ਬਣਾਇਆ ਗਿਆ। ਕਿਹਾ ਜਾ ਰਿਹਾ ਹੈ ਕਿ ਮੁੱਖ ਮੰਤਰੀ ਵੱਲੋਂ ਕਾਂਗਰਸ ਅੰਦਰਲੀ ਧੜੇਬੰਦੀ ਨੂੰ ਦੇਖਦੇ ਹੋਏ ਤੇ ਸੰਭਾਵੀ ਬਗਾਵਤ ਨੂੰ ਰੋਕਣ ਲਈ ਮੰਤਰੀ ਮੰਡਲ ’ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਜਾਂ ਫਿਰ ਉਹਨਾਂ ਦੇ ਧੜੇ ਨਾਲ ਸਬੰਧਤ ਕਈ ਵਿਧਾਇਕਾਂ ਨੂੰ ਤਾਂ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ ਗਿਆ ਹੈ, ਪਰ ਇਸ ਚੱਕਰ ’ਚ ਪਾਰਟੀ ਹਾਈਕਮਾਨ ਜਿੱਥੇ ਸਮਾਜਿਕ ਤਵਾਜ਼ਨ ਬਣਾਉਣ ’ਚ ਨਾਕਾਮ ਸਮਝੀ ਜਾ ਰਹੀ ਹੈ, ਉਥੇ ਦੁਆਬੇ ਦੇ ਐਸ. ਸੀ. ਸਮਾਜ ਦੀ ਅਣਦੇਖੀ ਦਾ ਮਾਮਲਾ ਵੀ ਆਉਣ ਵਾਲੇ ਦਿਨਾਂ ’ਚ ਭਖ ਸਕਦਾ ਹੈ। ਦੱਸਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਲਗਾਤਾਰ ਇਕ ਦਹਾਕੇ ਤੱਕ ਅਕਾਲੀ-ਭਾਜਪਾ ਸਰਕਾਰ ਦੇ ਸੱਤਾ ’ਤੇ ਕਾਬਜ਼ ਰਹਿਣ ਦਾ ਵੱਡਾ ਕਾਰਨ ਦੁਆਬੇ ਦੀ ਦਲਿਤ ਵੋਟ ਦਾ ਅਕਾਲੀ-ਭਾਜਪਾ ਪੱਖੀ ਹੋਣਾ ਹੀ ਦੱਸਿਆ ਜਾਂਦਾ ਰਿਹਾ ਹੈ ਤੇ ਸਾਲ 2017 ਦੀਆਂ ਚੋਣਾਂ ’ਚ ਵੀ ਦੁਆਬੇ ਦੀਆਂ ਅਕਾਲੀ ਦਲ ਦੇ ਖਾਤੇ ’ਚ ਗਈਆਂ 6 ਸੀਟਾਂ ’ਚੋਂ ਜ਼ਿਆਦਾਤਰ ਰਾਖਵੀਆਂ ਸੀਟਾਂ ’ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹੀ ਜੇਤੂ ਰਹੇ ਸਨ, ਜਿਸ ਤੋਂ ਸਾਫ ਹੈ ਕਿ ਦਲਿਤ ਸਮਾਜ ਦਾ ਵਧੇਰੇ ਝੁਕਾਅ ਅਕਾਲੀ ਦਲ ਪੱਖੀ ਰਿਹਾ ਹੈ, ਪਰ ਇਸ ਦੇ ਬਾਵਜੂਦ ਕਾਂਗਰਸ ਹਾਈਕਮਾਨ ਨੇ ਦੁਆਬੇ ਦੇ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਲਈ ਵਜ਼ਾਰਤ ’ਚ ਦੁਆਬੇ ਦੇ ਐਸ. ਸੀ. ਵਿਧਾਇਕਾਂ ਨੂੰ ਨੁਮਾਇੰਦਗੀ ਨਹੀਂ ਦਿੱਤੀ। ਇੱਥੇ ਹੀ ਬੱਸ ਨਹੀਂ ਪੰਜਾਬ ਦੀ ਸਿਆਸਤ ’ਚ ਇਕ ਅਜਿਹਾ ਸਮਾਂ ਵੀ ਸੀ ਕਿ ਕਾਂਗਰਸ ਦੀ ਵਜ਼ਾਰਤ ’ਚ ਦੁਆਬੇ ਦੇ ਐਸ. ਸੀ.

(ਬਾਕੀ ਸਫਾ 9 ‘ਤੇ)


Tript Rajinder Singh Bajwa
Rural Development & Panchayats, Animal Husbandry, Fisheries a nd Dairy Development


Manpreet Singh Badal
Finance, Taxation, Governance Reforms, Planning, Programme Implementation


Braham Mohindra
Local Government, Parliamentary Affairs, Elections, Removal of Grievances


Sukhbinder Singh Sarkaria
Water Resources, Housing & Urban Development


Pargat Singh
School Education, Higher Education, Sports & Youth Services, NRI Affairs


Rana Gurjit Singh
Technical Education & Industrial Training, Employment Generation & Training, Horticulture, Soil & Water Conservation


Raj Kumar Verka
Social Justice, Empowerment and Minorities, New and Renewable Energy Sources, Medical Education & Research


Sangat Singh Gilzian
Forests, Wild Life, Labour


Vijay Inder Singla
Public Works, Administrative Reforms.


Bharat Bhushan Ashu
Food, Civil Supplies and Consumer Affairs


Randeep Singh Nabha
Agriculture and Farmers' Welfare, Food Processing


Aruna Chaudhary
Revenue, Rehabilitation and Disaster Management.


Amarinder Singh Raja Warring
Transport


Gurkirat Singh Kotli
Industries & Commerce, Information Technology, Science & Technology


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਯੂ ਐਸ ਏ ਖਬਰਨਾਮਾ (ਹੁਸਨ ਲੜੋਆ ਬੰਗਾ)

# ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ

## ਭਾਰਤ ਅਮਰੀਕਾ ਦਾ ਬਹੁਤ ਮਹੱਤਵਪੂਰਨ ਭਾਈਵਾਲ ਹੈ-ਹੈਰਿਸ

**ਹੁਸਨ ਲੜੋਆ ਬੰਗਾ**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਿੰਨ ਦਿਨਾਂ ਲਈ ਅਮਰੀਕਾ ਫੇਰੀ ਤੇ ਹਨ, ਉਨ੍ਹਾਂ ਦਾ ਇਥੇ ਪਹੁੰਚਣ ਤੇ ਅਮਰੀਕੀ ਉਪ ਰਾਸ਼ਟਰਪਤੀ ਅਮਰੀਕੀ ਅਧਿਕਾਰੀਆਂ ਤੇ ਭਾਰਤੀ ਭਾਈਚਾਰੇ ਵਲੋਂ ਭਰਵਾਂ ਸਵਾਗਤ ਹੋਇਆ, ਇਸ ਦੌਰਾਨ ਇਕ ਮਹੱਤਵਪੂਰਨ ਸਾਂਝਾ ਬਿਆਨ ਜਾਰੀ ਕੀਤਾ ਗਿਆ । ਅਮਰੀਕਾ ਭਾਰਤ ਨੂੰ ਬਹੁਤ ਮਹੱਤਵਪੂਰਨ ਭਾਈਵਾਲ ਦੱਸਦੇ ਹੋਏ ਅਮਰੀਕਾ ਦੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੇ ਇੱਕ ਦੂਜੇ ਨਾਲ ਇੰਡੋ ਪੈਸੀਫਿਕ ਖੇਤਰ ਲਈ ਆਪਸੀ ਵਿਸ਼ਵਾਸ ਸਾਂਝਾ ਕੀਤਾ ਹੈ। ਹੈਰਿਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਹ ਸਾਂਝੇ ਬਿਆਨ ਦੌਰਾਨ ਉਕਤ ਬਿਆਨ ਦਿੰਦਿਆਂ ਕਿਹਾ ਕਿ ਭਾਰਤ ਅਮਰੀਕਾ ਦਾ ਬਹੁਤ ਮਹੱਤਵਪੂਰਨ ਸਾਥੀ ਹੈ, ਕੋਵਿਡ -19 ਦੌਰਾਨ ਸੰਕਟ ਦੀ ਘੜੀ 'ਚ ਅਸੀਂ ਇੱਕ ਦੂਸਰੇ ਨਾਲ ਖੜੇ ਰਹੇ, ਕੋਵਿਡ -19 'ਤੇ, ਅਸੀਂ ਦੋਨਾਂ ਰਾਸ਼ਟਰਾਂ ਨੇ ਮਿਲ ਕੇ ਕੰਮ ਕੀਤਾ ਹੈ। ਮਹਾਂਮਾਰੀ ਦੌਰਾਨ, ਭਾਰਤ ਦੂਜੇ ਦੇਸ਼ਾਂ ਲਈ ਟੀਕਿਆਂ ਦਾ ਇੱਕ ਮਹੱਤਵਪੂਰਣ ਸਰੋਤ ਸੀ। ਉਨ੍ਹਾਂ ਹੋਰ ਵੀ ਕਿਹਾ ਕਿ "ਜਦੋਂ ਅਸੀਂ ਭਾਰਤ ਵਿੱਚ ਕੋਵਿਡ ਦੇ ਵਾਧੇ ਦਾ ਅਨੁਭਵ ਕੀਤਾ, ਭਾਰਤੀ ਲੋਕਾਂ ਨੂੰ ਟੀਕਾਕਰਣ ਦੀ ਜ਼ਿੰਮੇਵਾਰੀ ਵਿੱਚ ਭਾਰਤ ਦਾ ਸਮਰਥਨ ਕਰਨ ਵਿੱਚ ਅਮਰੀਕਾ ਨੂੰ ਮਾਣ ਮਹਿਸੂਸ ਹੋਇਆ।





ਇਸ ਦੌਰਾਨ, ਮੋਦੀ ਨੇ ਵੀ ਅਮਰੀਕਾ ਦਾ ਦੂਜੀ ਲਹਿਰ ਨਾਲ ਪ੍ਰਭਾਵਿਤ ਹੋਣ 'ਤੇ ਭਾਰਤ ਨੂੰ ਦਿੱਤੀ ਸਹਾਇਤਾ ਲਈ ਧੰਨਵਾਦ ਕੀਤਾ। ਮੋਦੀ ਨੇ ਇਸ ਦੌਰਾਨ ਕਿਹਾ ਕਿ 'ਤੁਸੀਂ ਮੇਰੇ ਅਤੇ ਮੇਰੇ ਪ੍ਰਤੀਨਿਧੀ ਮੰਡਲ ਦਾ ਜੋ ਨਿੱਘਾ ਸਵਾਗਤ ਕੀਤਾ ਹੈ, ਉਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਕੁਝ ਮਹੀਨੇ ਪਹਿਲਾਂ, ਸਾਨੂੰ ਇੱਕ ਦੂਜੇ ਨਾਲ ਫ਼ੋਨ 'ਤੇ ਗੱਲ ਕਰਨ ਦਾ ਮੌਕਾ ਮਿਲਿਆ ਸੀ। ਸਾਡੀ ਉਸ ਸਮੇਂ ਵਿਸਥਾਰ ਪੂਰਵਕ ਗੱਲਬਾਤ ਹੋਈ ਸੀ ਜਿਸ ਤਰੀਕੇ ਨਾਲ ਤੁਸੀਂ ਗੱਲ ਕੀਤੀ ਸੀ। ਮੈਂ ਹਮੇਸ਼ਾ ਇਸ ਨੂੰ ਯਾਦ ਰੱਖਾਂਗਾ, 'ਮੋਦੀ ਨੇ ਦੋਵਾਂ ਨੇਤਾਵਾਂ ਦੀ ਮੁਲਾਕਾਤ ਤੋਂ ਬਾਅਦ ਹੈਰਿਸ ਨਾਲ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਕਿਹਾ। ਉਹਨਾਂ ਕਿਹਾ, ਇਹ ਬਹੁਤ ਹੀ ਮੁਸ਼ਕਲ ਸਮਾਂ ਸੀ ਜਦੋਂ ਭਾਰਤ ਕੋਵਿਡ -19 ਦੀ ਦੂਜੀ ਲਹਿਰ ਨਾਲ ਪ੍ਰਭਾਵਿਤ ਹੋਇਆ ਸੀ। ਜਿਸ ਤਰਾਂ ਤੁਸੀਂ ਚਿੰਤਾ ਜ਼ਾਹਰ ਕੀਤੀ ਅਤੇ ਸਹਾਇਤਾ ਦਾ ਹੱਥ ਵਧਾਇਆ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਤੁਹਾਡਾ ਧੰਨਵਾਦ ਕਰਨਾ ਚਾਹਾਂਗਾ। ਭਾਰਤ ਅਤੇ ਅਮਰੀਕਾ "ਕੁਦਰਤੀ ਭਾਈਵਾਲ" ਹੋਣ ਬਾਰੇ ਦੱਸਦੇ ਹੋਏ ਮੋਦੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਦੇ ਸਮਾਨ ਮੁੱਲ, ਭੂ -ਰਾਜਨੀਤਿਕ ਹਿੱਤ ਹਨ ਅਤੇ ਸਾਡਾ ਤਾਲਮੇਲ ਅਤੇ ਸਹਿਯੋਗ ਵੀ ਵਧ ਰਿਹਾ ਹੈ। ਉਹਨਾਂ ਕਿਹਾ, "ਭਾਰਤ ਅਤੇ ਅਮਰੀਕਾ ਦਰਮਿਆਨ ਲੋਕਾਂ ਅਤੇ ਲੋਕਾਂ ਦਰਮਿਆਨ ਮਜ਼ਬੂਤ ਅਤੇ ਮਜ਼ਬੂਤ ਸੰਪਰਕ ਸਾਡੇ ਦੋਵਾਂ ਦੇਸ਼ਾਂ ਦੇ ਵਿਚਕਾਰ ਇੱਕ ਪੁਲ ਹੈ, ਉਹਨਾਂ ਦਾ ਯੋਗਦਾਨ ਸ਼ਲਾਘਾਯੋਗ ਹੈ।" ਉਹਨਾਂ ਕਿਹਾ, 'ਯੂਐਸਏ ਦੇ ਉਪ ਰਾਸ਼ਟਰਪਤੀ ਵਜੋਂ ਤੁਹਾਡੀ ਚੋਣ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਘਟਨਾ ਰਹੀ ਹੈ। ਤੁਸੀਂ ਦੁਨੀਆ ਭਰ ਦੇ ਬਹੁਤ ਸਾਰੇ ਲੋਕਾਂ ਲਈ ਪ੍ਰੇਰਨਾ ਸਰੋਤ ਹੋ। ਮੈਨੂੰ ਵਿਸ਼ਵਾਸ ਹੈ ਕਿ ਰਾਸ਼ਟਰਪਤੀ ਬਿਡੇਨ ਅਤੇ ਤੁਹਾਡੀ ਅਗਵਾਈ ਵਿੱਚ ਸਾਡੇ ਦੁਵੱਲੇ ਸਬੰਧ ਨਵੀਆਂ ਉਚਾਈਆਂ ਨੂੰ ਛੂਹਣਗੇ।

ਅਮਰੀਕਾ ਰਵਾਨਾ ਹੋਣ ਤੋਂ ਪਹਿਲਾਂ ਇੱਕ ਬਿਆਨ ਵਿੱਚ, ਮੋਦੀ ਨੇ ਕਿਹਾ ਸੀ ਕਿ ਉਹ ਹੈਰੀਸ ਨੂੰ ਮਿਲਣ ਦੀ ਉਮੀਦ ਕਰ ਰਹੇ ਹਨ ਤਾਂ ਜੋ ਦੋਵਾਂ ਦੇਸ਼ਾਂ ਦੇ ਵਿੱਚ ਸਹਿਯੋਗ ਦੇ ਮੌਕਿਆਂ ਦੀ ਖੋਜ ਕੀਤੀ ਜਾ ਸਕੇ, ਖਾਸ ਕਰਕੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ। ਇਸ ਤੋਂ ਪਹਿਲਾਂ ਦਿਨ ਵਿੱਚ, ਮੋਦੀ ਨੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨਾਲ ਮੁਲਾਕਾਤ ਕੀਤੀ ਅਤੇ ਭਾਰਤ ਵਿੱਚ ਸੰਭਾਵਿਤ ਨਿਵੇਸ਼ ਲਈ ਪੰਜ ਗਲੋਬਲ ਸੀਈਓਜ਼ ਨਾਲ ਮੀਟਿੰਗਾਂ ਕੀਤੀਆਂ। ਇਹ ਗੱਲਬਾਤ ਉਹਨਾਂ ਮੀਟਿੰਗਾਂ ਦੀ ਲੜੀ ਦਾ ਹਿੱਸਾ ਸੀ ਜੋ ਮੋਦੀ ਨੇ ਉਹਨਾਂ ਕਾਰਪੋਰੇਟਾਂ ਦੇ ਚੋਣਵੇਂ ਮੁਖੀਆਂ ਨਾਲ ਕੀਤੀ ਜਿਹਨਾਂ ਦੇ ਭਾਰਤ ਵਿੱਚ ਮਹੱਤਵਪੂਰਨ ਨਿਵੇਸ਼ ਦੀ ਸਮਰੱਥਾ ਹੈ।

ਬਿਡੇਨ ਵਾਈਟ ਹਾਉਸ ਵਿੱਚ 24 ਸਤੰਬਰ ਨੂੰ ਮੋਦੀ ਦੀ ਮੇਜ਼ਬਾਨੀ ਕਰਨਗੇ। ਬਿਡੇਨ ਦਾ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਦੋਵਾਂ ਨੇਤਾਵਾਂ ਦਰਮਿਆਨ ਪਹਿਲੀ ਵਿਅਕਤੀਗਤ ਮੁਲਾਕਾਤ ਹੋਵੇਗੀ। ਮੋਦੀ ਦਾ ਯੂ.ਐਸ. ਦੌਰਾ 25 ਸਤੰਬਰ ਨੂੰ ਸਮਾਪਤ ਹੋਵੇਗਾ, ਮੋਦੀ ਸਤੰਬਰ 25 ਨੂੰ ਸੰਯੁਕਤ ਰਾਸ਼ਟਰ ਮਹਾ ਸਭਾ ਵਿੱਚ ਸੰਬੋਧਨ ਕਰਨਗੇ, ਜਿਸ ਵਿੱਚ ਕੋਵਿਡ -19 ਮਹਾਂਮਾਰੀ, ਅੱਤਵਾਦ ਨਾਲ ਲੜਨ ਦੀ ਜ਼ਰੂਰਤ, ਜਲਵਾਯੂ ਤਬਦੀਲੀ ਅਤੇ ਹੋਰ ਮਹੱਤਵਪੂਰਣ ਮੁੱਦਿਆਂ ਸਮੇਤ ਵਿਸ਼ਵ-ਵਿਆਪੀ ਚੁਣੌਤੀਆਂ 'ਤੇ ਧਿਆਨ ਕੇਂਦਰਤ ਹੋਵੇਗਾ। ਕੋਵਿਡ -19 ਮਹਾਂਮਾਰੀ ਦੇ ਫੈਲਣ ਤੋਂ ਬਾਅਦ ਬਾਹਰ ਮੋਦੀ ਦੀ ਇਹ ਪਹਿਲੀ ਵਿਦੇਸ਼ ਯਾਤਰਾ ਹੈ। ਉਹਨਾਂ ਦੇ ਨਾਲ ਇੱਕ ਉੱਚ ਪੱਧਰੀ ਵਫ਼ਦ ਹੈ ਜਿਸ ਵਿੱਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਵਿਦੇਸ਼ ਸਕੱਤਰ ਹਰਸ਼ਵਰਧਨ ਸ਼ਿੰਗਲਾ ਅਤੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹਨ।

# ਵਾਸ਼ਿੰਗਟਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਰਤੀ ਭਾਈਚਾਰੇ ਵੱਲੋਂ ਸ਼ਾਨਦਾਰ ਸਵਾਗਤ


## ਪ੍ਰਧਾਨ ਮੰਤਰੀ ਨੇ ਲੋਕਾਂ ਨਾਲ ਹੱਥ ਮਿਲਾਇਆ ਤੇ ਹਾਲ ਚਾਲ ਪੁੱਛਿਆ

**ਸੈਕਰਾਮੈਂਟੋ 24 ਸਤੰਬਰ-** ਅਮਰੀਕਾ ਦੇ 3 ਦਿਨਾ ਦੌਰੇ ਉਪਰ ਆਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਾਸ਼ਿੰਗਟਨ, ਡੀ ਸੀ ਵਿਚ ਜੋਆਇੰਟ ਬੇਸ ਐਂਡਰੀਊਜ ਵਿਖੇ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ। ਲੋਕਾਂ ਨੇ ਹੱਥਾਂ ਵਿਚ ਭਾਰਤੀ ਝੰਡੇ ਫੜੇ ਹੋਏ ਸਨ ਤੇ ਉਹ ਮੋਦੀ- ਮੋਦੀ ਕਹਿਕੇ ਪ੍ਰਧਾਨ ਮੰਤਰੀ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਇਜਹਾਰ ਕਰ ਰਹੇ ਸਨ। ਇਸ ਮੌਕੇ ਹਲਕੀ ਬੂੰਦਾ ਬਾਂਦੀ ਹੋ ਰਹੀ ਸੀ ਪਰ ਭਾਰਤੀਆਂ ਦੇ ਉਤਸ਼ਾਹ ਵਿਚ ਕੋਈ ਕਮੀ ਨਜਰ ਨਹੀਂ ਆਈ। ਪ੍ਰਧਾਨ ਮੰਤਰੀ ਕਾਰਾਂ ਦੇ ਕਾਫਲੇ ਨੂੰ ਰੁਕਵਾ ਕੇ ਆਪਣੀ ਕਾਰ ਵਿਚੋਂ ਉਤਰੇ ਤੇ ਉਨ੍ਹਾਂ ਨੇ ਸੜਕ ਕੰਢੇ ਖੜੇ ਲੋਕਾਂ ਨਾਲ ਹੱਥ ਮਿਲਾਇਆ ਤੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ। ਉਹ ਸਾਰਾ ਸਮਾਂ ਮੁਸਕਰਾਉਂਦੇ ਰਹੇ। ਇਸ ਮੌਕੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਮੀਂਹ ਦੀ ਪਰਵਾਹ ਨਹੀਂ ਹੈ। ਅਸੀਂ ਪ੍ਰਧਾਨ ਮੰਤਰੀ ਨੂੰ ਮਿਲਣਾ ਚਹੁੰਦੇ ਸੀ ਤੇ ਸਾਡੀ ਇਹ ਇੱਛਾ ਪੂਰੀ ਹੋਣ 'ਤੇ ਅਸੀਂ ਬਹੁਤ ਖੁਸ਼ ਮਹਿਸੂਸ ਕਰ ਰਹੇ ਹਾਂ। ਅਫਗਾਨਿਸਤਾਨ ਵਿਚ ਪੈਦਾ ਹੋਏ ਨਵੇਂ ਸੰਕਟ ਦੇ ਮੱਦੇਨਜਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਦੌਰਾ ਬਹੁਤ ਅਹਿਮ ਸਮਝਿਆ ਜਾਂਦਾ ਹੈ। ਇਸ ਦੌਰੇ ਦੌਰਾਨ ਅਫਗਾਨਿਸਤਾਨ ਦੇ ਮੁੱਦੇ 'ਤੇ ਦੋਨਾਂ ਦੇਸ਼ਾਂ ਵਿਚਾਲੇ ਇਕ ਸਾਂਝੀ ਰਾਏ ਬਣਨ ਦੀ ਸੰਭਾਵਨਾ ਕੀਤੀ ਜਾ ਰਹੀ ਹੈ।



ਅਮਰੀਕਾ ਚਹੁੰਦਾ ਹੈ ਕਿ ਭਾਰਤ ਅਫਗਾਨਿਸਤਾਨ ਨਾਲ ਆਪਣੇ ਸਬੰਧ ਕਾਇਮ ਰਖੇ ਤਾਂ ਜੋ ਅੱਤਵਾਦੀ ਮੌਕੇ ਦਾ ਫਾਇਦਾ ਨਾ ਉਠਾ ਸਕਣ।

# ਅਮਰੀਕਾ ਵਿਚ ਇਕ ਗਰੌਸਰੀ ਸਟੋਰ ਅੰਦਰ ਚੱਲੀ ਗੋਲੀ ਵਿਚ ਹਮਲਾਵਰ ਸਮੇਤ 2 ਮੌਤਾਂ, 12 ਜ਼ਖਮੀ



**ਸੈਕਰਾਮੈਂਟੋ 24 ਸਤੰਬਰ-** ਅਮਰੀਕਾ ਦੇ ਟੇਨੇਸੀ ਰਾਜ ਵਿਚ ਕੋਲੀਰਵਿਲੇ ਵਿਖੇ ਇਕ ਗਰੌਸਰੀ ਸਟੋਰ ਵਿਖੇ ਇਕ ਅਣਪਛਾਤੇ ਹਮਲਾਵਰ ਵੱਲੋਂ ਚਲੀਆਂ ਗੋਲੀਆਂ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਤੇ 12 ਹੋਰ ਜ਼ਖਮੀ ਹੋ ਗਏ। ਹਮਲਵਾਰ ਖੁਦ ਵੀ ਮਾਰਿਆ ਗਿਆ। ਪੁਲਿਸ ਅਨੁਸਾਰ ਲੱਗਦਾ ਹੈ ਕਿ ਹਮਲਾਵਰ ਨੇ ਗੋਲੀਆਂ ਚਲਾਉਣ ਉਪਰੰਤ ਖੁਦ ਹੀ ਆਪਣੇ ਆਪ ਨੂੰ ਗੋਲੀ ਮਾਰੀ ਹੈ। ਖੇਤਰੀ ਸਿਹਤ ਕੇਂਦਰ ਦੇ ਬੁਲਾਰੇ ਅਨੁਸਾਰ ਜ਼ਖਮੀਆਂ ਵਿਚੋਂ 4 ਦੀ ਹਾਲਤ ਗੰਭੀਰ ਹੈ।

ਮੌਕੇ ਦੇ ਗਵਾਹਾਂ ਤੇ ਗਾਹਕਾਂ ਅਨੁਸਾਰ ਗੋਲੀਆਂ ਕਰੋਗਰ ਗਰੌਸਰੀ ਸਟੋਰ ਦੇ ਅੰਦਰ ਚੱਲੀਆਂ ਹਨ ਤੇ ਗੋਲੀ ਚੱਲਣ ਉਪਰੰਤ ਸਟੋਰ ਅੰਦਰ ਹਫੜਾ ਦਫੜੀ ਮੱਚ ਗਈ ਤੇ ਲੋਕਾਂ ਨੇ ਇਧਰ ਉਧਰ ਭੱਜਣਾ ਸ਼ੁਰੂ ਕਰ ਦਿੱਤਾ। ਪੁਲਿਸ ਮੁੱਖੀ ਡੇਲ ਲੇਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਨੇ ਮੌਕੇ ਉਪਰ ਜਾ ਕੇ ਫਰੀਜ਼ਰਾਂ ਵਿਚ ਤੇ ਹੋਰ ਥਾਵਾਂ 'ਤੇ ਲੁਕੇ ਲੋਕਾਂ ਨੂੰ ਬਾਹਰ ਕੱਢਿਆ। ਉਨ੍ਹਾਂ ਕਿਹਾ ਕਿ ਇਹ ਬਹੁਤ ਭਿਆਨਕ ਹੈ, ਇਥੇ ਬਹੁਤ ਵਧੀਆ ਲੋਕ ਰਹਿੰਦੇ ਹਨ ਜੋ ਕੁਝ ਵੀ ਵਾਪਰਿਆ ਹੈ ਉਹ ਬਹੁਤ ਘਿਣਾਉਣਾ ਤੇ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਜਿਸ ਸਮੇ ਗੋਲੀ ਚੱਲਣ ਦੀ ਘਟਨਾ ਵਾਪਰੀ ਉਸ ਵੇਲੇ ਸੋਟਰ ਦੇ ਅੰਦਰ 44 ਮੁਲਾਜ਼ਮ ਕੰਮ ਕਰ ਰਹੇ ਸਨ। ਕੁਝ ਮੁਲਾਜ਼ਮਾਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤਾਂ ਉਹ ਸਭ ਕੁਝ ਅੰਦਰ ਛੱਡ ਕੇ ਬਾਹਰ ਨੂੰ ਭੱਜੇ। ਉਨ੍ਹਾਂ ਦੱਸਿਆ ਕਿ ਚੰਗੇ ਭਾਗੀਂ ਉਹ ਜ਼ਖਮੀ ਨਹੀਂ ਹੋਏ ਪਰੰਤੂ ਮੰਨ ਅੰਦਰ ਇਕ ਡਰ ਜਰੂਰ ਪੈਦਾ ਹੋ ਗਿਆ ਹੈ। ਇਥੇ ਜਿਕਰਯੋਗ ਹੈ ਕਿ ਕੋਲੀਰਵਿਲੇ ਇਕ ਨੀਮ ਸ਼ਹਿਰੀ ਖੇਤਰ ਵਜੋਂ ਵਿਕਸਤ ਹੋ ਰਿਹਾ ਹੈ ਜਿਥੇ 51000 ਤੋਂ ਵਧ ਲੋਕ ਰਹਿੰਦੇ ਹਨ।



# ਵਾਸ਼ਿੰਗਟਨ ਦੇ ਨਰਸਿੰਗ ਸੈਂਟਰ ਵਿਚ ਇਕ ਮਹੀਨੇ ਦੌਰਾਨ ਕੋਵਿਡ-19 ਕਾਰਨ 5 ਮੌਤਾਂ, 74 ਬਿਮਾਰ

**ਸੈਕਰਾਮੈਂਟੋ 24 ਸਤੰਬਰ-** ਕੋਲਵਿਲੇ, ਵਾਸ਼ਿੰਗਟਨ ਦੇ ਪਾਈਨਵੁੱਡ ਟੈਰੇਸ ਨਰਸਿੰਗ ਸੈਂਟਰ ਵਿਚ ਪਿਛਲੇ 30 ਦਿਨਾਂ ਦੌਰਾਨ ਕੋਵਿਡ-19 ਕਾਰਨ 5 ਮੌਤਾਂ ਹੋ ਚੁੱਕੀਆਂ ਹਨ ਤੇ 74 ਵਿਅਕਤੀ ਬਿਮਾਰ ਹੋਏ ਹਨ ਜਿਨਾਂ ਦਾ ਇਲਾਜ਼ ਚੱਲ ਰਿਹਾ ਹੈ। ਇਨਾਂ ਵਿਚ 22 ਸਟਾਫ ਮੈਂਬਰ ਹਨ ਤੇ 52 ਨਰਸਿੰਗ ਸੈਂਟਰ ਵਿਚ ਰਹਿੰਦੇ ਹੋਰ ਲੋਕ ਸ਼ਾਮਿਲ ਹਨ। ਬਿਮਾਰ 74 ਵਿਅਕਤੀਆਂ ਵਿਚੋਂ 33 ਦਾ ਮੁਕੰਮਲ ਰੂਪ ਵਿਚ ਕੋਵਿਡ ਟੀਕਾਕਰਣ ਹੋ ਚੁੱਕਾ ਹੈ ਤੇ ਜੋ 5 ਮੌਤਾਂ ਹੋਈਆਂ ਹਨ, ਉਨ੍ਹਾਂ ਵਿਚੋਂ ਇਕ ਵਿਅਕਤੀ ਦਾ ਵੀ ਮੁਕੰਮਲ ਟੀਕਾਕਰਣ ਹੋ ਚੁੱਕਾ ਸੀ। ਇਹ ਜਾਣਕਾਰੀ ਨਾਰਥ ਈਸਟ ਟਰਾਈ-ਕਾਊਂਟੀ ਹੈਲਥ ਡਿਸਟੈਰਿਕਟ ਦੇ ਅਧਿਕਾਰੀਆਂ ਨੇ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਇਸ ਨਰਿੰਸਗ ਸੈਂਟਰ ਵਿਚ ਪਹਿਲੇ ਕੋਵਿਡ ਮਾਮਲੇ ਦੀ ਪੁਸ਼ਟੀ ਪਿਛਲੇ ਮਹੀਨੇ 25 ਅਗਸਤ ਨੂੰ ਹੋਈ ਸੀ। ਇਕ ਮਹੀਨੇ ਦੌਰਾਨ ਹੀ ਨਰਸਿੰਗ ਸੈਂਟਰ ਬਹੁਤ ਬੁਰੀ ਤਰਾਂ ਕੋਵਿਡ -19 ਦੀ ਗੈਰਿਫਤ ਵਿਚ ਆ ਗਿਆ। ਕਾਊਂਟੀ ਦੇ ਬੁਲਾਰੇ ਨੇ ਕਿਹਾ ਹੈ ਕਿ ਇਸ ਤੋਂ ਭਲੀਭਾਂਤ ਜਾਣਕਾਰੀ ਹੋ ਜਾਣੀ ਚਾਹੀਦੀ ਹੈ ਕਿ ਕੋਵਿਡ-19 ਦਾ ਡੈਲਟਾ ਵਾਇਰਸ ਕਿੰਨਾ ਖਤਰਨਾਕ ਹੈ। ਸਿਹਤ ਅਧਿਕਾਰੀਆਂ ਅਨੁਸਾਰ ਟਰਾਈ ਕਾਊਂਟੀ ਹੈਲਥ ਜਿਸ ਤਹਿਤ ਫੈਰੀ, ਪੈਂਡ ਓਰੀਲ ਤੇ ਸਟੈਵਨਜ ਕਾਊਂਟੀ ਆਉਂਦੀ ਹੈ, ਵਿਚ ਇਸ ਸਮੇਂ ਕੋਵਿਡ-19 ਦੇ ਕੁਲ 5,965 ਪੌਜ਼ਟਿਵ ਮਾਮਲੇ ਹਨ। ਪਾਈਨਵੁੱਡ ਟੈਰੇਸ ਸਟੈਵਨਜ ਕਾਊਂਟੀ ਵਿਚ ਹੈ ਜਿਥੇ ਸਭ ਤੋਂ ਵਧ ਪੌਜ਼ਟਿਵ ਮਾਮਲੇ ਹਨ। ਪਹਿਲੀ ਸਤੰਬਰ ਤੋਂ ਬਾਅਦ ਇਥੇ ਕੋਵਿਡ ਕਾਰਨ 35 ਲੋਕ ਮੌਤ ਦੇ ਮੂੰਹ ਵਿਚ ਜਾ ਪਏ ਹਨ। ਸਿਹਤ ਅਧਿਕਾਰੀਆਂ ਨੇ ਜਾਰੀ ਬਿਆਨ ਵਿਚ ਲੋਕਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਕੋਵਿਡ ਅੱਗੇ ਉਮਰ, ਲਿੰਗ ਜਾਂ ਚੰਗੀ ਸਿਹਤ ਦਾ ਕੋਈ ਅਰਥ ਨਹੀਂ ਹੈ। ਇਹ ਕਿਸੇ ਨੂੰ ਵੀ ਆਪਣੀ ਲਪੇਟ ਵਿਚ ਲੈ ਸਕਦਾ ਹੈ। ਇਸ ਲਈ ਸਾਨੂੰ ਖੁਦ ਹੀ ਆਪਣਾ ਬਚਾਅ ਕਰਨਾ ਪਵੇਗਾ।



# ਦੋ ਸਭ ਤੋਂ ਵੱਡੇ ਲੋਕਤੰਤਰਾਂ ਵਿਚਕਾਰ ਸਬੰਧ ਹੋਰ ਮਜ਼ਬੂਤ ਤੇ ਨਜ਼ਦੀਕ ਹੋਣੇ ਚਾਹੀਦੇ ਹਨ - ਬਾਈਡਨ

## ਦੋਵੇਂ ਦੇਸ਼ ਵੱਡੀਆਂ ਚੁਣੌਤੀਆਂ ਨੂੰ ਹਰਾ ਸਕਦੇ ਹਨ-ਮੋਦੀ ਵਾਈਟ ਹਾਊਸ ਵਿਖੇ ਦੋਵਾਂ ਆਗੂਆਂ ਵਿਚਾਲੇ ਇਕ ਘੰਟੇ ਤੋਂ ਵੱਧ ਚੱਲੀ ਗੱਲਬਾਤ ਕੋਵਿਡ ਤੇ ਜਲਵਾਯੂ ਤਬਦੀਲੀ ਰਹੇ ਅਹਿਮ ਮੁੱਦੇ . ਕਿਸਾਨ ਹਿਤੈਸ਼ੀ ਅਮਰੀਕੀ ਭਾਰਤੀਆਂ ਵੱਲੋਂ ਮੋਦੀ ਦਾ ਕਈ ਥਾਂਈਂ ਵਿਰੋਧ

**ਵਾਸਿੰਗਟਨ/ ਫਰਿਜ਼ਨੋ (ਅਮਰੀਕਾ) 25 ਸਤੰਬਰ-** ਸੰਯੁਕਤ ਰਾਸ਼ਟਰ ਦੇ ਸਿਖਰ ਸੰਮੇਲਨ ਨੂੰ ਸੰਬੋਧਨ ਕਰਨ ਲਈ ਅਮਰੀਕਾ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿੱਥੇ ਵੱਡੀਆਂ ਕੰਪਨੀਆਂ ਦੇ ਸੀ ਈ ਓ ਨਾਲ ਮੁਲਾਕਾਤਾਂ ਕਰ ਰਹੇ ਹਨ, ਉੱਥੇ ਉਹਨਾਂ ਅਮਰੀਕਾ ਦੀ ਉੱਪ ਰਾਸ਼ਟਰਪਤੀ ਕਮਲੀ ਹੈਰਿਸ ਨਾਲ ਵੀ ਗੱਲਬਾਤ ਕੀਤੀ ਇਸੇ ਤਰੀਕੇ ਉਹਨਾਂ ਵਲੋਂ ਵਾਈਟ ਹਾਊਸ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਦੇ ਨਵੇਂ ਅਧਿਆਏ ਨੂੰ ਦੇਖ ਰਹੇ ਹਾਂ ਤੇ ਦੁਨੀਆ ਦੇ ਦੋ ਸਭ ਤੋਂ ਵੱਡੇ ਲੋਕਤੰਤਰਾਂ ਵਿਚਕਾਰ ਸਬੰਧ ਹੋਰ ਮਜ਼ਬੂਤ ਤੇ ਨਜ਼ਦੀਕ ਹੋਣੇ ਚਾਹੀਦੇ ਹਨ।


ਉਨ੍ਹਾਂ ਕਿਹਾ ਕਿ ਮੈਂ ਲੰਮੇ ਸਮੇਂ ਤੋਂ ਵਿਸ਼ਵਾਸ਼ ਕਰਦਾ ਹਾਂ ਕਿ ਅਮਰੀਕਾ-ਭਾਰਤ ਸਬੰਧ ਬਹੁਤ ਸਾਰੀਆਂ ਵਿਸ਼ਵ ਚੁਣੌਤੀਆਂ ਨੂੰ ਹੱਲ ਕਰਨ 'ਚ ਮਦਦ ਕਰ ਸਕਦੇ ਹਨ ਹੋਰ ਡੂੰਘਾ ਕਰਨ ਲਈ ਬੀਜ ਬੀਜੇ ਗਏ ਹਨ ਤੇ ਮੈਨੂੰ ਖੁਸ਼ੀ ਹੈ ਕਿ ਭਾਰਤੀ ਪ੍ਰਵਾਸੀ ਅਮਰੀਕਾ ਦੀ ਤਰੱਕੀ 'ਚ ਸਰਗਰਮ ਯੋਗਦਾਨ ਪਾ ਰਹੇ ਹਨ . ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਪ੍ਰਤੀਭਾ ਦੀ ਵਰਤੋਂ ਵਧੇਰੇ ਵਿਸ਼ਵਵਿਆਪੀ ਭਲਾਈ ਤੇ ਤਕਨੀਕ ਦਾ ਲਾਭ ਲੈਣ ਲਈ ਕਰਨੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਹਾਕੇ ਤੇ ਸੁਤੰਤਰ ਹਿੰਦ-ਪ੍ਰਸ਼ਾਂਤ ਖੇਤਰ ਨੂੰ ਕਾਇਮ ਰੱਖਣ, ਕੋਵਿਡ-19 ਨਾਲ ਨਜਿੱਠਣ ਤੋਂ ਲੈ ਕੇ ਜਲਵਾਯੂ ਤਬਦੀਲੀ ਤੱਕ ਹਰ ਮੁੱਦੇ 'ਤੇ ਸਹਿਯੋਗ ਵਧਾਉਣ 'ਤੇ ਸਹਿਮਤੀ ਪ੍ਰਗਟ ਕੀਤੀ ਗਈ . ਦੱਸਣਯੋਗ ਹੈ ਕਿ ਭਾਰਤ ਵਿੱਚ ਮੋਦੀ ਸਰਕਾਰ ਵੱਲੋਂ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਰਤ ਵਿੱਚ ਪਿਛਲੇ ਤਕਰੀਬਨ









'ਚ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨਾਲ ਆਪਣੀ ਪਹਿਲੀ ਦੁਵੱਲੀ ਮੀਟਿੰਗ ਕੀਤੀ ਗਈ, ਜਿਸ ਦੌਰਾਨ ਦੋਵਾਂ ਨੇਤਾਵਾਂ ਵਲੋਂ ਭਾਰਤ ਤੇ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ ਗਿਆ। ਮੀਟਿੰਗ ਦੌਰਾਨ ਖੁੱਲ੍ਹੇ ਹਿੰਦ ਪ੍ਰਸ਼ਾਂਤ ਖੇਤਰ, ਕੋਵਿਡ-19, ਲੋਕਤੰਤਰੀ ਕਦਰਾ ਕੀਮਤਾਂ, ਜਲਵਾਯੂ ਤਬਦੀਲੀ, ਆਰਥਿਕ ਸਹਿਯੋਗ, ਅਫ਼ਗਾਨਿਸਤਾਨ ਸਮੇਤ ਵੱਖ-ਵੱਖ ਤਰਜੀਹੀ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ . ਬਾਈਡਨ ਨੇ ਕਿਹਾ ਕਿ ਵਿਸ਼ਵ ਅਗਲੇ ਹਫ਼ਤੇ ਮਹਾਤਮਾ ਗਾਂਧੀ ਦਾ ਜਨਮ ਦਿਨ ਮਨਾਏਗਾ, ਜਿਨ੍ਹਾਂ ਦਾ ਅਹਿੰਸਾ, ਸਤਿਕਾਰ ਤੇ ਸਹਿਣਸ਼ੀਲਤਾ ਦਾ ਸੰਦੇਸ਼ ਅੱਜ ਸ਼ਾਇਦ ਪਹਿਲਾਂ ਨਾਲੋਂ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ . ਬਾਈਡਨ ਨੇ ਕਿਹਾ ਕਿ ਅਸੀ . ਬਾਈਡਨ ਨੇ ਕਿਹਾ ਕਿ ਮੈਂ 2006 'ਚ ਹੀ ਕਹਿ ਦਿੱਤਾ ਸੀ ਕਿ 2020 ਤੱਕ ਅਮਰੀਕਾ ਤੇ ਭਾਰਤ ਦੁਨੀਆ ਦੇ ਸਭ ਤੋਂ ਨੇੜਲੇ ਦੇਸ਼ਾਂ 'ਚ ਸ਼ਾਮਿਲ ਹੋਣਗੇ ਤੇ ਅੱਜ ਅਸੀ ਸਭ ਤੋਂ ਮੁਸ਼ਕਲ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਅਮਰੀਕਾ-ਭਾਰਤ ਸਬੰਧਾਂ ਦੇ ਇਤਿਹਾਸ ਦਾ ਇਕ ਅਧਿਆਏ ਆਰੰਭ ਕਰ ਰਹੇ ਹਾਂ।

ਪ੍ਰਧਾਨ ਮੰਤਰੀ ਮੋਦੀ ਨੇ ਬਾਈਡਨ ਨੂੰ ਕਿਹਾ ਕਿ ਅਸੀ ਇਸ ਸਦੀ ਦੇ ਤੀਜੇ ਦਹਾਕੇ ਦੀ ਸ਼ੁਰੂਆਤ 'ਚ ਮਿਲ ਰਹੇ ਹਾਂ ਤੇ ਤੁਹਾਡੀ ਲੀਡਰਸ਼ਿਪ ਨਿਸਚਿਤ ਰੂਪ 'ਚ ਇਸ 'ਚ ਮਹੱਤਵਪੂਰਨ ਭੂਮਿਕਾ ਨਿਭਾਏਗੀ ਕਿ ਇਹ ਦਹਾਕਾ ਕਿਵੇਂ ਦਾ ਹੋਵੇਗਾ . ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਦੀ ਦੋਸਤੀ ਨੂੰ 'ਚ ਭਾਰਤ-ਅਮਰੀਕਾ ਸੰਬੰਧਾਂ 'ਚ ਵਪਾਰ ਇਕ ਮਹੱਤਵਪੂਰਨ ਕਾਰਕ ਹੋਵੇਗਾ ਤੇ ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਖੇਤਰ 'ਚ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ . ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਵੱਡੀਆਂ ਚੁਣੌਤੀਆਂ ਨੂੰ ਮਿਲਕੇ ਹਰਾ ਸਕਦੇ ਹਨ . ਇਸ ਸਾਲ ਜਨਵਰੀ 'ਚ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਣਨ ਉਪਰੰਤ ਜੋ ਬਾਈਡਨ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਹ ਪਹਿਲੀ ਮੁਲਾਕਾਤ ਹੈ, ਜਦੋਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 2014 'ਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 7ਵੀਂ ਵਾਰ ਅਮਰੀਕਾ ਦਾ ਦੌਰਾ ਕਰ ਰਹੇ ਹਨ।

ਇਸ ਮੌਕੇ ਦੋਵਾਂ ਆਗੂਆਂ ਵਲੋਂ ਭਾਰਤ ਤੇ ਅਮਰੀਕਾ ਵਿਚਾਲੇ ਡੂੰਘੇ ਸਬੰਧਾਂ ਨੂੰ ਮਜ਼ਬੂਤ ਕਰਨ, ਇਕ ਖੁੱਲ੍ਹੇ 10 ਮਹੀਨਿਆਂ ਤੋਂ ਲਗਾਤਾਰ ਵਿਰੋਧ ਜਾਰੀ ਹੈ। ਇਸ ਵਿਰੋਧ ਦੇ ਚਲਦਿਆਂ ਮੋਦੀ ਸਰਕਾਰ ਵਿਰੁੱਧ ਧਰਨੇ, ਪ੍ਰਦਰਸ਼ਨ ਅਤੇ ਦਿੱਲੀ ਵਿੱਚ ਪੱਕਾ ਕਿਸਾਨ ਮੋਰਚਾ ਜਾਰੀ ਹੈ। ਭਾਰਤ ਦੇ ਇਲਾਵਾ ਵਿਦੇਸ਼ਾਂ ਵਿੱਚ ਵੀ ਕਿਸਾਨ ਹਿਤੈਸ਼ੀ ਲੋਕਾਂ ਵੱਲੋਂ ਮੋਦੀ ਸਰਕਾਰ ਦਾ ਵਿਰੋਧ ਕੀਤਾ ਗਿਆ ਹੈ। ਇਸੇ ਵਿਰੋਧ ਤਹਿਤ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਅਮਰੀਕਾ ਫੇਰੀ ਦੌਰਾਨ ਭਾਰਤੀ ਭਾਈਚਾਰੇ ਦੇ ਲੋਕਾਂ ਵੱਲੋਂ ਵਿਰੋਧ ਪ੍ਰਦਰਸ਼ਨ ਦਾ ਸਾਹਮਣਾ ਕਰਨਾ ਪਿਆ। ਇਹਨੀ ਦਿਨੀਂ ਅਮਰੀਕਾ ਦੇ ਵਾਸਿੰਗਟਨ ਡੀਸੀ ਸਮੇਤ ਕਈ ਥਾਵਾਂ 'ਤੇ ਕਿਸਾਨ ਹਿਤੈਸ਼ੀ ਲੋਕਾਂ ਨੇ ਪ੍ਰਧਾਨ ਮੰਤਰੀ ਦਾ ਜ਼ਬਰਦਸਤ ਵਿਰੋਧ ਕੀਤਾ ਹੈ।

# ਪੰਜਾਬਣਾਂ ਰਲ ਦੇਣਗੀਆਂ ਦਸਤਕ 'ਮੇਲਾ ਪੰਜਾਬਣਾਂ ਦਾ' ਲਾਈਵ ਓਕ - ਗਰਿੱਡਲੀ ਅਤੇ ਚਮਕੇਗਾ ਪੰਜਾਬੀਅਤ ਰੰਗ










**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**: ਪੰਜਾਬੀ ਦੁਨੀਆਂ ਭਰ ਵਿੱਚ ਜਿੱਥੇ ਵੀ ਗਏ, ਉੱਥੇ ਆਪਣੇ ਸੱਭਿਆਚਾਰ ਨੂੰ ਵੀ ਨਾਲ ਲੈ ਗਏ। ਅੱਜ ਬੇਸ਼ੱਕ ਪੱਛਮੀਂ ਪ੍ਰਭਾਵ ਅਤੇ ਪੰਜਾਬ ਵਿਰੋਧੀ ਸਰਕਾਰਾ ਸਾਡੇ ਸੱਭਿਆਚਾਰ ਨੂੰ ਖਤਮ ਕਰਨ ਲਈ ਤਰਾਂ-ਤਰਾਂ ਦੇ ਹੱਥਕੰਡੇ ਅਪਣਾ ਰਹੀਆਂ ਹਨ। ਪਰ ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਪਰਿਵਾਰ ਆਪਣੇ ਬੱਚਿਆ ਨੂੰ ਸੱਭਿਆਚਾਰ ਨਾਲ ਜੋੜਨ ਲਈ ਹਰ ਸੰਭਵ ਉਪਰਾਲੇ ਕਰ ਰਹੇ ਹਨ। ਜਿਸ ਤਰਾਂ ਅਸੀਂ ਦੇਖਦੇ ਹਾਂ ਕਿ ਹੁਣ ਸਾਨੂੰ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਸੱਭਿਆਚਾਰ ਦਾ ਹਰ ਉਹ ਰੰਗ ਮਿਲ ਰਿਹਾ ਹੈ ਜੋ ਹੁਣ ਭਾਰਤੀ ਪੰਜਾਬ ਵਿੱਚੋਂ ਅਲੋਪ ਹੋ ਰਿਹਾ ਹੈ। ਇਸੇ ਸੱਭਿਆਚਾਰ ਦੀ ਪ੍ਰਫੁੱਲਤਾ ਅਤੇ ਬੱਚਿਆ ਨੂੰ ਇਸ ਨਾਲ ਜੋੜਨ ਲਈ ਕੈਲੀਫੋਰਨੀਆਂ ਦੇ ਲਾਈਵ ਓਕ ਅਤੇ ਗਰਿੱਡਲੀ ਸ਼ਹਿਰ ਤੋਂ ਜਸਮਿੰਦਰ ਕੌਰ ਮੱਟੂ ਵੱਲੋਂ ਆਪਣੇ ਸਹਿਯੋਗੀਆਂ ਨਾਲ ਰਲ ਹਰ ਸਾਲ ਦੀ ਤਰ੍ਹਾਂ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ "ਮੇਲਾ ਪੰਜਾਬਣਾਂ ਦਾ 2021" ਅਗਲੇ ਮਹੀਨੇ, 10 ਅਕਤੂਬਰ ਨੂੰ ਗਰਿੱਡਲੀ ਦੇ ਫੇਅਰ ਗਰਾਊਡ ਵਿੱਚ ਹੋਣ ਜਾ ਰਿਹਾ ਹੈ। ਜੋ ਸਵੇਰੇ 11 ਵਜੇ ਸ਼ੁਰੂ ਹੋਵੇਗਾ। ਜਿਸ ਪੰਜਾਬੀ ਮੁਟਿਆਰਾਂ ਵੱਲੋਂ ਤਿਆਰ ਗਿੱਧਾ, ਬੋਲੀਆਂ, ਗਾਇਕੀ, ਡਾਂਸ ਸਕਿੱਟਾ ਅਤੇ ਹੋਰ ਬਹੁਤ ਕੁਝ ਮੰਨੋਰੰਜਨ ਦਾ ਸਾਧਨ ਹੋਵੇਗਾ। ਇਸ ਮੇਲੇ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਗੁਰਨਾਮ ਭੁੱਲਰ ਆਪਣੇ ਗੀਤਾ ਨਾਲ ਰੰਗ ਬੰਨੇਗਾ। ਮੇਲੇ ਵਿੱਚ ਹੋਰ ਸਥਾਨਿਕ ਕਲਾਕਾਰਾਂ ਤੋਂ ਇਲਾਵਾ ਬੁਲੰਦ ਅਵਾਜ਼ ਦੀ ਮਾਲਕ ਗਾਇਕਾ ਜੋਤ ਰਣਜੀਤ ਵੀ ਹਾਜ਼ਰੀ ਭਰੇਗੀ। ਇਸ ਮੇਲੇ ਦੀ ਸਟੇਜ਼ ਦਾ ਸੰਚਾਲਨ, ਪੰਜਾਬੀਅਤ ਦਾ ਮਾਣ ਅਤੇ ਸਟੇਜ਼ਾ ਦੀ ਮਲਕਾ ਬੀਬੀ ਆਸ਼ਾ ਸ਼ਰਮਾ ਕਰੇਗੀ। ਇਸ ਤੀਆਂ ਦੇ ਮੇਲੇ ਦੌਰਾਨ ਹਾਜ਼ਰ ਮੁਟਿਆਰਾਂ ਨੂੰ ਉਨਾਂ ਦੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਦੀ ਕਾਬਲੀਅਤ ਦੇ ਅਧਾਰ 'ਤੇ 20 ਪੰਜਾਬੀ ਸੂਟ ਵੀ ਇਨਾਮ ਵਜੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ 5 ਡਾਲਰ ਦੀ ਟਿਕਟ ਦਾ ਇਕ ਰੈਂਫਲ ਵੀ ਕੱਢਿਆਂ ਜਾਵੇਗਾ। ਜਿਸ ਵਿੱਚੋਂ ਬਹੁਤ ਸਾਰੇ ਦਿਲਕਸ਼ ਇਨਾਮ ਕੱਢੇ ਜਾਣਗੇ। ਤੀਆਂ ਦੇ ਇਸ ਮੇਲੇ ਦੀ ਕੋਈ ਦਾਖਲਾ ਟਿਕਟ ਨਹੀਂ, ਪਰ ਰੈਂਫਲ ਖਰੀਦਣਾ ਜ਼ਰੂਰੀ ਹੋਵੇਗਾ। ਇਸ ਤੋਂ ਇਲਾਵਾ ਖਰੀਦੋ-ਪ੍ਰੋਕਤ ਲਈ ਹੋਰ ਬਹੁਤ ਸਾਰੇ ਸਟਾਲ ਲੱਗਣਗੇ।

ਖਾਣ-ਪੀਣ ਦਾ ਪੂਰਾ ਪ੍ਰਬੰਧ ਹੋਵੇਗਾ। ਇਸ ਤੀਆਂ ਦੇ ਮੇਲੇ ਵਿੱਚ ਮਰਦਾ ਨੂੰ ਮਨਾਹੀ ਹੋਵੇਗੀ। ਸਮੁੱਚੇ ਮੇਲੇ ਦਾ ਵੀਡੀਓ ਪ੍ਰਸ਼ਾਰਣ 'ਪੰਜਾਬੀ ਮੀਡੀਆਂ ਯੂ.ਐਸ.ਏ.' ਵੱਲੋਂ ਦਿਖਾਇਆ ਜਾਵੇਗਾ। ਇਸ ਤੋਂ ਇਲਾਵਾ ਸ. ਜਗਦੇਵ ਸਿੰਘ ਭੰਡਾਲ (ਬਿਊਰੋ ਚੀਫ ਅਮਰੀਕਾ) ਦੇ ਸਹਿਯੋਗ ਨਾਲ ਪੰਜਾਬੀ ਸੱਭਿਆਚਾਰ ਪ੍ਰਤੀ ਆਪਣੀ ਸੇਵਾ ਕਰਦੇ ਹੋਏ ਹਮੇਸ਼ਾ ਵਾਂਗ 'ਧਾਲੀਆਂ ਐਂਡ ਮਾਛੀਕੇ ਮੀਡੀਆਂ ਯੂ.ਐਂਸ.ਏ.' ਅਤੇ 'ਪੀ.ਬੀ.ਨਿਊਜ਼ ਯੂਐਸਏ' ਵੱਲੋਂ ਦੁਨੀਆਂ ਭਰ ਦੇ ਮੀਡੀਏ ਰਾਹੀ ਸਾਂਝ ਪਾਈ ਜਾਵੇਗੀ। ਅਜਿਹੇ ਪੰਜਾਬੀ ਸੱਭਿਆਚਾਰ ਨਾਲ ਭਰਪੂਰ ਪ੍ਰੋਗਰਾਮ ਜਿੱਥੇ ਪੰਜਾਬੀਅਤ ਦਾ ਸਿਰ ਉੱਚਾ ਕਰਦੇ, ਮੰਨੋਰੰਜਨ ਨਾਲ ਭਰਪੂਰ ਅਤੇ ਬੱਚਿਆ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਦੇ ਹਨ, ਇੰਨਾਂ ਵਿੱਚ ਸਭ ਨੂੰ ਆਪਣੀਆਂ ਮਾਂਵਾ, ਭੈਣਾਂ, ਧੀਆਂ ਅਤੇ ਬੱਚੀਆਂ ਸਮੇਤ ਸਾਮਲ ਹੋਣਾ ਚਾਹੀਦਾ ਹੈ। ਸੋ ਇਸ 'ਮੇਲਾ ਪੰਜਾਬਣਾਂ ਦਾ' ਦੇ ਮੇਲੇ ਵਿੱਚ ਸਾਮਲ ਹੋਣ, ਕਿਸੇ ਤਰਾਂ ਦੀ ਸਪਾਂਸਰਸਿੱਪ, ਸਟਾਲ ਲਾਉਣ ਜਾਂ ਵਧੇਰੇ ਜਾਣਕਾਰੀ ਲਈ ਮੇਲੇ ਨੂੰ ਸਮਰਪਿਤ ਮੁੱਖ ਪ੍ਰਬੰਧਕ ਬੀਬੀ ਜਸਮਿੰਦਰ ਕੌਰ ਮੱਟੂ ਨਾਲ ਫ਼ੋਨ ਨੰਬਰ (530) 301-9258 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਕਾਗੋ ਪਹੁੰਚੇ ਦਰਜਨਾਂ ਇਕੱਲੇ ਅਫਗਾਨ ਨਾਬਾਲਗ ਬੱਚਿਆਂ ਨਾਲ ਭਰੀ ਉਡਾਣ

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਦੁਆਰਾ ਹਜ਼ਾਰਾਂ ਅਫਗਾਨੀ ਸ਼ਰਨਾਰਥੀਆਂ ਨੂੰ ਅਫਗਾਨਿਸਤਾਨ ਵਿੱਚੋਂ ਸੁਰੱਖਿਅਤ ਕੱਢਿਆ ਗਿਆ ਹੈ। ਇਹਨਾਂ ਵਿੱਚ ਦਰਜਨਾਂ ਇਕੱਲੇ ਅਫਗਾਨੀ ਬੱਚੇ ਵੀ ਸ਼ਾਮਲ ਸਨ। ਅਜਿਹੇ ਹੀ 75 ਇਕੱਲੇ ਨਾਬਾਲਗ ਅਫਗਾਨੀ ਬੱਚਿਆਂ ਦੀ ਇੱਕ ਉਡਾਣ ਬੁੱਧ-ਵਾਰ ਨੂੰ ਸ਼ਿਕਾਗੋ ਪਹੁੰਚੀ ਹੈ।

ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ ਐੱਚ ਐੱਸ) ਦੁਆਰਾ ਕਤਰ ਤੋਂ ਆਉਣ ਵਾਲੀ ਇਸ ਉਡਾਣ ਦੀ ਪੁਸ਼ਟੀ ਕੀਤੀ ਗਈ ਹੈ, ਜਿੱਥੇ ਬਹੁਤ ਸਾਰੇ ਅਫਗਾਨ ਸ਼ਰਨਾਰਥੀਆਂ ਨੂੰ ਉਨ੍ਹਾਂ ਦੇ ਮੁੜ ਵਸੇਬੇ ਤੋਂ ਪਹਿਲਾਂ ਰੱਖਿਆ ਗਿਆ ਸੀ। ਸ਼ਿਕਾਗੋ ਦੀ ਮੇਅਰ ਲੋਰੀ ਲਾਈਟਫੁੱਟ ਦੇ ਬੁਲਾਰੇ ਅਨੁਸਾਰ ਸ਼ਹਿਰ ਦੇ ਅਧਿਕਾਰੀ ਇਨ੍ਹਾਂ ਬੱਚਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਕੰਮ ਕਰਨਗੇ।

ਡੀ ਐੱਚ ਐੱਸ ਦੇ ਅਨੁਸਾਰ ਇਹਨਾਂ ਇਕੱਲੇ ਬੱਚਿਆਂ ਨੂੰ ਜਾਂ ਤਾਂ ਇਹਨਾਂ ਦੇ ਕਿਸੇ ਰਿਸ਼ਤੇਦਾਰ ਕੋਲ ਛੱਡਿਆ ਜਾਵੇਗਾ ਅਤੇ ਕੋਈ ਰਿਸ਼ਤੇਦਾਰ ਨਾ ਹੋਣ ਦੀ ਸੂਰਤ ਵਿੱਚ ਰਫਿਊਜੀ ਮੁੜ ਵਸੇਬੇ ਦੇ ਦਫਤਰ ਦੀ ਦੇਖਰੇਖ ਵਿੱਚ ਕੋਈ ਹੋਰ ਪ੍ਰਬੰਧ ਨਾਂ ਹੋਣ ਤੱਕ ਰੱਖਿਆ ਜਾਵੇਗਾ।

****

# Making Sense of Poona Pact in Current Time

Prem K. Chumber Editor-In-Chief:
Ambedkar Times & Desh Doaba (Newspapers)

**Babasaheb** Dr. B. R. Ambedkar devoted his entire life for the emancipation and empowerment of the Scheduled Castes of India who for centuries were compelled to live degraded lives. He tried different ways for this noble cause before finally setting the goal of annihilation of caste. First, he tried to improve upon the situations through reforms within Hinduism. But soon realized that reforms within Hinduism will not work because caste lies at the centre of Hinduism and without caste the latter would come down like a house of cards, which would not be acceptable to its protagonists at all. Annihilation of caste at the first instance requires doing away with the Hindu Sastras (sacred scriptures/law books), which Hinduism would never agree to comply with. Thus the other way and rather the only way open to seek casteless social order was to say good bye to Hinduism and construct a new society under a different religion for the Ex-Untouchables. Dr. Ambedkar finally left Hinduism and established a new socio-religious order popularly known as Navayan-Buddhism (Buddha and His Dhamma) where no one is subjected to any social discrimination based on accretive and primordial notions of caste and creed. In between, Dr. Ambedkar battled many struggles for the betterment of living conditions of the Scheduled Castes. Poona Pact was one of such major struggles.

It was through this historic Pact that Dr. Ambedkar got voice for his people in the provincial legislative structures in the form of certain fixed number of seats. That was 1932. A lot has changed now in 2021. State in India is fast withdrawing from its responsibilities towards the people. It firmly believes that market can save them from all the hardships they face. In other words neo-liberalism is being projected as Messiah of the Scheduled Castes. In such a changed scenario downtrodden has to rethink rather critically about the nature of struggle that they have to wage for the acquisition and protection of their rights. Quite interestingly, there is also fast emerging a viewpoint from within the academic circles of the Scheduled Castes which says that neo-liberal market economy offers lots of opportunities to the former untouchables who no-longer face any social exclusion in the aftermath of 1991 Globalizing India. This view-point also talks about SCs billionaires and their own chambers of commerce. What it forgets is that in the free market economy only those are welcome who have the capital to invest. And the capital in India used to be the prerogative of the upper castes only. Lower castes were deliberately kept out of reach of the capital by all possible means under the garb of a discriminatory and hegemonic religious social order. What about the millions of lower castes who do not have requisite capital to enter into the so-called non-discriminatory market economy in India. Would they be not discriminated in this new economic order? Neo-liberalism is no more different from capitalism. We must not forget that the two main enemies of the lower castes are, as cautioned by Babasaheb Dr. B. R. Ambedkar, Capitalism and Brahmanism. Both of them are once again busy in fashioning new permutations and calculations to keep their hold intact. Thus to face the realities of current situation in contemporary India, the teachings of Babasaheb Dr. B. R. Ambedkar are of utmost value as they have been ever.

*www.ambedkartimes.com*

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸੋਨੀਆ ਗਾਂਧੀ ਈਸਾਈਆਂ ਨੂੰ ਹੀ ਮੁਖ ਮੰਤਰੀ ਬਣਾ ਰਹੀ ਹੈ



ਫਰੀਡੀ ਜੋਸਫ

ਇੱਕ ਕੱਟੜਪੰਥੀ ਨੇ ਆਪਣੇ ਵਾਟਸਐਪ ਰਾਹੀਂ ਇਹ ਗੱਲ ਕਹੀ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਸੋਨੀਆ ਗਾਂਧੀ ਨੇ ਇਸ ਕਰਕੇ ਪੰਜਾਬ ਦਾ ਮੁਖ ਮੰਤਰੀ ਬਣਾਇਆ ਹੈ ਕਿਉਂਕਿ ਉਹ ਈਸਾਈ ਹੈ।

ਉਸਨੇ ਇਹ ਵੀ ਲਿਖਿਆ ਹੈ ਕਿ ਸੋਨੀਆ ਗਾਂਧੀ ਨੇ ਹੁਣ ਤੱਕ ਭਾਰਤ ਦੇ ਇੱਕ ਤਿਹਾਈ ਮੁਖ ਮੰਤਰੀ ਈਸਾਈ ਹੀ ਬਣਾਏ ਹਨ। ਅਜੇਹੇ ਕੱਟੜਪੰਥੀ ਇਹ ਭੁੱਲ ਜਾਂਦੇ ਹਨ ਕਿ ਭਾਰਤ ਇੱਕ ਲੋਕਤੰਤਰਿਕ ਅਤੇ ਸੈਕੂਲਰ ਦੇਸ਼ ਹੈ। ਇਸ ਦੇਸ਼ ਦੇ ਲੋਕਾਂ ਨੇ ਸੋਨੀਆ ਗਾਂਧੀ ਨੂੰ ਇੱਕ ਸਮੇਂ ਇਸ ਦੇਸ਼ ਦੀ ਪ੍ਰਧਾਨ ਮੰਤਰੀ ਬਣਨ ਲਈ ਚੁਣਿਆ ਸੀ। ਪਰ ਕੱਟੜਪੰਥੀ ਅਟਲ ਬਿਹਾਰੀ ਵਜਪਾਈ ਵਰਗੇ ਲੋਕਾਂ ਨੇ ਇਸ ਗੱਲ ਦੀ ਸ਼ਰਮ ਮਹਿਸੂਸ ਕੀਤੀ ਤਾਂ ਸ਼੍ਰੀਮਤੀ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਦਾ ਤਾਜ ਇੱਕ ਸਿੱਖ ਮਨਮੋਹਨ ਸਿੰਘ ਦੇ ਸਿਰ ਰੱਖ ਦਿੱਤਾ।

ਕੱਟੜਪੰਥੀ ਸੁਸ਼ਮਾ ਸਵਰਾਜ ਜਦ ਸ਼੍ਰੀਮਤੀ ਸੋਨੀਆ ਗਾਂਧੀ ਦੇ ਵਿਰੁਧ



ਇਸ ਨਾਅਰੇ ਨਾਲ ਚੋਣ ਮੈਦਾਨ ਵਿੱਚ ਉੱਤਰੀ ਕਿ ਮੈਂ ਇਸ ਦੇਸ਼ ਦੀ ਬੇਟੀ ਹਾਂ - ਜਦਕਿ ਸੋਨੀਆ ਗਾਂਧੀ ਇੱਕ ਵਿਦੇਸ਼ੀ ਔਰਤ ਹੈ ਤਾਂ ਲੋਕਾਂ ਨੇ ਉਸਦੇ ਇਸ ਦਾਅਵੇ ਦਾ ਮਜ਼ਾਕ ਉਡਾਇਆ ਕਿਹਾ ਸੀ ਬੇਟੀ ਨੇ ਤਾਂ ਦੂਸਰੇ ਦਾ ਘਰ ਵਸਾਉਣਾ ਹੁੰਦਾ ਹੈ - ਸਾਨੂੰ ਘਰ ਦੀ ਨੂਹ ਦੀ ਲੋੜ ਹੈ ਜਿਸਨੇ ਸਾਡਾ ਘਰ ਚਲਾਉਣਾ ਹੈ। ਸੁਸ਼ਮਾ ਸਵਰਾਜ ਸੋਨੀਆ ਤੋਂ ਬੁਰੀ ਤਰ੍ਹਾਂ ਹਾਰ ਗਈ।

ਸੋਨੀਆ ਗਾਂਧੀ ਤੇ ਇਹ ਇਲਜ਼ਾਮ ਲਾਇਆ ਗਿਆ ਹੈ ਕਿ ਉਸਨੇ ਹੁਣ ਤੱਕ ਭਾਰਤ ਦੇ ਇੱਕ ਤਿਹਾਈ ਮੁਖ ਮੰਤਰੀ ਈਸਾਈ ਬਣਾਏ ਹਨ। ਪਰ ਇਹ ਦਾਅਵਾ ਵੀ ਝੂਠ ਦਾ ਪੁਲੰਦਾ ਹੈ ਜਦਕਿ ਪ੍ਰਸ਼ਨ ਇਹ ਵੀ ਹੈ ਕਿ ਈਸਾਈ ਇਸ ਦੇਸ਼ ਵਿੱਚ ਮੁਖ ਮੰਤਰੀ ਕਿਉਂ ਨਹੀਂ ਬਣ ਸਕਦੇ? ਈਸਾਈ ਇਸ ਦੇਸ਼ ਦੇ ਵਾਸੀ ਨਹੀਂ ਹਨ? ਉਨ੍ਹਾਂ ਦਾ ਇਸ ਦੇਸ਼ ਉੱਤੇ ਕੋਈ ਹੱਕ ਨਹੀਂ? ਭਾਰਤ ਦੇ 10 ਰਾਜ ਅਜੇਹੇ ਹਨ ਜਿਨ੍ਹਾਂ ਵਿੱਚ ਈਸਾਈਆਂ ਦੀ ਅਬਾਦੀ ਬਹੁਤ ਜ਼ਿਆਦਾ ਹੈ - ਨਾਗਾਲੈਂਡ, ਮਿਜ਼ੋਰਮ, ਗੋਆ ਆਦਿ ਵਿੱਚ ਤਾਂ ਈਸਾਈ ਹਨ ਹੀ ਬਹੁ-ਗਿਣਤੀ ਵਿੱਚ, ਨਾਗਾਲੈਂਡ, ਮਿਜ਼ੋਰਮ ਵਿੱਚ ਤਾਂ ਦੂਸਰੇ ਲੋਕਾਂ ਦੀ ਅਬਾਦੀ ਤਿੰਨ ਤਿੰਨ ਚਾਰ ਪ੍ਰਤੀਸ਼ਤ ਹੀ ਹੈ। ਕੀ ਲੋਕ ਤਿੰਨ ਚਾਰ ਪ੍ਰਤੀਸ਼ਤ ਅਬਾਦੀ ਵਾਲੇ ਲੋਕਾਂ ਵਿਚੋਂ ਮੁੱਖ ਮੰਤਰੀ ਚੁਣਨਗੇ? ਜਿਨ੍ਹਾਂ ਮੁਖ ਮੰਤਰੀਆਂ ਤੇ ਕਿੰਤੂ ਕੀਤਾ ਗਿਆ ਹੈ ਉਹ ਇਸ ਪ੍ਰਕਾਰ ਹਨ - ਜਗਮੋਹਨ ਰੈਡੀ, ਆਂਧਰਾ ਪ੍ਰਦੇਸ਼, ਪੀ. ਵਿਜਯਨ ਕੇਰਲ, ਹੇਮੰਤ ਸੋਰੇਨ ਝਾਰਖੰਡ, ਐਮ.ਕੇ ਸਟਾਲਿੰਗ ਤਾਮਿਲਨਾਡੂ, ਜੈ ਰਾਮ ਥੰਗਾ ਮਿਜ਼ੋਰਮ, ਨੇਫਰੀਓ ਨਾਗਾਲੈਂਡ, ਚਰਨਜੀਤ ਸਿੰਘ ਚੰਨੀ। ਇਨ੍ਹਾਂ ਵਿਚੋਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਵੀ ਈਸਾਈ ਨਹੀਂ ਹਨ। ਹਾਂ, ਉਨ੍ਹਾਂ ਨੇ ਪਿਛੇ ਜਹੇ ਕਿਹਾ ਸੀ ਕਿ ਅਸੀਂ ਆਦੀਵਾਸੀ ਹਾਂ - ਹਿੰਦੂ ਨਹੀਂ ਹਾਂ।

ਸਾਨੂੰ ਹਿੰਦੂ ਨਾ ਕਿਹਾ ਜਾਵੇ। ਇਸੇ ਤਰ੍ਹਾਂ ਹੀ ਚਰਨਜੀਤ ਸਿੰਘ ਚੰਨੀ ਵੀ ਈਸਾਈ ਨਹੀਂ ਹਨ, ਹਾਂ, ਉਹ ਕਈ ਵਾਰ ਚਰਚ ਜ਼ਰੂਰ ਜਾਂਦੇ ਹਨ। ਇਕ ਸਿਆਸਤਦਾਨ ਹੋਣ ਦੇ ਨਾਤੇ, ਉਨ੍ਹਾਂ ਦਾ ਫਰਜ਼ ਹੈ ਸਾਰੇ ਧਰਮਾਂ ਦਾ ਆਦਰ ਕਰਨਾ। ਜੇਕਰ ਚੰਨੀ ਈਸਾਈ ਵੀ ਹਨ ਤਾਂ ਇਸ ਵਿੱਚ ਇਤਰਾਜ਼ ਵਾਲੀ ਕਿਹੜੀ ਗੱਲ ਹੈ? ਇਸ ਵਿਅਕਤੀ ਨੇ ਲਿਖਿਆ ਹੈ ਕਿ ਹਾਲੇ ਵੀ ਹਿੰਦੂਆਂ ਦੀਆਂ ਅੱਖਾਂ ਨਹੀਂ ਖੁੱਲੀਆਂ। ਉਸਨੇ ਇਹ ਵੀ ਲਿਖਿਆ ਹੈ ਕਿ ਹਿੰਦੂਆਂ ਵਲੋਂ ਦਿੱਤੇ ਜਾ ਰਹੇ ਟੈਕਸ ਦੇ ਪੈਸੇ ਨਾਲ ਮੁਲਾਂ ਮੁਲਾਣਿਆਂ ਨੂੰ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਵਿਅਕਤੀ ਨੇ ਹਿੰਦੂਆਂ ਨੂੰ ਈਸਾਈ ਘਟ ਗਿਣਤੀ ਵਿਰੁਧ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਕਿ ਇੱਕ ਬਹੁਤ ਖਤਰਨਾਕ ਕਰਮ ਹੈ। ਇਸ ਵਿਅਕਤੀ ਵਿਰੁਧ ਵੱਖ ਵੱਖ ਧਾਰਮਿਕ ਭਾਈਚਾਰਿਆਂ ਵਿਰੁਧ ਨਫਰਤ ਫੈਲਾਉਣ ਤੇ ਉਨ੍ਹਾਂ ਵਿੱਚ ਪਾੜ ਪਾਉਣ ਦੇ ਦੋਸ਼ ਅਧੀਨ ਕਾਰਵਾਈ ਹੋਣੀ ਚਾਹੀਦੀ ਹੈ। ਇਸ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਟੈਕਸ ਕੇਵਲ ਹਿੰਦੂ ਹੀ ਨਹੀਂ ਦਿਦੇ। ਸਾਰੇ ਧਰਮਾਂ ਦੇ ਲੋਕ ਦਿੰਦੇ ਹਨ। ਦੁਕਾਨ ਤੇ ਵਿਕਣ ਵਾਲੀਆਂ ਸਾਰੀਆਂ ਵਸਤੂਆਂ ਅਤੇ ਹੋਰ ਸਾਰੀਆਂ ਵਸਤੂਆਂ ਉੱਤੇ ਟੈਕਸ ਲਗਾ ਹੁੰਦਾ ਹੈ। ਇੱਕ ਭਿਖਾਰੀ ਜੋ ਬੀੜੀ ਪੀਂਦਾ ਹੈ ਉਸ ਉਤੇ ਵੀ ਟੈਕਸ ਲੱਗਾ ਹੁੰਦਾ ਹੈ।

ਸੋ ਇਸ ਵਿਅਕਤੀ ਦੀਆਂ ਸਾਰੀਆਂ ਗੱਲਾਂ ਸਮਾਜ ਦੇ ਵੱਖ ਵੱਖ ਵਰਗਾਂ ਵਿੱਚ ਨਫਰਤ ਫੈਲਾਉਣ ਵਾਲੀਆਂ ਹਨ। ਅੱਜ ਦੇ ਭਾਰਤੀ ਸਮਾਜ ਨੂੰ ਜੋੜੀ ਰੱਖਣ ਲਈ ਉਨ੍ਹਾਂ ਵਿਚ ਪਿਆਰ ਤੇ ਏਕਤਾ ਪੈਦਾ ਕਰਨ ਦੀ ਲੋੜ ਹੈ।

ਨਫਰਤ ਹੋਵੇਗੀ ਤਾਂ ਦੇਸ਼ਾਂ ਦਾ ਬਹੁਤ ਨੁਕਸਾਨ ਹੋਵੇਗਾ। ਇਸ ਵਿਅਕਤੀ ਨੇ ਲਿਖਿਆ - ਕਿ ਵਿਦਿਆ ਚਰਨ ਸ਼ੁਕਲ ਨੇ ਈਸਾਈਆਂ ਦੀ ਮਦਦ ਕਰਕੇ ਹਿੰਦੂਆਂ ਨਾਲ ਗੱਦਾਰੀ ਕੀਤੀ। ਇਸ ਵਿਅਕਤੀ ਨੂੰ ਇਹ ਨਹੀਂ ਪਤਾ ਵਿਦਿਆ ਚਰਨ ਸ਼ੁਕਲ ਹੀ ਇਸ ਦੇਸ਼ ਵਿੱਚ ਈਸਾਈਆਂ ਦਾ ਭੱਠਾ ਬਿਠਾਉਣ ਵਾਲੇ ਸਨ। ਉਨ੍ਹਾਂ ਨੇ ਹੀ ਸਾਜਿਸ਼ ਰਚ ਕੇ ਇਸ ਦੇਸ਼ ਵਿਚੋਂ ਵਿਦੇਸ਼ੀ ਈਸਾਈ ਮਿਸ਼ਨਰੀਆਂ ਕੱਢ ਦਿੱਤਾ ਤਾਂ ਕਿ ਇੱਥੇ ਈਸਾਈਅਤ ਕਮਜ਼ੋਰ ਪੈ ਜਾਵੇ।

ਉਨ੍ਹਾਂ ਦਾ ਵਿਚਾਰ ਸੀ ਕਿ ਦੇਸੀ ਈਸਾਈ ਚਰਚ ਨਹੀਂ ਚਲਾ ਸਕਣਗੇ ਅਤੇ ਉਹੀ ਗੱਲ ਹੋਈ ਦੇਸੀ ਈਸਾਈਆਂ ਕਾਰਣ ਅੰਤਰ ਰਾਸ਼ਟਰੀ ਪੱਧਰ ਮਸੀਹੀ ਸੰਸਥਾਵਾਂ ਸੁਆਹ ਹੋ ਗਈਆਂ। ਦੇਸੀ ਈਸਾਈਆਂ ਨੇ ਚਰਚ, ਕਬਰਸਤਾਨ, ਅਤੇ ਖੁਦਾ ਘਰ ਦੀਆਂ ਜ਼ਮੀਨਾਂ ਵੇਚ ਦਿੱਤੀਆਂ ਅਤੇ ਜੱਦੀ ਪੁਸ਼ਤੀ ਕੱਚੇ ਮਕਾਨਾਂ ਵਿੱਚ ਰਹਿਣ ਵਾਲੇ ਲੋਕਾਂ ਨੇ ਕੌਮ ਦਾ ਭਲਾ ਸੋਚਣ ਦੀ ਬਜਾਏ ਆਪਣੀਆਂ ਕੋਠੀਆਂ ਕਾਰਾਂ ਬਣਾਉਣ ਤੇ ਹੀ ਧਿਆਨ ਦਿੱਤਾ। ਇਸ ਵਿਅਕਤੀ ਨੂੰ ਇਹ ਵੀ ਨਹੀਂ ਪਤਾ ਕਿ ਵਿਦਿਆ ਚਰਨ ਸ਼ੁਕਲ ਦੇ ਭਰਾ ਸ਼ਾਮਾ ਚਰਨ ਸ਼ੁਕਲ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਇੰਦਰਾ ਗਾਂਧੀ ਨੇ ਹੀ ਬਣਾਇਆ ਸੀ।

# ਸਫਲ ਰਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਯੁਕਤ ਰਾਸ਼ਟਰ ਅਤੇ ਅਮਰੀਕਾ ਡਿਪਲੋਮੇਸੀ

**ਵਾਸ਼ਿੰਗਟਨ–** ਹਾਲ ਹੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦਾ ਦੌਰਾ ਕੀਤਾ, ਜਿੱਥੇ ਉਹਨਾਂ ਨੇ ਰਾਸ਼ਟਰਪਤੀ ਜੋਅ ਬਾਈਡਨ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਹਨਾਂ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਜੋ ਭਾਸ਼ਣ ਦਿੱਤਾ, ਉਸ ਨੂੰ ਸਾਰੀ ਦੁਨੀਆਂ ਨੇ ਟਿਕਟਿਕੀ ਲਗਾ ਕੇ ਸੁਣਿਆ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੇ ਲੋਕਤੰਤਰ ਦੇ ਇਤਿਹਾਸ ਨੂੰ ਦੱਸਣ ਤੋਂ ਇਲਾਵਾ ਦੁਨੀਆਂ ਦੀਆਂ ਅੱਜ ਦੀਆਂ ਮੁਸ਼ਕਿਲਾਂ ਨਾਲ ਨਜਿੱਠਣ ਵਿਚ ਨਾਕਾਮ ਹੋ ਰਹੇ ਸੰਯੁਕਤ ਰਾਸ਼ਟਰ ਵਿਚ ਵੀ ਤਬਦੀਲੀਆਂ ਦੀ ਮੰਗ ਉਠਾਈ। ਕਸ਼ਮੀਰ ਦਾ ਮੁੱਦਾ ਤੁਰਕੀ ਦੁਆਰਾ ਉਠਾਏ ਜਾਣ ਤੇ ਤੁਰਕੀ ਨੂੰ ਸਾਈਪ੍ਰਸ ਦੇ ਮੁੱਦੇ ਤੇ ਘੇਰ ਕੇ ਵਿਦੇਸ਼ ਨੀਤੀ ਦੀ ਸਫਲਤਾ ਦਾ ਪ੍ਰਗਟਾਵਾ ਮੋਦੀ ਸਰਕਾਰ ਕਰ ਚੁੱਕੀ ਹੈ। ਕੁਆਡ ਦੇਸ਼ਾਂ ਦੀ ਮੀਟਿੰਗ ਦਰਮਿਆਨ ਹਿੰਦ-ਪ੍ਰਸ਼ਾਂਤ ਖੇਤਰ ਵਿਚ ਜਾਪਾਨ, ਆਸਟ੍ਰੇਲੀਆ, ਭਾਰਤ ਅਤੇ ਅਮਰੀਕਾ ਦੀ ਰੱਖਿਆ ਵਚਨਬੱਧਤਾ ਨਾਲ ਏਸ਼ੀਆ ਦੀ ਸਥਿਰਤਾ ਅਤੇ ਵੱਧ ਰਹੇ ਖਤਰਿਆਂ ਨਾਲ ਨਜਿੱਠਣ ਲਈ ਇਕ ਵਧੀਆ ਮੰਚ ਵਜੋਂ ਕੁਆਡ ਏਕਤਾ ਨੂੰ ਪੇਸ਼ ਕੀਤਾ।



### ਹਿੰਦ ਪ੍ਰਸ਼ਾਂਤ ਖੇਤਰ 'ਚ ਸਾਂਝੇ ਹਿੱਤਾਂ ਨੂੰ ਹੁਲਾਰਾ ਦੇਣਗੇ ਅਮਰੀਕਾ-ਭਾਰਤ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਆਡ (ਚਾਰ ਮੁਲਕਾਂ) ਦੀ ਬੈਠਕ ਦੌਰਾਨ ਅਮਰੀਕਾ ਅਤੇ ਭਾਰਤ ਵਿਚਾਲੇ ਸਹਿਯੋਗ ਵਧਣ ਦਾ ਸਵਾਗਤ ਕੀਤਾ ਹੈ। ਇਸ 'ਚ ਖੇਤਰੀ ਅਖੰਡਤਾ ਅਤੇ ਕੌਮਾਂਤਰੀ ਕਾਨੂੰਨਾਂ ਦੇ ਸਬੰਧ 'ਚ ਆਜ਼ਾਦ, ਖੁੱਲ੍ਹੇ ਅਤੇ ਸਾਰਿਆਂ ਦੀ ਪਹੁੰਚ ਵਾਲੇ ਹਿੰਦ ਪ੍ਰਸ਼ਾਤ ਖ਼ਿੱਤੇ 'ਚ ਬਹੁਧਿਰੀ ਸਹਿਯੋਗ ਸ਼ਾਮਲ ਹੈ। ਕੁਆਡ ਸੁਰੱਖਿਆ ਵਾਰਤਾ 'ਚ ਭਾਰਤ, ਅਮਰੀਕਾ, ਜਪਾਨ ਅਤੇ ਆਸਟਰੇਲੀਆ ਸ਼ਾਮਲ ਹਨ। ਸਾਂਝੇ ਬਿਆਨ 'ਚ ਮੋਦੀ ਅਤੇ ਬਾਇਡਨ ਨੇ ਸਪੱਸ਼ਟ ਨਜ਼ਰੀਏ ਦੀ ਪੁਸ਼ਟੀ ਕੀਤੀ ਜੋ ਅਮਰੀਕਾ-ਭਾਰਤ ਰਿਸ਼ਤਿਆਂ ਨੂੰ ਅੱਗੇ ਵਧਾਏਗਾ। ਇਸ 'ਚ ਰਣਨੀਤਕ ਸਾਂਝੇਦਾਰੀ ਅਤੇ ਆਸੀਆਨ ਤੇ ਕੁਆਡ ਮੈਂਬਰਾਂ ਸਮੇਤ ਖੇਤਰੀ ਗੁੱਟਾਂ ਨਾਲ ਮਿਲ ਕੇ ਕੰਮ ਕਰਨਾ ਅਤੇ ਹਿੰਦ ਪ੍ਰਸ਼ਾਂਤ ਖ਼ਿੱਤੇ 'ਚ ਸਾਂਝੇ ਹਿੱਤਾਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਦੱਖਣੀ ਚੀਨ ਸਾਗਰ 'ਤੇ ਚੀਨ ਆਪਣਾ ਦਾਅਵਾ ਜਤਾਉਂਦਾ ਆ ਰਿਹਾ ਹੈ ਜਿਸ ਨੂੰ ਲੈ ਕੇ ਉਥੇ ਜਪਾਨ ਨਾਲ ਵਿਵਾਦ ਚੱਲ ਰਿਹਾ ਹੈ। ਦੋਵੇਂ ਆਗੂਆਂ ਨੇ ਕੋਵਿਡ-19 ਮਹਾਮਾਰੀ ਅਤੇ ਹੋਰ ਸਿਹਤ ਚੁਣੌਤੀਆਂ ਖ਼ਿਲਾਫ਼ ਲੜਾਈ ਨੂੰ ਖ਼ਤਮ ਕਰਨ 'ਤੇ ਵੀ ਜ਼ੋਰ ਦਿੱਤਾ। ਬਿਆਨ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਇਸ ਸਾਲ ਦੇ ਅਖੀਰ 'ਚ ਭਾਰਤ ਅਤੇ ਅਮਰੀਕਾ ਦੇ ਵਿਦੇਸ਼ ਤੇ ਰੱਖਿਆ ਮੰਤਰੀਆਂ ਦੀ 2+2 ਵਾਰਤਾ ਰਾਹੀਂ ਵਿਚਾਰ ਵਟਾਂਦਰੇ ਦਾ ਵੀ ਸਵਾਗਤ ਕੀਤਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



BPSHI group from UC Berkeley organized a health camp last Sunday at Sri Guru Ravidass Temple Pittsburg (CA) from 10:00 AM to 2:00 PM. We are thankful to all the volunteers, especially Jaspreet Sharma and Jasleen Kaur Director of UC Berkeley's BPSHI, for this great community service. BPSHI has set up health clinics for Sangat in this gurughar in the past also.

We look forward to their next health camp in near future. May Waheguru bless them.

**-Ramesh Suman**



## "Congratulations Day"

Sri Guru Ravidass Sabha Pittsburg (CA) will celebrate "Congratulations Day" on the elevation of S. Charanjit Singh Channi as the New Punjab Chief Minister of Punjab on Sunday, October 3, 2021

# ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ 'ਤੇ ਅਰਦਾਸ ਤੇ ਸ਼ੁਕਰਾਨਾ



**ਯੂਬਾ ਸਿਟੀ (ਬਿਊਰੋ)–** ਅੱਜ ਮਹਾਂਰਿਸ਼ੀ ਵਾਲਮੀਕ ਟੈਂਪਲ, ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਸ੍ਰੀ ਜਗਜੀਤ ਸਿੰਘ ਗਿੱਲ ਪ੍ਰਧਾਨ ਅਤੇ ਪ੍ਰੇਮ ਲਾਲ ਸੌਂਧੀ ਚੇਅਰਮੈਨ ਦੀ ਅਗਵਾਈ 'ਚ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ 'ਚ ਸੰਗਤ ਨੇ ਭਾਗ ਲਿਆ। ਜਿਸ ਵਿਚ ਸਭਾ ਦੇ ਸਕੱਤਰ ਸੰਤੋਖ ਸਿੰਘ ਗਿੱਲ ਵੱਲੋਂ ਸਾਰੀ ਸੰਗਤਾਂ ਨੂੰ ਕਮਿਊਨਿਟੀ ਨੂੰ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਜੋ ਕਦੇ ਵੀ ਇਹ ਮਾਣ ਨਹੀਂ ਮਿਲਿਆ।

ਜਿਸ ਵਿਚ ਐਸ. ਸੀ. ਕਮਿਊਨਿਟੀ ਨਾਲ ਸਬੰਧਤ ਸਰਦਾਰ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਪੰਜਾਬ ਬਣਨ ਦਾ ਮਾਣ ਵਾਹਿਗੁਰੂ ਜੀ ਨੇ ਬਖਸ਼ਿਸ਼ ਕੀਤਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ 1947 ਤੋਂ ਲੈ ਕੇ ਹੁਣ ਤੱਕ ਬਣੇ ਸਾਰੇ ਹੀ ਮੁੱਖ ਮੰਤਰੀਆਂ 'ਚੋਂ ਸਭ ਤੋਂ ਵੱਧ ਪੜ੍ਹੇ-ਲਿਖੇ ਅਤੇ ਨੌਜਵਾਨ ਮੁੱਖ ਮੰਤਰੀ ਹਨ। ਪੜ੍ਹੇ-ਲਿਖੇ ਹੋਣ ਤੋਂ ਇਲਾਵਾ ਯੂਨੀਵਰਸਿਟੀ ਲੇਵਲ ਤੇ ਖਿਡਾਰੀ ਵੀ ਰਹੇ ਹਨ।


ਉਹਨਾਂ ਨੇ ਆਪਣੇ ਮੰਤਰੀ ਮੰਡਲ ਵਿਚ ਤਿੰਨ ਵਾਰ ਦੇ ਐਮ. ਐਲ. ਏ. ਸ੍ਰੀ ਰਾਜ ਕੁਮਾਰ ਵੇਰਕਾ ਜੀ ਨੂੰ ਸ਼ਾਮਲ ਕਰਕੇ ਆਪਣੀ ਕਮਿਊਨਿਟੀ ਦਾ ਹੋਰ ਵੀ ਮਾਣ ਵਧਾਇਆ ਹੈ। ਮਹਾਂਰਿਸ਼ੀ ਵਾਲਮੀਕ ਮੰਦਰ ਵਿਚ ਦੋਹਾਂ ਦੀ ਲੰਮੀ ਉਮਰ, ਤੰ-ਦਰੁਸਤੀ ਤੇ ਇਹਨਾਂ ਅਹੁਦਿਆਂ ਉਪਰ ਬਹੁਤ ਵਧੀਆ ਕਾਰਗੁਜ਼ਾਰੀ ਕਰਨ ਦੀ ਅਰਦਾਸ ਕੀਤੀ ਗਈ ਅਤੇ ਦੁਨੀਆਂ ਭਰ 'ਚ ਵੱਸਦੀ ਐਸ. ਸੀ. ਕਮਿਊਨਿਟੀ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਵਧਾਈ ਦਿੱਤੀ ਗਈ।

ਸਤਿਕਾਰਯੋਗ ਮੁੱਖ ਮੰਤਰੀ ਚੰਨੀ ਸਾਹਿਬ ਤੇ ਮੰਤਰੀ ਮੰਡਲ 'ਚ ਸ਼ਾਮਲ ਵੇਰਕਾ ਜੀ ਨੂੰ ਵੀ ਇਹਨਾਂ ਅਹੁਦਿਆਂ 'ਤੇ ਬਿਰਾਜਮਾਨ ਹੋਣ ਦੀ ਲੱਖ ਲੱਖ ਵਧਾਈ ਦਿੱਤੀ ਗਈ ਹੈ।

*****

## 5 ਹੱਤਿਆਵਾਂ ਕਰਨ ਵਾਲੇ ਦੋਸ਼ੀ ਨੂੰ ਪੂਰੀ ਜ਼ਿੰਦਗੀ ਜੇਲ ਵਿੱਚ ਬਿਤਾਉਣੀ ਪਵੇਗੀ


**ਸੈਕਰਾਮੈਂਟੋ 29 ਸਤੰਬਰ (ਹੁਸਨ ਲੜੋਆ ਬੰਗਾ)–** 2018 ਵਿਚ ਮੈਰੀਲੈਂਡ ਦੀ ਕੈਪੀਟਲ ਗਜ਼ਟ ਅਖਬਾਰ ਦੇ 5 ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲੇ ਦੋਸ਼ੀ ਨੂੰ ਆਪਣੀ ਰਹਿੰਦੀ ਪੂਰੀ ਜਿੰਦਗੀ ਜੇਲ ਵਿਚ ਬਿਤਾਉਣੀ ਪਵੇਗੀ। ਅਨੇ ਅਰੁਨ-



ਡੇਲ ਕਾਊਂਟੀ ਰਾਜ ਦੇ ਅਟਾਰਨੀ ਦੇ ਬੁਲਾਰੇ ਟੀਆ ਲੈਵਿਸ ਅਨੁਸਾਰ ਦੋਸ਼ੀ ਜਾਰੋਡ ਰਮੋਸ ਨੂੰ ਬਿਨਾਂ ਜ਼ਮਾਨਤ ਦੇ ਜੀਵਨ ਕਾਲ ਲਈ ਜੇਲ ਵਿਚ ਰਹਿਣਾ ਪਵੇਗਾ। ਉਸ ਨੂੰ 5 ਉਮਰ ਕੈਦ ਸਜਾਵਾਂ ਸੁਣਾਈਆਂ ਗਈਆਂ ਹਨ। ਮੁਕੱਦਮੇ ਨਾਲ ਜੁੜੇ ਵਕੀਲਾਂ ਨੇ ਕਿਹਾ ਹੈ ਕਿ ਜਾਰੋਡ ਰਮੋਸ ਇਸੇ ਹੀ ਸਜ਼ਾ ਦਾ ਹੱਕਦਾਰ ਸੀ। ਅਦਾਲਤ ਨੇ ਦੋਸ਼ੀ ਦੇ ਪਾਗਲ ਹੋਣ ਦੀ ਦਲੀਲ ਰੱਦ ਕਰ ਦਿੱਤੀ। ਜਾਰੋਡ ਰਮੋਸ ਨੇ 28 ਜੂਨ,2018 ਨੂੰ ਐਨਾਪੋਲਿਸ ਵਿਚ ਕੈਪੀਟਲ ਗਜ਼ਟ ਅਖਬਾਰ ਦੇ ਦਫਤਰ ਵਿਚ ਦਾਖਲ ਹੋ ਕੇ ਅੰਧਾਧੁੰਦ ਗੋਲੀਬਾਰੀ ਕੀਤੀ ਸੀ ਜਿਸ ਵਿਚ 5 ਮੁਲਾਜ਼ਮਾਂ ਮਾਰੇ ਗਏ ਸਨ ਤੇ ਦੋ ਹੋਰ ਜਖਮੀ ਹੋ ਗਏ ਸਨ।

## ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਲਈ ਦੇਸ਼ ਭਗਤ ਕਮੇਟੀ ਦੀ ਅਗਵਾਈ 'ਚ ਵਿਖਾਵਾ 20 ਅਕਤੂਬਰ ਨੂੰ

**ਜਲੰਧਰ–** ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪੰਜਾਬ ਭਰ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਦੀ ਬੁਲਾਈ ਮੀਟਿੰਗ 'ਚ ਗੰਭੀਰ ਵਿਚਾਰ ਚਰਚਾ ਉਪਰੰਤ 20 ਅਕਤੂਬਰ ਦਿਨੇ 11 ਵਜੇ ਭੰਡਾਰੀ ਪੁਲ 'ਤੇ ਇਕੱਠੇ ਹੋ ਕੇ ਜਲ੍ਹਿਆਂਵਾਲਾ ਬਾਗ਼ ਤੱਕ ਰੋਹ ਭਰਪੂਰ ਵਿਖਾਵਾ ਕਰਕੇ ਆਜ਼ਾਦੀ ਸੰਗਰਾਮ ਦੇ ਸ਼ਾਨਾਮੱਤੇ ਇਤਿਹਾਸ ਦੀ ਮੂੰਹ ਬੋਲਦੀ ਗਵਾਹ ਕੌਮੀ ਇਬਾਦਤਗਾਹ ਨਾਲ ਛੇੜਛਾੜ ਕਰਨ ਖਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ ਜਾਏਗਾ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਲਏ ਫੈਸਲੇ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬਾਰ-ਬਾਰ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਜਲ੍ਹਿਆਂਵਾਲਾ ਬਾਗ਼ ਟ੍ਰਸਟ ਅਤੇ ਪ੍ਰਸਾਸ਼ਨ ਨੂੰ ਮੰਗ ਪੱਤਰ ਭੇਜਕੇ ਮੂਲ ਸਰੂਪ ਬਹਾਲ ਕਰਨ ਦੀ ਹੱਕੀ ਮੰਗ ਨੂੰ ਪ੍ਰਵਾਨ ਕਰਨ ਦਾ ਜਦੋਂ ਅਜੇ ਤੱਕ ਕੋਈ ਠੋਸ ਹੁੰਗਾਰਾ ਨਹੀਂ ਭਰਿਆ ਗਿਆ ਤਾਂ ਅੱਜ ਪੰਜਾਬ ਦੀਆਂ ਸਮੂਹ ਜਥੇਬੰਦੀਆਂ ਦੇ ਪ੍ਰਤੀਨਿੱਧਾਂ ਦੀ ਮੀਟਿੰਗ ਬੁਲਾਕੇ ਸੰਘਰਸ਼ ਦਾ ਝੰਡਾ ਚੁੱਕਣ ਲਈ ਇਹ ਫੈਸਲਾ ਕੀਤਾ ਗਿਆ ਕਿ 20 ਅਕਤੂਬਰ ਅੰਮ੍ਰਿਤਸਰ ਵਿਖੇ ਵਿਖਾਵਾ ਪਹਿਲਾ ਪੜਾਅ ਹੋਵੇਗਾ।

20 ਅਕਤੂਬਰ ਅੰਮ੍ਰਿਤਸਰ ਮੰਚ ਤੋਂ ਅਗਲੀਆਂ ਸਰਗਰਮੀਆਂ ਦਾ ਐਲਾਨ ਕੀਤਾ ਜਾਏਗਾ। ਅੱਜ ਦੀ ਮੀਟਿੰਗ 'ਚ ਅਹਿਦ ਲਿਆ ਗਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ 'ਚ ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਲਈ ਜਿੱਤ ਤੱਕ ਲੰਮਾ ਅਤੇ ਦ੍ਰਿੜ ਘੋਲ ਕੀਤਾ ਜਾਏਗਾ। ਇਸ ਮੀਟਿੰਗ 'ਚ ਸਤਨਾਮ ਸਿੰਘ ਮਾਣਕ, ਕਾਲਿਆਂਵਾਲਾ ਖੂਹ ਅਜਨਾਲਾ ਟ੍ਰਸਟ ਦੇ ਮੈਂਬਰ ਸਰਬਜੀਤ ਹੈਰੀ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜੋਰਾ ਸਿੰਘ ਨਸਰਾਲੀ, ਬਲਕਾਰ ਸਿੰਘ ਘੁਰਕਣੀ, ਸ਼ਹੀਦ ਭਗਤ ਸਿੰਘ ਕਲਾ ਮੰਚ, ਪੇਂਡੂ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਸਿੰਘ ਘੁੱਗਸ਼ੋਰ, ਭਾਰਤੀ ਕਿਸਾਨਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਨੌਜਵਾਨ ਭਾਰਤ ਸਭਾ ਦੇ ਵਿੱਤ ਸਕੱਤਰ ਜਸਕਰਨ ਆਜ਼ਾਦ, ਤਰਕਸ਼ੀਲ ਸੁਸਾਇਟੀ ਦੇ ਪਰਮਜੀਤ ਸਿੰਘ, ਸਰਵ ਭਾਰਤ ਨੌਜਵਾਨ ਸਭਾ ਦੇ ਸੁਖਵਿੰਦਰ ਮਹੇਸ਼ਰੀ, ਪੰਜਾਬ ਸਟੂਡੈਂਟਸ ਯੂਨੀਅਨ ਸ਼ਹੀਦ ਰੰਧਾਵਾ, ਦੇ ਹੁਸ਼ਿਆਰ ਸਿੰਘ ਸਲੇਮਗੜ੍ਹ, ਜਮਹੂਰੀ ਅਧਿਕਾਰ ਸਭਾ ਦੇ ਨਰਭਿੰਦਰ, ਫੋਕਲੋਰ ਰੀਸਰਚ ਅਕੈਡਮੀ ਦੇ ਰਾਮੇਸ਼ ਯਾਦਵ, ਭੁਪਿੰਦਰ ਸਿੰਘ ਸੰਧੂ, ਕਿਸਾਨ ਸੰਘਰਸ਼ ਕਮੇਟੀ ਦੇ ਹਰਜੀਤ ਸਿੰਘ ਰਵੀ ਤੋਂ ਇਲਾਵਾ ਕੁਲਵੰਤ ਸਿੰਘ, ਪਰਮਜੀਤ ਕਡਿਆਣਾ ਨੇ ਵਿਚਾਰ-ਚਰਚਾ ਵਿੱਚ ਹਿੱਸਾ ਲਿਆ।

ਇਸ ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਸੁਰਿਦਰ ਕੁਮਾਰੀ ਕੋਛੜ, ਵਿਜੈ ਬੰਬੇਲੀ ਵੀ ਹਾਜ਼ਰ ਸਨ।

ਮੀਟਿੰਗ 'ਚ ਇਹ ਫੈਸਲਾ ਵੀ ਹੋਇਆ ਕਿ ਸਭੇ ਜਨਤਕ ਜਥੇਬੰਦੀਆਂ ਆਪੋ ਆਪਣੀਆਂ ਸਰਗਰਮੀਆਂ, ਘੋਲਾਂ ਦੇ ਪਿੜ੍ਹਾਂ ਅੰਦਰੋਂ ਵੀ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ ਲਈ ਨਿਰੰਤਰ ਆਵਾਜ਼ ਬੁਲੰਦ ਕਰਨਗੀਆਂ।

# ਅਮਰੀਕਾ ਵਿਚ 2020 ਦੌਰਾਨ ਕਤਲਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ

**ਸੈਕਰਾਮੈਂਟੋ 28 ਸਤੰਬਰ (ਹੁਸਨ ਲੜੋਆ ਬੰਗਾ)** ਐਫ ਬੀ ਆਈ ਦੁਆਰਾ ਜਾਰੀ ਸਲਾਨਾ ਅਪਰਾਧ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਅਮਰੀਕਾ ਵਿਚ 2019 ਦੀ ਤੁਲਨਾ ਵਿਚ 2020 ਦੌਰਾਨ ਕਤਲਾਂ ਵਿਚ 30% ਵਾਧਾ ਦਰਜ ਹੋਇਆ ਹੈ ਜੋ ਇਕ ਰਿਕਾਰਡ ਹੈ। 1960 ਵਿਚ ਜਦੋਂ ਐਫ ਬੀ ਆਈ ਨੇ ਅਪਰਾਧਾਂ ਦਾ ਹਿਸਾਬ ਕਿਤਾਬ ਰਖਣਾ ਸ਼ੁਰੂ ਕੀਤਾ ਸੀ, ਤੋਂ ਬਾਅਦ ਕਿਸੇ ਇਕ ਸਾਲ ਦੌਰਾਨ ਕਤਲਾਂ ਵਿਚ ਹੋਇਆ ਇਹ ਵਾਧਾ ਸਭ ਤੋਂ ਵਧ ਹੈ। ਰਿਪੋਰਟ ਅਨੁਸਾਰ 2019 ਤੇ 2020 ਵਿਚ ਹਿੰਸਕ ਅਪਰਾਧ 5% ਵਧੇ ਹਨ ਜਦ ਕਿ ਸਮੁੱਚੇ ਤੌਰ ਤੇ ਅਪਰਾਧਾਂ ਵਿਚ 6% ਵਾਧਾ ਹੋਇਆ ਹੈ। ਪਿਛਲੇ ਸਾਲ ਅਮਰੀਕਾ ਵਿਚ 21,500 ਤੋਂ ਵਧ ਕਤਲ ਹੋਏ। ਇਕ ਲੱਖ ਵਿਅਕਤੀਆਂ ਪਿਛੇ ਕਤਲਾਂ ਦੀ ਦਰ 6.5% ਰਹੀ ਹਾਲਾਂ ਕਿ ਇਹ ਦਰ 1980 ਤੇ 1990 ਦੇ ਦਹਾਕੇ ਤੋਂ ਤਕਰੀਬਨ 40% ਘੱਟ ਹੈ ਜਦੋਂ ਅਮਰੀਕਾ ਵਿਚ ਕਤਲ ਸਿਖਰੋਂ ਤੇ ਪੁੱਜ ਗਏ ਸਨ। ਰਿਪੋਰਟ ਅਨੁਸਾਰ ਪਿਛਲੇ ਸਾਲ ਗਰਮੀਆਂ ਦੌਰਾਨ ਕਤਲਾਂ ਵਿਚ ਭਾਰੀ ਵਾਧਾ ਹੋਇਆ ਤੇ ਜੂਨ ਤੇ ਜੁਲਾਈ ਵਿਚ ਕਤਲਾਂ ਦੀ ਗਿਣਤੀ ਉੱਚ ਪੱਧਰ ਉਪਰ ਪੁੱਜ ਗਈ ਸੀ। ਇਥੇ ਜਿਕਰਯੋਗ ਹੈ ਕਿ ਲਾਅ ਇਨਫੋਰਸਮੈਂਟ ਏਜੰਸੀਆਂ ਤੋਂ ਅੰਕੜੇ ਇਕੱਠੇ ਕਰਕੇ ਐਫ ਬੀ ਆਈ ਸਲਾਨਾ ਰਿਪੋਰਟ ਜਾਰੀ ਕਰਦੀ ਹੈ ਪਰੰਤੂ ਏਜੰਸੀਆਂ ਅੰਕੜੇ ਦੇਣ ਵਾਸਤੇ ਪਾਬੰਦ ਨਹੀਂ ਹਨ। ਬਹੁਤ ਸਾਰੀਆਂ ਏਜੰਸੀਆਂ ਨੇ ਅਪਰਾਧਾਂ ਸਬੰਧੀ ਅੰਕੜੇ ਨਹੀਂ ਦਿੱਤੇ ਹਨ। 2020 ਵਿਚ ਕੁਲ 18000 ਤੋਂ ਵਧ ਏਜੰਸੀਆਂ ਵਿਚੋਂ 15875 ਏਜੰਸੀਆਂ ਨੇ ਹੀ ਅੰਕੜੇ ਦਿੱਤੇ ਸਨ। ਐਫ ਬੀ ਆਈ ਨੂੰ ਨਿਊਯਾਰਕ, ਸ਼ਿਕਾਗੋ ਤੇ ਨਿਊ ਓਰਲੀਨਜ ਸਮੇਤ ਅਨੇਕਾਂ ਵੱਡੇ ਸ਼ਹਿਰਾਂ ਵਿਚ ਹੋਏ ਅਪਰਾਧਾਂ ਦੇ ਅੰਕੜੇ ਨਹੀਂ ਮਿਲੇ ਹਨ। ਜਿਸ ਤੋਂ ਸਪਸ਼ਟ ਹੈ ਕਿ ਅਸਲ ਵਿਚ ਕਤਲਾਂ ਦੀ ਗਿਣਤੀ ਕਿਤੇ ਵਧ ਹੋ ਸਕਦੀ ਹੈ। ਐਫ ਬੀ ਆਈ ਨੇ 2020 ਸਾਲ ਖਤਮ ਹੋਣ ਦੇ 9 ਮਹੀਨਿਆਂ ਬਾਅਦ ਰਿਪੋਰਟ ਜਾਰੀ ਕੀਤੀ ਹੈ ਜਦ ਕਿ 2020 ਦੀ ਮੁੱਢਲੀ ਰਿਪੋਰਟ ਵਿਚ ਐਫ ਬੀ ਆਈ ਨੇ ਕਤਲਾਂ ਵਿਚ 25% ਵਾਧਾ ਹੋਣ ਦੀ ਗੱਲ ਕਹੀ ਸੀ। ਰਿਪੋਰਟ ਵਿਚ ਦੇਰੀ ਹੋਣ ਦਾ ਕਾਰਨ ਵੀ ਅੰਕੜਿਆਂ ਦਾ ਨਾ ਮਿਲਣਾ ਹੈ।



ਗੁਰਿੰਦਰਜੀਤ ਨੀਟਾ ਮਾਛੀਕੇ


ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਫਰਿਜ਼ਨੋ ਪੁਲਿਸ ਨੇ ਅਗਸਤ ਤੋਂ ਲੈ ਕੇ ਕੀਤੀਆਂ ਤਕਰੀਬਨ 300 ਅਪਰਾਧਿਕ ਗ੍ਰਿਫਤਾਰੀਆਂ

**ਫਰਿਜ਼ਨੋ (ਕੈਲੀਫੋਰਨੀਆ)** – ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਪੁਲਿਸ ਵਿਭਾਗ ਵੱਲੋਂ ਅਗਸਤ ਦੇ ਸ਼ੁਰੂ ਵਿੱਚ ਗੈਂਗ ਹਿੰਸਾ 'ਤੇ ਆਪਣੇ ਯਤਨਾਂ ਨੂੰ ਕੇਂਦਰਤ ਕਰਨ ਤੋਂ ਬਾਅਦ ਅਧਿਕਾਰੀਆਂ ਨੇ ਤਕਰੀਬਨ 300 ਅਪਰਾਧਿਕ ਗ੍ਰਿਫਤਾਰੀਆਂ ਕੀਤੀਆਂ ਹਨ। ਇਸ ਸਬੰਧੀ ਫਰਿਜ਼ਨੋ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਭਾਗ ਦੇ ਮੈਗੇਕ ਅਧਿਕਾਰੀਆਂ ਨੇ ਫਰਿਜ਼ਨੋ ਪੁਲਿਸ ਗੈਂਗ ਸੁਪਰੈਸ਼ਨ ਟੀਮ (ਜੀ ਐਸ ਟੀ) ਦੇ ਨਾਲ ਕੰਮ ਕਰਦੇ ਹੋਏ ਅਪਰਾਧਿਕ ਗੈਂਗ ਦੇ ਮੈਂਬਰਾਂ, ਗੈਂਗ ਨਾਲ ਸਬੰਧਤ ਗੋਲੀਬਾਰੀ ਅਤੇ ਹੱਤਿਆਵਾਂ ਨਾਲ ਜੁੜੀਆਂ ਅਪਰਾਧਿਕ ਗਤੀਵਿਧੀਆਂ 'ਤੇ ਆਪਣਾ ਧਿਆਨ ਕੇਂਦਰਤ ਕੀਤਾ ਹੈ। ਪੁਲਿਸ




ਅਨੁਸਾਰ ਪਿਛਲੇ ਦਸ ਦਿਨਾਂ ਦੇ ਅੰਦਰ ਹੀ 16 ਅਪਰਾਧਿਕ ਗ੍ਰਿਫਤਾਰੀਆਂ ਕੀਤੀਆਂ ਹਨ ਅਤੇ 7 ਸਰਚ ਵਾਰੰਟਾਂ 'ਤੇ ਕਾਰਵਾਈ ਕਰਦਿਆਂ ਗੈਂਗ ਮੈਂਬਰਾਂ ਕੋਲੋਂ 12 ਹਥਿਆਰ ਵੀ ਜਬਤ ਕੀਤੇ ਹਨ। ਫਰਿਜ਼ਨੋ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਰਾਮਦ ਕੀਤੇ ਗਏ ਬਹੁਤ ਸਾਰੇ ਹਥਿਆਰਾਂ ਦੀ ਵਰਤੋਂ ਫਰਿਜ਼ਨੋ ਸ਼ਹਿਰ ਵਿੱਚ ਗੋਲੀਬਾਰੀ ਕਰਨ ਲਈ ਕੀਤੀ ਜਾ ਰਹੀ ਸੀ।

ਵਿਭਾਗ ਅਨੁਸਾਰ ਕੁੱਲ ਮਿਲਾ ਕੇ, 5 ਅਗਸਤ ਨੂੰ ਗੈਂਗ ਆਪਰੇਸ਼ਨ ਦੇ ਸ਼ੁਰੂ ਹੋਣ ਤੋਂ ਬਾਅਦ, ਅਧਿਕਾਰੀਆਂ ਅਤੇ ਜਾਸੂਸਾਂ ਨੇ 282 ਗ੍ਰਿਫਤਾਰੀਆਂ ਦੇ ਨਾਲ 162 ਬੰਦੂਕਾਂ ਜ਼ਬਤ ਕੀਤੀਆਂ ਹਨ।

# ਅਮਰੀਕਾ ਦੇ ਫੋਰਟ ਬਲਿਸ ਬੇਸ 'ਤੇ ਅਫਗਾਨ ਸ਼ਰਨਾਰਥੀਆਂ ਨੇ ਮਹਿਲਾ ਸੈਨਿਕ ਨਾਲ ਕੀਤੀ ਮਾਰਕੁੱਟ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦ ਨਿਊ ਮੈਕਸੀਕੋ 'ਚ ਫੋਰਟ ਬਲਿਸ ਵਿਖੇ ਇੱਕ ਮਹਿਲਾ ਸੈਨਿਕ ਵੱਲੋਂ, ਉਸ ਨਾਲ ਕੁੱਝ ਪੁਰਸ਼ ਅਫਗਾਨ ਸ਼ਰਨਾਰਥੀਆਂ ਦੇ ਇੱਕ ਸਮੂਹ ਦੁਆਰਾ ਮਾਰਕੁੱਟ ਕਰਨ ਦੀ ਰਿਪੋਰਟ ਕੀਤੀ ਗਈ ਹੈ, ਜਿਸ ਦੀ ਐੱਫ ਬੀ ਆਈ ਦੁਆਰਾ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੇਸ ਦੇ ਇੱਕ ਲੈਫਟੀਨੈਂਟ ਕਰਨਲ ਨੇ ਦੱਸਿਆ ਕਿ ਇਸ ਮਹਿਲਾ ਸੈਨਿਕ ਦੇ ਅਨੁਸਾਰ ਉਸ 'ਤੇ 19 ਸਤੰਬਰ ਨੂੰ ਬੇਸ ਦੇ ਡੋਨਾ ਅਨਾ ਕੰਪਲੈਕਸ ਵਿੱਚ ਇੱਕ ਛੋਟੇ ਅਫਗਾਨੀ ਸ਼ਰਨਾਰਥੀ ਸਮੂਹ ਦੁਆਰਾ ਹਮਲਾ ਕੀਤਾ ਗਿਆ ਸੀ। ਕਰਨਲ ਅਨੁਸਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ



ਲੈਂਦਿਆਂ, ਇਹ ਕੇਸ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਕੋਲ ਭੇਜਿਆ ਗਿਆ ਹੈ। ਡੋਨਾ ਅਨਾ ਕੰਪਲੈਕਸ, ਜੋ ਕਿ ਨਿਊ ਮੈਕਸੀਕੋ ਸਰਹੱਦ ਦੇ ਪਾਰ ਟੈਕਸਸ ਦੇ ਏਲ ਪਾਸੋ ਵਿੱਚ ਫੋਰਟ ਬਲਿਸ ਵਿੱਚ ਹੈ, ਨੂੰ ਫਾਇਰਿੰਗ ਰੇਂਜ ਵਜੋਂ ਵਰਤਿਆ ਜਾਂਦਾ ਹੈ ਅਤੇ ਹੁਣ ਇਸਨੂੰ ਸ਼ਰਨਾਰਥੀਆਂ ਲਈ ਇੱਕ ਵਿਸ਼ਾਲ, ਏਅਰ ਕੰਡੀਸ਼ਨਡ ਟੈਂਟ ਸਿਟੀ ਵਿੱਚ ਬਦਲਿਆ ਗਿਆ ਹੈ। ਅਮਰੀਕੀ ਅਧਿਕਾਰੀਆਂ ਦੇ ਅਨੁਸਾਰ ਤਕਰੀਬਨ 10,000 ਬੇਘਰ ਸ਼ਰਨਾਰਥੀ ਇਸ ਸੁਵਿਧਾ ਵਿੱਚ ਰਹਿ ਰਹੇ ਹਨ ਅਤੇ ਉਹ ਅਗਲੀ ਕਾਰਵਾਈ ਤੱਕ ਇਸ ਬੇਸ ਵਿੱਚ ਰਹਿਣਗੇ।

# ਦੇਸ਼ ਨਿਕਾਲੇ ਦੀਆਂ ਉਡਾਣਾਂ ਦੌਰਾਨ ਹੈਤੀ ਨਿਵਾਸੀਆਂ ਨੇ ਕੀਤੇ ਪਾਈਲਟਾਂ ਤੇ ਅਧਿਕਾਰੀਆਂ 'ਤੇ ਹਮਲੇ

**ਫਰਿਜ਼ਨੋ (ਕੈਲੀਫੋਰਨੀਆ)**– ਪਿਛਲੇ ਦਿਨਾਂ ਦੌਰਾਨ ਟੈਕਸਾਸ ਵਿੱਚ ਡੇਲ ਰਿਓ ਸਥਿਤ ਇੱਕ ਪੁਲ ਹੇਠਾਂ ਹਜ਼ਾਰਾਂ ਦੀ ਤਾਦਾਦ ਵਿੱਚ ਗੈਰ ਕਾਨੂੰਨੀ ਪ੍ਰਵਾਸੀ ਇਕੱਠੇ ਹੋਏ ਸਨ । ਇਹਨਾਂ ਵਿੱਚ ਬਹੁਗਿਣਤੀ ਹੈਤੀ ਮੂਲ ਦੇ ਲੋਕਾਂ ਦੀ ਸੀ । ਅਮਰੀਕੀ ਪ੍ਰਸ਼ਾਸਨ ਵੱਲੋਂ ਪ੍ਰਵਾਸੀਆਂ ਦੀ ਭੀੜ ਨਾਲ ਨਜਿੱਠਣ ਲਈ ਹੈਤੀ ਨਿਵਾਸੀਆਂ ਨੂੰ ਡਿਪੋਰਟ ਕਰਨ ਲਈ ਫਲਾਈਟਾਂ ਸ਼ੁਰੂ ਕੀਤੀਆਂ ਗਈਆਂ ਸਨ। ਇਸ ਸਬੰਧੀ ਰਿਪੋਰਟਾਂ ਦੇ ਅਨੁਸਾਰ, ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਹੈਤੀਆਈ ਗੈਰਕਾਨੂੰਨੀ ਪ੍ਰਵਾਸੀਆਂ ਨੇ ਇਸ ਕੈਰੇਬੀਅਨ ਦੇਸ਼ ਵਿੱਚ ਉਨ੍ਹਾਂ ਦੀ ਵਾਪਸੀ ਨੂੰ ਰੋਕਣ ਲਈ ਜਹਾਜ਼ਾਂ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਸ ਇਨਫੋਰਸ (ਆਈ ਸੀ ਈ) ਅਫਸਰਾਂ ਅਤੇ ਪਾਈਲਟਾਂ ਉੱਤੇ ਹਿੰਸਕ ਹਮਲਾ ਕੀਤੇ।

ਅਧਿਕਾਰੀਆਂ ਅਨੁਸਾਰ ਇੱਕ ਘਟਨਾ ਵਿੱਚ, ਦੋ ਹੈਤੀ ਵਾਸੀਆਂ ਨੇ ਉਡਾਣ ਦੌਰਾਨ ਆਈ ਸੀ ਈ ਅਧਿਕਾਰੀਆਂ ਨੂੰ ਮਾਰਿਆ, ਜਿਸ ਉਪਰੰਤ ਉਨ੍ਹਾਂ ਦੇ ਜਹਾਜ਼ ਨੂੰ ਡੇਲ ਰੀਓ ਦੇ ਲਾਫਲਿਨ ਏਅਰ ਫੋਰਸ ਬੇਸ ਦੇ ਰਨਵੇਅ ਤੋਂ ਵਾਪਸ ਮੋੜਿਆ ਗਿਆ। ਇੱਕ ਹੋਰ ਘਟਨਾ ਕਾਰਨ ਸੋਮਵਾਰ ਨੂੰ ਇੱਕ ਹੋਰ ਉਡਾਣ ਨੂੰ ਰੱਦ ਕਰਨਾ ਪਿਆ ਜਦੋਂ ਪ੍ਰਵਾਸੀਆਂ



ਨੇ ਜਹਾਜ਼ ਵਿੱਚ ਕਰਮਚਾਰੀਆਂ ਨਾਲ ਲੜਨਾ ਸ਼ੁਰੂ ਕਰ ਦਿੱਤਾ। ਇੱਕ ਵੱਖਰੀ ਘਟਨਾ ਵਿੱਚ, ਕਈ ਹੈਤੀ ਵਾਸੀਆਂ ਨੇ ਮੰਗਲਵਾਰ ਨੂੰ ਪੋਰਟ ਏਯੂ ਪ੍ਰਿੰਸ ਵਿੱਚ ਪਾਈਲਟਾਂ ਦੀ ਕੁੱਟਮਾਰ ਕੀਤੀ ਅਤੇ ਤਿੰਨ ਆਈ ਸੀ ਈ ਅਧਿਕਾਰੀਆਂ ਨੂੰ ਵੀ ਜ਼ਖਮੀ ਕਰ ਦਿੱਤਾ। ਇਹਨਾਂ ਘਟਨਾਵਾਂ ਦੇ ਇਲਾਵਾ ਹੈਤੀਅਨ ਲੋਕਾਂ ਦੇ ਇੱਕ ਸਮੂਹ ਨੂੰ ਜਹਾਜ਼ ਤੱਕ ਲੈ ਕੇ ਜਾ ਰਹੀ ਬੱਸ ਦਾ ਕੰਟਰੋਲ ਵੀ ਇਹਨਾਂ ਪ੍ਰਵਾਸੀਆਂ ਨੇ ਆਪਣੇ ਹੱਥ ਵਿੱਚ ਕਰ ਲਿਆ ਸੀ। ਹੋਮਲੈਂਡ ਸਕਿਓਰਿਟੀ ਵਿਭਾਗ ਅਨੁਸਾਰ ਹਾਲ ਹੀ ਦੇ ਦਿਨਾਂ ਵਿੱਚ ਤਕਰੀਬਨ 1,401 ਪ੍ਰਵਾਸੀਆਂ ਨੂੰ ਹੈਤੀ ਭੇਜਿਆ ਗਿਆ ਹੈ।


## Law Office of
## NIRWAN & ASSOCIATES

www.nirwanlaw.com



*Business Incorporation*

Articles of Incorp

Dissolution

501 © Non-Profit

Jagdip S. Nirwan, Esq

916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



## A & S
## Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਚਾਰਟਰ ਉਡਾਣ ਰਾਹੀਂ 100 ਤੋਂ ਵਧ ਅਮਰੀਕੀਆਂ ਨੂੰ ਅਫਗਾਨਿਸਤਾਨ ਵਿਚੋਂ ਕੱਢਿਆ

**ਸੈਕਰਾਮੈਂਟੋ 29 ਸਤੰਬਰ (ਹੁਸਨ ਲੜੋਆ ਬੰਗਾ)-** ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਹਰ ਅਮਰੀਕੀ ਨਾਗਰਿਕ ਤੇ ਸਾਂਝੀਆਂ ਫੋਰਸਾਂ ਦੀ ਮੱਦਦ ਕਰਨ ਵਾਲੇ ਲੋਕਾਂ ਨੂੰ ਅਫਗਾਨਿਸਤਾਨ ਵਿਚੋਂ ਕੱਢਕੇ ਲਿਆਉਣ ਦੇ ਦਿੱਤੇ ਗਏ ਬਿਆਨ ਉਸ ਵੇਲੇ ਉਮੀਦਾਂ ਉਪਰ ਖਰੇ ਉਤਰਦੇ ਨਜਰ ਨਹੀਂ ਆਏ ਜਦੋਂ ਅਫਗਾਨਿਸਤਾਨ ਵਿਚ ਫਸੇ 100 ਤੋਂ ਵਧ ਅਮਰੀਕੀਆਂ ਨੂੰ ਦੋ ਸੰਸਥਾਵਾਂ ਨੇ ਆਪਣੀਆਂ ਕੋਸ਼ਿਸ਼ਾਂ ਰਾਹੀਂ ਇਕ ਨਿੱਜੀ ਚਾਰਟਰ ਜਹਾਜ਼ ਰਾਹੀਂ ਕੱਢਕੇ ਲਿਆਂਦਾ। ਇਨਾਂ ਸੰਸਥਾਵਾਂ ਨੇ ਕਤਰ ਏਅਰਵੇਅਜ਼ ਦਾ ਯਾਤਰੀ ਜਹਾਜ਼ ਕਿਰਾਏ ਉਪਰ ਲਿਆ ਤੇ 100 ਤੋਂ ਵਧ ਅਮਰੀਕੀ ਨਾਗਰਿਕਾਂ, ਗਰੀਨ ਕਾਰਡਧਾਰਕਾਂ ਤੇ ਵਿਸ਼ੇਸ਼ ਇਮੀਗਰਾਂਟ ਵੀਜ਼ਾਧਾਰਕਾਂ ਨੂੰ ਸੁਰੱਖਿਅਤ ਕੱਢ ਕੇ ਲਿਆਂਦਾ। ਪ੍ਰਾਜੈਕਟ ਡਾਇਨਾਮੋ ਤੇ ਹਿਊਮੈਨ ਫਸਟ ਕੁਲੀਸ਼ਨ ਨੇ ਜਾਰੀ ਇਕ ਬਿਆਨ ਕਿਹਾ ਹੈ ਕਿ ਅਮਰੀਕੀਆਂ ਨੂੰ ਅਫਗਾਨਿਸਤਾਨ ਵਿਚੋਂ ਕੱਢਕੇ ਲਿਆਉਣ ਸਮੇ ਕੋਵਿਡ-19 ਸਬੰਧੀ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ। ਕਾਬਲ ਤੋਂ ਵਿਸ਼ੇਸ਼ ਉਡਾਣ ਰਾਹੀਂ ਅਮਰੀਕਾ ਲਿਆਂਦੇ ਵਿਅਕਤੀਆਂ ਵਿਚ 18 ਸਾਲ ਤੋਂ ਘੱਟ ਉਮਰ ਦੇ 59 ਤੇ 16 ਸਾਲ ਤੋਂ ਘੱਟ ਉਮਰ ਦੇ 3ਬੱਚੇ ਸ਼ਾਮਿਲ ਹਨ। ਯੂ ਐਸ ਲੀਗਲ ਪਰਮਾਨੈਂਟ ਰੈਜੀਡੈਂਸ ਨੇ ਇਕ ਬਿਆਨ ਵਿਚ ਅਮਰੀਕਾ ਦੇ ਵਿਦੇਸ਼ ਵਿਭਾਗ ਤੇ ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਮੰਤਰਾਲੇ ਵੱਲੋਂ ਚੁਣੌਤੀ ਭਰਪੂਰ ਹਾਲਾਤ ਵਿਚ ਅਫਗਾਨਿਸਤਾਨ ਵਿਚੋਂ ਅਮਰੀਕੀਆਂ ਨੂੰ ਕੱਢਕੇ ਲਿਆਉਣ ਵਿਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਹੈ । ਇਸ ਦੇ ਨਾਲ ਹੀ ਤਾਲਿਬਾਨ ਦੀ ਭੂਮਿਕਾ ਦੀ ਵੀ ਪ੍ਰਸੰਸਾ ਕੀਤੀ ਹੈ ਜਿਨਾਂ ਨੇ ਅਫਗਾਨਿਸਤਾਨ ਵਿਚੋਂ ਸ਼ਾਂਤਮਈ ਢੰਗ ਨਾਲ ਅਮਰੀਕੀਆਂ ਨੂੰ ਨਿਕਲਣ ਦਿੱਤਾ ਤੇ ਕਿਸੇ ਵੀ ਕਿਸਮ ਦਾ ਅੜਿਕਾ ਨਹੀਂ ਪਾਇਆ। ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿਚੋਂ ਲੋਕਾਂ ਨੂੰ ਕੱਢਕੇ ਲਿਆਉਣਾ ਇਕ ਵੱਡਾ ਕੰਮ ਹੈ ਤੇ ਏਜੰਸੀਆਂ ਨਾਲ ਤਾਲਮੇਲ ਦੀ ਲੋੜ ਨੂੰ ਅਮਰੀਕੀ ਸਰਕਾਰ ਭਲੀਭਾਂਤ ਸਮਝਦੀ ਹੈ ਤੇ ਇਸ ਦੇ ਨਾਲ ਹੀ ਅਸੀਂ ਗੈਰ ਸਰਕਾਰੀ ਸੰਗਠਨਾਂ ਤੇ ਵਿਅਕਤੀਗਤ ਕੋਸ਼ਿਸ਼ਾਂ ਦੀ ਵੀ ਅਸੀਂ ਪ੍ਰਸੰਸਾ ਕਰਦੇ ਹਾਂ।

# ਹੁਣ ਸਿੱਧੂ ਅਤੇ ਨਵੀਂ ਬਣੀ ਕੈਬਨਿਟ ਮੰਤਰੀ ਰਜੀਆ ਸੁਲਤਾਨਾ ਨੇ ਦਿੱਤਾ ਅਸਤੀਫਾ

**(ਸਫਾ 1 ਦੀ ਬਾਕੀ)**

ਸਿੱਧੂ ਖ਼ਿਲਾਫ਼ ਸਨ। ਨਵਜੋਤ ਸਿੱਧੂ ਦੀ ਸਿਆਸੀ ਔਖ ਦਾ ਮੁੱਢ ਮੁੱਖ ਮੰਤਰੀ ਚੰਨੀ ਵੱਲੋਂ ਸਿੱਧੂ ਦੀ ਸਲਾਹ ਤੋਂ ਬਿਨਾਂ ਡੀਜੀਪੀ ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਕਰਨ ਤੋਂ ਹੀ ਬੱਝ ਗਿਆ ਸੀ। ਸੂਤਰਾਂ ਅਨੁਸਾਰ ਸਿੱਧੂ ਦਾ ਤਰਕ ਹੈ ਕਿ ਅਜਿਹੇ ਸ਼ਖ਼ਸ ਨੂੰ ਡੀਜੀਪੀ ਲਾਇਆ ਗਿਆ ਹੈ ਜਿਸ ਦੀ ਅਗਵਾਈ ਵਿਚ ਬਰਗਾੜੀ ਕਾਂਡ ਵਿਚ ਪਹਿਲੀ 'ਸਿਟ' ਬਣੀ ਸੀ ਅਤੇ ਦੋ ਨੌਜਵਾਨਾਂ ਨੂੰ ਨਿਹੱਥੇ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਤਰ੍ਹਾਂ ਸਿੱਧੂ ਅੰਦਰੋਂ ਇਸ ਗੱਲੋਂ ਵੀ ਔਖੇ ਸਨ ਕਿ ਪੰਜਾਬ ਦਾ ਐਡਵੋਕੇਟ ਜਨਰਲ ਸਾਬਕਾ ਡੀਜੀਪੀ ਸੁਮੇਧ ਸੈਣੀ ਦੇ ਵਕੀਲ ਨੂੰ ਬਣਾਇਆ ਗਿਆ ਹੈ। ਨਵਜੋਤ ਸਿੱਧੂ ਆਪਣੀ ਪਸੰਦ ਦਾ ਐਡਵੋਕੇਟ ਜਨਰਲ ਨਿਯੁਕਤ ਕਰਾਉਣਾ ਚਾਹੁੰਦੇ ਸਨ, ਪਰ ਕਾਂਗਰਸ ਹਾਈਕਮਾਨ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਉਪਰੋਂ ਨਵਜੋਤ ਸਿੱਧੂ ਦੇ ਸਲਾਹਕਾਰ ਤੇ ਸਾਬਕਾ ਪੁਲੀਸ ਅਧਿਕਾਰੀ ਮੁਹੰਮਦ ਮੁਸਤਫ਼ਾ ਵੀ ਅੰਦਰੋਂ-ਅੰਦਰੀ ਆਪਣੇ ਸਿਆਸੀ ਪੱਤੇ ਚੱਲ ਰਹੇ ਹਨ। ਮੁਸਤਫ਼ਾ ਦੀ ਪਸੰਦ ਦਾ ਡੀਜੀਪੀ ਵੀ ਮੁੱਖ ਮੰਤਰੀ ਨੇ ਨਹੀਂ ਲਾਇਆ ਹੈ। ਨਵਜੋਤ ਸਿੱਧੂ ਦੇ ਅਸਤੀਫ਼ੇ ਮਗਰੋਂ ਰਜ਼ੀਆ ਸੁਲਤਾਨਾ ਅਤੇ ਮੁਹੰਮਦ ਮੁਸਤਫ਼ਾ ਨੇ ਸਿੱਧੂ ਨਾਲ ਪਟਿਆਲਾ ਵਿਖੇ ਮੁਲਾਕਾਤ ਕੀਤੀ। ਉਸ ਮੁਲਾਕਾਤ ਪਿੱਛੋਂ ਹੀ ਰਜ਼ੀਆ ਸੁਲਤਾਨਾ ਨੇ ਅਸਤੀਫ਼ਾ ਦਿੱਤਾ। ਦੂਸਰੀ ਤਰਫ਼ ਕਾਂਗਰਸੀ ਵਰਕਰ ਤੇ ਆਗੂ ਇਸ ਗੱਲੋਂ ਪ੍ਰੇਸ਼ਾਨ ਹਨ ਕਿ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਚੰਨੀ ਨੂੰ ਲਾਏ ਜਾਣ ਮਗਰੋਂ ਬਣੀ ਸਿਆਸੀ ਖੇਡ ਦੇ ਰੰਗ ਵਿਚ ਭੰਗ ਪਾ ਦਿੱਤਾ ਹੈ।

ਅਸਤੀਫ਼ੇ ਨਾਲ ਆਮ ਲੋਕਾਂ ਵਿੱਚ ਸਿੱਧੂ ਬਾਰੇ ਇਹੀ ਪ੍ਰਭਾਵ ਗਿਆ ਹੈ ਕਿ ਉਹ ਕਿਸੇ ਨਾਲ ਵੀ ਕਦਮ ਮਿਲਾ ਕੇ ਨਹੀਂ ਚੱਲ ਸਕਦੇ। ਟਕਸਾਲੀ ਕਾਂਗਰਸੀ ਆਗੂ ਆਖ ਰਹੇ ਹਨ ਕਿ ਨਵਜੋਤ ਸਿੱਧੂ ਤਾਂ ਵਿਰੋਧੀ ਧਿਰਾਂ ਨਾਲੋਂ ਵੀ ਕਾਹਲੇ ਨਿਕਲੇ ਜਿਨ੍ਹਾਂ ਚੰਨੀ ਦੀ ਵਜ਼ਾਰਤ ਨੂੰ ਕਾਰਗੁਜ਼ਾਰੀ ਦਿਖਾਉਣ ਲਈ ਦਸ ਦਿਨਾਂ ਦਾ ਸਮਾਂ ਵੀ ਨਹੀਂ ਦਿੱਤਾ।

**ਰਾਹੁਲ-ਪ੍ਰਿਯੰਕਾ ਨਮੋਸ਼ੀ 'ਚ**

ਨਵਜੋਤ ਸਿੱਧੂ ਵੱਲੋਂ ਅਚਾਨਕ ਦਿੱਤੇ ਅਸਤੀਫ਼ੇ ਤੋਂ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਕਾਫ਼ੀ ਨਮੋਸ਼ੀ ਵਿਚ ਹਨ, ਕਿਉਂਕਿ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਡਟਵਾਂ ਸਟੈਂਡ ਲੈ ਕੇ ਨਵਜੋਤ ਸਿੱਧੂ ਨੂੰ ਪ੍ਰਧਾਨਗੀ ਸੌਂਪੀ ਸੀ। ਇਕ ਸੀਨੀਅਰ ਕਾਂਗਰਸੀ ਆਗੂ ਨੇ ਨਾਮ ਗੁਪਤ ਰੱਖਦਿਆਂ ਕਿਹਾ ਕਿ ਨਵਜੋਤ ਸਿੱਧੂ ਨੇ ਸਿੱਧੇ ਤੌਰ 'ਤੇ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਨਾਲ ਵਿਸ਼ਵਾਸਘਾਤ ਕੀਤਾ ਹੈ ਜਦੋਂ ਕਿ ਪੰਜਾਬੀਆਂ ਦੀ ਪਛਾਣ ਹੀ ਭਰੋਸਾ ਹੈ। ਅਮਰਿੰਦਰ ਤਾਂ ਪਹਿਲਾਂ ਹੀ ਰਾਹੁਲ ਤੇ ਪ੍ਰਿਯੰਕਾ ਨੂੰ ਅਨਾੜੀ ਆਖ ਰਹੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਨਾਅਰਾ ਹੁਣ 'ਠੋਕੋ ਤਾਲੀ' ਹੋਣਾ ਚਾਹੀਦਾ ਹੈ ਕਿਉਂਕਿ ਸਿੱਧੂ ਦੇ ਅਸਤੀਫ਼ੇ 'ਚ ਪੰਜਾਬ ਕਾਂਗਰਸ ਦਾ ਵੱਡਾ ਭਲਾ ਹੈ। ਆਗੂ ਨੇ ਕਿਹਾ ਕਿ ਸਿੱਧੂ ਨੂੰ ਹੁਣ ਮਨਾਉਣਾ ਨਹੀਂ ਚਾਹੀਦਾ ਹੈ।

## ਪੰਜਾਬ ਵਿਚ ਸਰਕਾਰ ਨੂੰ 'ਤਮਾਸ਼ਾ' ਬਣਾ ਦਿੱਤਾ ਗਿਆ ਹੈ: ਕੇਜਰੀਵਾਲ

ਚੰਡੀਗੜ੍ਹ- ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਨੂੰ 'ਤਮਾਸ਼ਾ' ਬਣਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਮੰਤਰੀ ਮੰਡਲ 'ਚੋਂ 'ਦਾਗੀ' ਮੰਤਰੀਆਂ ਨੂੰ ਤੁਰੰਤ ਹਟਾਉਣ। ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੱਤੇ ਜਾਣ ਤੋਂ ਇਕ ਦਿਨ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਚੰਡੀਗੜ੍ਹ ਦੇ ਹਵਾਈ ਅੱਡੇ ਵਿਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

ਕੇਜਰੀਵਾਲ ਨੇ ਸ੍ਰੀ ਚੰਨੀ ਨੂੰ ਬਰਗਾੜੀ ਦੇ ਬੇਅਦਬੀ ਕਾਂਡ ਦੇ ਸਬੰਧ ਵਿਚ ਕਾਰਵਾਈ ਕਰਨ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਵੱਲੋਂ ਕੀਤੇ ਗਏ ਵਾਅਦੇ ਪੂਰੇ ਕਰਨ ਲਈ ਕਦਮ ਉਠਾਉਣ ਵਾਸਤੇ ਵੀ ਕਿਹਾ ਹੈ। ਪੰਜਾਬ ਦੇ ਦੋ ਦਿਨਾ ਦੌਰੇ 'ਤੇ ਪਹੁੰਚੇ ਕੇਜਰੀਵਾਲ ਨੇ ਕਿਹਾ, ''ਸੂਬੇ ਵਿਚ ਇਸ ਤਰ੍ਹਾਂ ਦਾ ਸਿਆਸੀ ਮਾਹੌਲ, ਮੰਦਭਾਗਾ ਹੈ।

# ਨਵੀਂ ਵਜ਼ਾਰਤ 'ਚ ਦੁਆਬੇ ਦੇ ਐਸ.ਸੀ. ਸਮਾਜ ਨੂੰ ਫਿਰ ਕੀਤਾ ਨਜ਼ਰਅੰਦਾਜ਼

**(ਸਫਾ 3 ਦੀ ਬਾਕੀ)**

ਮੰਤਰੀਆਂ ਦੀ ਤੂਤੀ ਬੋਲਿਆ ਕਰਦੀ ਸੀ ਤੇ ਸਾਲ 2002 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਬਣੀ ਕਾਂਗਰਸ ਸਰਕਾਰ 'ਚ ਮਰਹੂਮ ਆਗੂ ਚੌਧਰੀ ਜਗਜੀਤ ਸਿੰਘ ਸਮੇਤ ਸੰਤੋਖ ਸਿੰਘ ਚੌਧਰੀ, ਮਹਿੰਦਰ ਸਿੰਘ ਕੇ. ਪੀਂ ਵੀ ਮੰਤਰੀ ਮੰਡਲ 'ਚ ਐਸ. ਸੀ. ਸਮਾਜ ਦੀ ਨੁਮਾਇੰਦਗੀ ਕਰਦੇ ਰਹੇ ਹਨ, ਪਰ 2017 ਵਿਚ ਕਾਂਗਰਸ ਸਰਕਾਰ ਬਣਨ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਵੱਲੋਂ ਦੁਆਬੇ 'ਚੋਂ ਇਕ ਵੀ ਐਸ. ਸੀ. ਵਿਧਾਇਕ ਨੂੰ ਮੰਤਰੀ ਨਾ ਬਣਾਉਣ ਦਾ ਮੁੱਦਾ ਕਾਂਗਰਸੀ ਹਲਕਿਆਂ 'ਚ ਗੂੰਜਦਾ ਰਿਹਾ ਹੈ ਤੇ ਹੁਣ ਵੀ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਵਜ਼ਾਰਤ ਵੱਲੋਂ ਵੀ ਦੁਆਬੇ ਦੇ ਐਸ. ਸੀ. ਵਿਧਾਇਕਾਂ ਨੂੰ ਮੰਤਰੀ ਮੰਡਲ 'ਚ ਥਾਂ ਨਹੀਂ ਦਿੱਤੀ ਗਈ ਜਦਕਿ ਪਿਛਲੇ ਸਮੇਂ ਦੌਰਾਨ ਵਿਵਾਦਾਂ 'ਚ ਘਿਰੇ ਰਹੇ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਮੁੜ ਵਜ਼ਾਰਤ 'ਚ ਸ਼ਾਮਲ ਕਰਨ ਦੇ ਮਾਮਲੇ 'ਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖੁਦ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ।

ਇਸ ਤਰ੍ਹਾਂ ਦਲਿਤ ਸਮਾਜ ਨੂੰ ਨਜ਼ਰ ਅੰਦਾਜ਼ ਕਰਕੇ ਦੁਆਬੇ 'ਚੋਂ ਬਣਾਏ ਗਏ ਦੋ ਹੋਰ ਮੰਤਰੀਆਂ 'ਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਕਰੀਬੀ ਦੋਸਤ ਤੇ ਜਲੰਧਰ ਛਾਉਣੀ ਹਲਕੇ ਤੋਂ ਵਿਧਾਇਕ ਪ੍ਰਗਟ ਸਿੰਘ ਹਨ ਤੇ ਪੱਛੜੇ ਵਰਗ 'ਚੋਂ ਵਿਧਾਇਕ ਸੰਗਤ ਸਿੰਘ ਗਿਲਜੀਆਂ ਸਾਰੇ ਸਿੱਖ ਚਿਹਰੇ ਹਨ। ਹਾਲਾਂਕਿ ਕਾਂਗਰਸੀ ਹਲਕਿਆਂ ਵੱਲੋਂ ਦੁਆਬੇ ਦੇ ਐਸ. ਸੀ. ਸਮਾਜ ਦੀ ਅਣਦੇਖੀ ਪਿੱਛੇ ਮੁੱਖ ਮੰਤਰੀ ਦਾ ਸਮਾਜ ਨਾਲ ਸਬੰਧਤ ਹੋਣਾ ਦੱਸਿਆ ਜਾ ਰਿਹਾ ਹੈ, ਪਰ ਪੰਜਾਬ ਦੇ 34 ਫੀਸਦੀ ਦੇ ਕਰੀਬ ਐਸ. ਸੀ. ਵੋਟਰਾਂ 'ਚੋਂ ਬਹੁਗਿਣਤੀ ਦੁਆਬੇ ਨਾਲ ਸਬੰਧਤ ਹੋਣ ਦੇ ਬਾਵਜੂਦ ਜਿਸ ਤਰ੍ਹਾਂ ਕਾਂਗਰਸ ਹਾਈਕਮਾਨ ਵੱਲੋਂ ਦੁਆਬੇ ਦੇ ਐਸ. ਸੀ. ਵਿਧਾਇਕਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਉਸ ਨਾਲ ਆਉਣ ਵਾਲੇ ਸਮਂ 'ਚ ਕਾਂਗਰਸ ਲਈ ਦੁਆਬੇ ਦੇ ਐਸ. ਸੀ. ਸਮਾਜ ਨੂੰ ਨਾਲ ਜੋੜੀ ਰੱਖਣਾ ਮੁਸ਼ਕਿਲ ਹੋ ਸਕਦਾ ਹੈ।

-----






# ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਇਮੀਗ੍ਰੇਸ਼ਨ ਅਦਾਲਤਾਂ ਦੇ ਡੇਵਿਡ ਨੀਲ ਡਾਇਰੈਕਟਰ ਨਿਯੁਕਤ

**ਸੈਕਰਾਮੈਂਟੋ 25 ਸਤੰਬਰ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਨਿਆਂ ਵਿਭਾਗ ਨੇ ਡੇਵਿਡ ਨੀਲ ਨੂੰ ਦੇਸ਼ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਦਾ ਡਾਇਰੈਕਟਰ ਨਿਯੁਕਤ ਹੈ। ਇਨਾਂ ਅਦਾਲਤਾਂ ਦੀ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਪੈਰਵਾਸੀਆਂ ਲਈ ਬਹੁਤ ਵੱਡੀ ਅਹਿਮੀਅਤ ਹੈ। ਕਿਸੇ ਪੈਰਵਾਸੀ ਨੂੰ ਦੇਸ਼ ਨਿਕਾਲਾ ਦੇਣਾ ਜਾਂ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦੇਣਾ ਇਨਾਂ ਇਮੀਗੈਰੇਸ਼ਨ ਅਦਾਲਤਾਂ ਦਾ ਹੀ ਕੰਮ ਹੈ। ਰਾਜਸੀ ਜਾਂ ਹੋਰ ਕਿਸੇ ਤਰਾਂ ਦੀ ਸ਼ਰਨ ਦੇ ਮਾਮਲਿਆਂ ਵਿਚ ਅੰਤਿਮ ਫੈਸਲਾ ਲੈਣਾ ਇਨਾਂ ਅਦਾਲਤਾਂ ਦੇ ਖੇਤਰ ਵਿਚ ਹੀ ਆਉਂਦਾ ਹੈ। ਨੀਲ ਡੇਵਿਡ ਦੀ ਨਿਯੁਕਤੀ ਦਾ ਐਲਾਨ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕੀਤਾ।

ਨੀਲ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਗਾਰਲੈਂਡ ਨੇ ਕਿਹਾ ਹੈ ਕਿ ਨਿਆਂ ਵਿਭਾਗ ਨਿਰਪੱਖ ਫੈਸਲੇ ਤੇ ਕੁਸ਼ਲ ਇਮੀਗੈਰੇਸ਼ਨ ਅਦਾਲਤਾਂ ਪੈਰਤੀ ਵਚਨਬੱਧ ਹੈ। ਨੀਲ ਇਕ ਇਮੀਗੈਰੇਸ਼ਨ ਪੈਨਲ ਵਿਚ ਦੋ ਦਹਾਕੇ ਕੰਮ ਕਰ ਚੁੱਕੇ ਹਨ ਪਰੰਤੂ ਟਰੰਪ ਪੈਰਸ਼ਾਸਨ ਦੀਆਂ ਨੀਤੀਆਂ ਵਿਰੁੱਧ ਕਈ ਇਮੀਗੈਰੇਸ਼ਨ ਜੱਜਾਂ ਵੱਲੋਂ ਅਸਤੀਫਾ ਦੇਣ ਵੇਲੇ ਨੀਲ ਵੀ ਅਹੁੱਦਾ ਛੱਡ ਗਏ ਸਨ।

ਨੀਲ ਉਸ ਸਮੇ ਅਹੁੱਦਾ ਸੰਭਾਲ ਰਹੇ ਹਨ ਜਦੋਂ ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਦਾਖਲ ਹੋ ਰਹੇ ਧੜਾਧੜ ਸ਼ਰਨਾਰਥੀਆਂ ਦੀ ਸਮੱਸਿਆ ਨਾਲ ਬਾਈਡਨ ਪੈਰਸ਼ਾਸਨ ਜੂਝ ਰਿਹਾ ਹੈ। ਇਸ ਵੇਲੇ ਅਮਰੀਕਾ ਵਿਚ 60 ਤੋਂ ਵਧ ਇਮੀਗ੍ਰੇਸ਼ਨ ਅਦਾਲਤਾਂ ਹਨ ਜਿਨਾਂ ਵਿਚ ਤਕਰੀਬਨ 500 ਜੱਜ ਨਿਯੁਕਤ ਹਨ।

# ਐਚ-1 ਬੀ ਵੀਜ਼ਾ ਪ੍ਰੋਗਰਾਮ ਉਪਰ ਪਾਬੰਦੀਆਂ ਲਾਉਣ ਲਈ ਕੀਤੀਆਂ ਗਈਆਂ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਵੀਜ਼ੇ ਜਾਰੀ ਕੀਤੇ

**ਸੈਕਰਾਮੈਂਟੋ 26 ਸਤੰਬਰ (ਹੁਸਨ ਲੜੋਆ ਬੰਗਾ)**- ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਐਚ-1 ਬੀ ਵੀਜ਼ਾ ਪੈਰੋਗਰਾਮ ਉਪਰ ਪਾਬੰਦੀਆਂ ਲਾਉਣ ਲਈ ਕੀਤੀਆਂ ਗਈਆਂ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਐਚ-1 ਬੀ ਵੀਜ਼ੇ ਜਾਰੀ ਕਰਨ ਨੂੰ ਰੋਕ ਨਹੀਂ ਸਕੇ ਹਾਲਾਂ ਕਿ ਉਹ ਵੀਜ਼ੇ ਜਾਰੀ ਕਰਨ ਦੀ ਰਫਤਾਰ ਨੂੰ ਘਟਾਉਣ ਵਿਚ ਸਫਲ ਰਹੇ। ਟਰੰਪ ਕਾਰਜਕਾਲ ਦੇ ਸ਼ੁਰੂਆਤੀ ਸਾਲਾਂ ਦੌਰਾਨ ਵੀਜ਼ੇ ਤੋਂ ਇਨਕਾਰ ਕਰਨ ਦੀ ਦਰ ਕਾਫੀ ਉੱਚੀ ਰਹੀ।

ਟਰੰਪ ਕਾਰਜਕਾਲ ਦੇ ਆਖਰੀ ਸਾਲਾਂ ਵਿਚ ਵੀਜ਼ੇ ਤੋਂ ਇਨਕਾਰ ਕਰਨ ਦੀ ਦਰ ਬਹੁਤ ਹੇਠਾਂ ਆ ਗਈ ਸੀ। ਵਿਤੀ ਸਾਲ 2021 ਦੀਆਂ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਰੁਜ਼ਗਾਰ ਪ੍ਰਾਪਤ ਕਰਨ ਲਈ 39,501 ਐਚ-1 ਬੀ ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ ਜਦ ਕਿ 3401 ਵਿਅਕਤੀਆਂ ਨੂੰ ਵੀਜ਼ੇ ਦੇਣ ਤੋਂ ਨਾਂਹ ਕੀਤੀ ਗਈ। ਇਸ ਦਰਾਂ ਨਾਂਹ ਦਰ 7.1% ਰਹੀ। ਨੈਸ਼ਨਲ ਫਾਉਂਡੇਸ਼ਨ ਫਾਰ ਅਮੈਰੀਕਨ ਪਾਲਿਸੀ (ਐਨ ਐਫ ਏ ਪੀ) ਦੁਆਰਾ ਜਾਰੀ ਅੰਕੜਿਆਂ ਵਿਚ ਇਹ ਖੁਲਾਸਾ ਕੀਤਾ ਗਿਆ ਹੈ।

ਇਨਾਂ ਅੰਕੜਿਆਂ ਅਨੁਸਾਰ ਵਿੱਤੀ ਸਾਲ 2020 ਦੀਆਂ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਇਨਕਾਰ ਦਰ ਸਭ ਤੋਂ ਉੱਚੀ 28.6× ਰਹੀ।

38150 ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ ਜਦ ਕਿ 15341 ਦਰਖਾਸਤਾਂ ਰੱਦ ਕਰ ਦਿੱਤੀਆਂ ਗਈਆਂ। ਸਾਲ 2018 ਵਿਚ ਐਚ-1ਬੀ ਵੀਜ਼ਾ ਇਨਕਾਰ ਦਰ 24% 'ਤੇ ਪਹੁੰਚ ਗਈ ਸੀ ਜਦ ਕਿ ਇਸ ਤੋਂ ਅਗਲੇ ਸਾਲ 2019 ਵਿਚ ਇਨਕਾਰ ਦਰ 21% ਰਹੀ। ਜੇਕਰ ਟਰੰਪ ਕਾਲ ਤੋਂ ਪਹਿਲਾਂ ਦੇ ਸਾਲ ਦੀ ਗੱਲ ਕਰੀਏ ਤਾਂ ਵਿੱਤੀ ਸਾਲ 2015 ਵਿਚ ਕੇਵਲ 6% ਦਰਖਾਸਤਕਰਤਾਵਾਂ ਨੂੰ ਵੀਜ਼ੇ ਤੋਂ ਨਾਂਹ ਕੀਤੀ ਗਈ ਸੀ ਤੇ ਬਾਕੀ ਸਾਰੇ ਯੋਗ ਨੌਜਵਾਨਾਂ ਨੂੰ ਵੀਜ਼ੇ ਜਾਰੀ ਕਰ ਦਿੱਤੇ ਗਏ ਸਨ। ਭਾਰਤ ਦੇ ਉੱਚ ਕੁਸ਼ਲ 70% ਉਮੀਦਵਾਰ ਐਚ-1 ਬੀ ਵੀਜ਼ੇ ਲੈਣ ਵਿਚ ਸਫਲ ਰਹੇ।

ਐਨ ਐਫ ਏ ਪੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਟਰੰਪ ਪੈਰਸ਼ਾਸਨ ਆਪਣੇ ਸਮੁੱਚੇ ਕਾਰਜਕਾਲ ਦੌਰਾਨ ਐਚ-1 ਬੀ ਵੀਜ਼ੇ ਜਾਰੀ ਕਰਨ ਵਿਚ ਅੜਿਕੇ ਪਾਉਂਦਾ ਰਿਹਾ ਤੇ ਉਹ ਇਸ ਸਬੰਧੀ ਅਜਿਹੀਆਂ ਨੀਤੀਆਂ ਲਿਆਉਣ ਵਿਚ ਸਫਲ ਰਿਹਾ ਜਿਨਾਂ ਨੀਤੀਆਂ ਨੂੰ ਅਦਾਲਤਾਂ ਗੈਰ ਕਾਨੂੰਨੀ ਕਰਾਰ ਦਿੰਦੀਆਂ ਰਹੀਆਂ।

## ਅਮਰੀਕਾ ਦੇ ਮੋਨਟਾਨਾ ਰਾਜ ਵਿਚ ਰੇਲ ਗੱਡੀ ਪੱਟੜੀ ਤੋਂ ਲੱਥੀ, 3 ਮੌਤਾਂ, ਕਈ ਜ਼ਖਮੀ

**ਸੈਕਰਾਮੈਂਟੋ 26 ਸਤੰਬਰ (ਹੁਸਨ ਲੜੋਆ ਬੰਗਾ)**- ਬੀਤੇ ਦਿਨ ਅਮਰੀਕਾ ਦੇ ਮੋਨਟਾਨਾ ਰਾਜ ਵਿਚ ਇਕ ਰੇਲ ਗੱਡੀ ਪੱਟੜੀ ਤੋਂ ਲਹਿ ਜਾਣ ਕਾਰਨ 3 ਯਾਤਰੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਲਿਬਰਟੀ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਦਿੱਤੀ ਹੈ। ਇਸ ਹਾਦਸੇ ਵਿਚ ਕਈ ਯਾਤਰੀਆਂ ਦੇ ਜ਼ਖਮੀ ਹੋਣ ਦੀ ਵੀ ਰਿਪੋਰਟ ਹੈ ਹਾਲਾਂ ਕਿ ਅਧਿਕ-ਾਰੀਆਂ ਨੇ ਜ਼ਖਮੀ ਲੋਕਾਂ ਦੀ ਗਿਣਤੀ ਨਹੀਂ ਦੱਸੀ ਹੈ। ਰੇਲਵੇ ਵਲੋਂ ਜਾਰੀ ਬਿਆਨ ਅਨੁਸਾਰ ਜੋਪਲਿਨ, ਮੋਨਟਾਨਾ ਨੇੜੇ ਅਮਤਰਕ ਐਮਪਾਇਰ ਬਿਲਡਰ ਰੇਲ ਗੱਡੀ ਦੇ 5 ਡੱਬੇ ਲੀਹੋਂ ਲਹਿ ਗਏ । ਰੇਲ ਗੱਡੀ ਵਿਚ 147 ਯਾਤਰੀ ਤੇ 13 ਅਮਲੇ ਦੇ ਮੈਂਬਰ ਸਵਾਰ ਸਨ। ਰੇਲਵੇ ਅਨੁਸਾਰ ਜ਼ਖਮੀਆਂ ਨੂੰ ਹਸਪਤਾਲ ਵਿਚ ਪਹੁੰਚਾਉਣ ਲਈ ਸਥਾਨਕ ਅਧਿਕ-ਾਰੀਆਂ ਦੀ ਮੱਦਦ ਲਈ ਗਈ ਹੈ। ਰੇਲਵੇ ਅਨੁਸਾਰ ਹਾਦਸੇ ਸਬੰਧੀ ਹੋਰ ਜਾਣਕਾਰੀ ਪੂਰੀ ਰਿਪੋਰਟ ਮਿਲਣ ਉਪਰੰਤ ਦਿੱਤੀ ਜਾਵੇਗੀ।

## ਕੈਲੀਫੋਰਨੀਆ ਵਿਚ ਪੁਲਿਸ ਵੱਲੋਂ ਭਾਰੀ ਮਾਤਰਾ ਵਿਚ ਖਤਰਨਾਕ ਡਰੱਗ ਬ੍ਰਾਮਦ

**ਸੈਕਰਾਮੈਂਟੋ 27 ਸਤੰਬਰ (ਹੁਸਨ ਲੜੋਆ ਬੰਗਾ)**-ਕੈਲੀਫੋਰਨੀਆ ਦੀ ਪੁਲਿਸ ਨੇ ਤਕਰੀਬਨ 21 ਕਿਲੋ ਬਹੁਤ ਹੀ ਖਤਰਨਾਕ ਸਿੰਥੈਟਿਕ ਡਰੱਗ ਸਮੇਤ ਹੋਰ ਕਈ ਤਰਾਂ ਦੇ ਨਸ਼ੀਲੇ ਪਦਾਰਥ ਬਰਾਮਦ ਕਰਕੇ ਦੋ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਰਿਵਰਸਾਈਡ ਡਿਸਟ੍ਰਿਕਟ ਦਫਤਰ ਨੇ ਇਹ ਜਾਣਕਾਰੀ ਦਿੱਤੀ ਹੈ। ਪੁਲਿਸ ਨੇ ਪੈਰਿਸ ਸ਼ਹਿਰ ਦੇ ਇਕ ਘਰ ਵਿਚ ਮਾਰੇ ਛਾਪੇ ਦੌਰਾਨ 21 ਕਿਲੋਗ੍ਰਾਮ ਕਾਰਫੈਨਟਾਨਿਲ, ਤਕਰੀਬਨ 4 ਕਿਲੋ ਕੋਕੀਨ ਤੇ 1 ਕਿਲੋ ਦੇ ਕਰੀਬ ਹੈਰੋਇਨ ਬਰਾਮਦ ਕਰਨ ਉਪਰੰਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਐਂਡਰਸ ਜੇਸਸ ਮੋਰਾਲਸ (30) ਤੇ 27 ਸਾਲ ਦੇ ਕ੍ਰਿਸਟਾਈਨ ਪੋਨਸ ਵਜੋਂ ਹੋਈ ਹੈ ਜੋ ਦੱਖਣੀ ਕੈਲੀਫੋਰਨੀਆ ਦੇ ਵਸਨੀਕ ਹਨ। ਪੁਲਿਸ ਅਨੁਸਾਰ ਛਾਪਾ ਮਾਰਨ ਸਮੇ ਕੋਈ ਵੀ ਵਿਅਕਤੀ ਘਰ ਵਿਚ ਮੌਜੂਦ ਨਹੀਂ ਸੀ ਪਰੰਤੂ ਬਾਅਦ ਵਿਚ ਦੋਸ਼ੀਆਂ ਨੂੰ ਕਾਬੂ ਕਰ ਲਿਆ ਗਿਆ। ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ (ਡੀ ਈ ਏ) ਅਨੁਸਾਰ ਕਾਰਫੈਨਟਾਨਿਲ ਸਿੰਥੈਟਿਕ ਨਸ਼ੀਲਾ ਪਦਾਰਥ ਹੈ ਜਿਸ ਦੀ ਵਰਤੋਂ ਤਸਕਰ ਹਾਥੀਆਂ ਨੂੰ ਬੇਹੋਸ਼ ਕਰਨ ਲਈ ਵਰਤਦੇ ਹਨ। ਇਹ ਪਦਾਰਥ ਮਾਰਫਿਨ ਦੀ ਤੁਲਨਾ ਵਿਚ 10 ਹਜਾਰ ਗੁਣਾ ਜਿਆਦਾ ਸਮਰੱਥਾ ਰਖਦਾ ਹੈ ਤੇ ਫੈਂਟਾਨਾਇਲ ਦੀ ਤੁਲਨਾ ਵਿਚ 100 ਗੁਣਾਂ ਜਿਆਦਾ ਜ਼ਹਿਰੀਲਾ ਹੈ। ਡੀ ਈ ਏ ਅਨੁਸਾਰ ਕਿਸੇ ਵਿਅਕਤੀ ਦੀ ਜਾਨ ਲੈਣ ਲਈ 2 ਮਿਲੀਗ੍ਰਾਮ ਫੈਂਟਾਨਾਇਲ ਹੀ ਕਾਫੀ ਹੁੰਦੀ ਹੈ। ਜੇਕਰ ਇਸ ਪਦਾਰਥ ਨੂੰ ਛੂਹ ਹੀ ਲਿਆ ਜਾਵੇ ਤਾਂ ਵੀ ਇਹ ਮਨੁੱਖ ਉਪਰ ਅਸਰ ਕਰ ਜਾਂਦਾ ਹੈ। ਪੁਲਿਸ ਨੇ ਕਿਹਾ ਹੈ ਕਿ ਬਰਾਮਦ 21 ਕਿਲੋਗ੍ਰਾਮ ਕਾਰਫੈਨਟਾਨਿਲ 5 ਕਰੋੜ ਲੋਕਾਂ ਨੂੰ ਮਾਰਨ ਲਈ ਕਾਫੀ ਹੈ। ਮੋਰਾਲਸ ਤੇ ਪੋਨਸ ਜੋ ਇਸ ਸਮੇ ਜੇਲ ਵਿਚ ਹਨ, ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ। ਉਨਾਂ ਦੀ ਜਮਾਨਤ ਨਹੀਂ ਹੋਈ ਹੈ। ਅਦਾਲਤ ਵਿਚ ਅਗਲੀ ਸੁਣਵਾਈ 9 ਨਵੰਬਰ ਨੂੰ ਹੋਵੇਗੀ।

## ਵਾਸ਼ਿੰਗਟਨ ਵਿਚ ਵਿਦਿਆਰਥੀਆਂ ਦੇ ਸਾਹਮਣੇ ਸਕੂਲ ਬੱਸ ਦੇ ਡਰਾਈਵਰ ਦੀ ਹੱਤਿਆ

**ਸੈਕਰਾਮੈਂਟੋ 27 ਸਤੰਬਰ (ਹੁਸਨ ਲੜੋਆ ਬੰਗਾ)**-ਪਾਸਕੋ (ਵਾਸ਼ਿੰਗਟਨ) ਵਿਚ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਸਾਹਮਣੇ ਸਕੂਲ ਬੱਸ ਡਰ-ਾਈਵਰ ਦੀ ਹੱਤਿਆ ਕਰ ਦਿੱਤੀ ਗਈ। ਲੌਂਗਫੈਲੋ ਐਲੀਮੈਂਟਰੀ ਸਕੂਲ ਪਾਸਕੋ ਵਿਖੇ ਡਰਾਈਵਰ ਉਪਰ ਚਾਕੂ ਨਾਲ ਹਮਲਾ ਉਸ ਵੇਲੇ ਕੀਤਾ ਜਦੋਂ ਬੱਚੇ ਬੱਸ ਵਿਚ ਚੜ ਰਹੇ ਸਨ। ਪੁਲਿਸ ਅਨੁਸਾਰ ਹਮਲਾਵਰ ਨੇ ਬੱਸ ਵਿਚ ਵੜ ਕੇ ਡਰਾਈਵਰ ਉਪਰ ਚਾਕੂ ਨਾਲ ਕਈ ਵਾਰ ਕੀਤੇ। ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਕ ਹੋਰ ਰਿਪੋਰਟ ਅਨੁਸਾਰ ਡਰਾਈਵਰ ਉਪਰ ਹਮਲਾ ਉਸ ਵੇਲੇ ਕੀਤਾ ਗਿਆ ਜਦੋਂ ਉਹ ਬੱਚਿਆਂ ਨੂੰ ਘਰ ਛੱਡਣ ਜਾ ਰਿਹਾ ਸੀ। ਹਮਲੇ ਉਪਰੰਤ ਡਰਾਈਵਰ ਦਾ ਬੱਸ ਉਪਰ ਨਿਯੰਤਰਣ ਨਹੀਂ ਰਿਹਾ। ਪੁਲਿਸ ਅਨੁਸਾਰ ਇਸ ਘਟਨਾ ਵਿਚ ਕੋਈ ਵੀ ਬੱਚਾ ਜ਼ਖਮੀ ਨਹੀਂ ਹੋਇਆ ਹੈ।






ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਅਮਰੀਕਾ ਨੇ ਰੋਹਿੰਗਿਆ ਸ਼ਰਨਾਰਥੀਆਂ ਲਈ ਕੀਤਾ 180 ਮਿਲੀਅਨ ਡਾਲਰ ਦੀ ਸਹਾਇਤਾ ਦਾ ਐਲਾਨ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸਰਕਾਰ ਨੇ ਮਿਆਂਮਾਰ ਨਾਲ ਸਬੰਧਿਤ 700,000 ਤੋਂ ਵੱਧ ਰੋਹਿੰਗਿਆ ਸ਼ਰਨਾਰਥੀਆਂ ਲਈ 180 ਮਿਲੀਅਨ ਡਾਲਰ ਦੀ ਵਾਧੂ ਸਹਾਇਤਾ ਦੀ ਘੋਸ਼ਣਾ ਕੀਤੀ ਹੈ। ਇਸ ਸਬੰਧੀ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇਡ ਪ੍ਰਾਈਸ ਨੇ ਦੱਸਿਆ ਕਿ ਯੂਨਾਈਟਿਡ ਨੇਸ਼ਨਜ਼ (ਯੂ ਐੱਨ) ਵਿੱਚ ਅਮਰੀਕੀ ਰਾਜਦੂਤ ਲਿੰਡਾ ਥਾਮਸ-ਗ੍ਰੀਨਫੀਲਡ ਨੇ ਬਰਮਾ, ਬੰਗਲਾਦੇਸ਼ ਅਤੇ ਖੇਤਰ ਦੇ ਹੋਰਨਾਂ ਥਾਵਾਂ 'ਤੇ ਰਖਾਇਨ ਸਟੇਟ /ਰੋਹਿੰਗਿਆ ਸ਼ਰਨਾਰਥੀ ਸੰਕਟ ਤੋਂ ਪ੍ਰਭਾਵਿਤ ਲੋਕਾਂ ਲਈ ਲਗਭਗ 180 ਮਿਲੀਅਨ



ਡਾਲਰ ਦੀ ਵਾਧੂ ਮਾਨਵਤਾਵਾਦੀ ਸਹਾਇਤਾ ਦਾ ਐਲਾਨ ਕੀਤਾ ਹੈ। ਬਾਈਡੇਨ ਪ੍ਰਸ਼ਾਸਨ ਅਨੁਸਾਰ ਇਸ ਨਵੀਂ ਫੰਡਿੰਗ ਦੇ ਨਾਲ, ਇਸ ਪ੍ਰਤੀਕਿਰਿਆ ਲਈ ਅਮਰੀਕਾ ਦੀ ਕੁੱਲ ਮਾਨਵਤਾਵਾਦੀ ਸਹਾਇਤਾ ਅਗਸਤ 2017 ਤੋਂ ਲੈ ਕੇ 1.5 ਬਿਲੀਅਨ ਡਾਲਰ ਤੋਂ ਵੱਧ ਤੱਕ ਪਹੁੰਚ ਗਈ ਹੈ। ਮਿਆਂਮਾਰ 1 ਫਰਵਰੀ ਨੂੰ ਤਖਤਾ ਪਲਟਣ ਤੋਂ ਬਾਅਦ ਸੰਕਟ ਵਿੱਚ ਹੈ, ਜਦੋਂ ਮਿਆਂਮਾਰ ਦੀ ਫੌਜ ਨੇ ਸੀਨੀਅਰ ਜਨਰਲ ਮਿੰਗ ਆਂਗ ਹਲੈਂਗ ਦੀ ਅਗਵਾਈ ਵਿੱਚ ਸਰਕਾਰ ਦਾ ਤਖਤਾ ਪਲਟ ਦਿੱਤਾ ਸੀ ਅਤੇ ਇੱਕ ਸਾਲ ਲਈ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਸੀ। ਇਸ ਤਖਤਾ ਪਲਟ ਨੇ ਜਨਤਕ ਵਿਰੋਧ ਪ੍ਰਦਰਸ਼ਨਾਂ ਨੂੰ ਭੜਕਾਇਆ ਸੀ ਅਤੇ ਜਨਤਾ ਨ ਮਾਰੂ ਹਿੰਸਾ ਦਾ ਸਾਹਮਣਾ ਕੀਤਾ ਸੀ।

# ਕਮਲਾ ਹੈਰਿਸ ਨੇ 10 ਬਿਲੀਅਨ ਡਾਲਰ ਦਾ ਗਲੋਬਲ ਫੰਡ ਬਣਾਉਣ ਦੀ ਕੀਤੀ ਮੰਗ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਬੁੱਧਵਾਰ ਨੂੰ ਭਵਿੱਖ ਦੀਆਂ ਮਹਾਂਮਾਰੀਆਂ ਲਈ ਤਿਆਰੀ ਨੂੰ ਜ਼ਰੂਰੀ ਦੱਸਦੇ ਹੋਏ ਦੁਨੀਆ ਭਰ ਦੇ ਦੇਸ਼ਾਂ ਅਤੇ ਕੰਪਨੀਆਂ ਨੂੰ ਅਗਲੇ ਸਿਹਤ ਸੰਕਟਾਂ ਨਾਲ ਨਜਿੱਠਣ ਲਈ 10 ਬਿਲੀਅਨ ਡਾਲਰ ਦਾ ਗਲੋਬਲ ਹੈਲਥ ਫੰਡ ਬਣਾਉਣ ਲਈ ਅਪੀਲ ਕੀਤੀ ਹੈ। ਕਮਲਾ ਹੈਰਿਸ ਅਨੁਸਾਰ ਇਸ ਫੰਡ ਵਿੱਚ ਅਮਰੀਕਾ ਵੱਲੋਂ 250 ਮਿਲੀਅਨ ਡਾਲਰ ਨਾਲ ਸ਼ੁਰੂਆਤੀ ਯੋਗਦਾਨ ਪਾਇਆ ਜਾਵੇਗਾ। ਹੈਰਿਸ



ਨੇ ਯੂਨਾਈਟਿਡ ਨੇਸ਼ਨਜ਼ ਮਹਾਂਸਭਾ ਦੇ ਦੌਰਾਨ ਆਯੋਜਿਤ ਕੀਤੇ ਇੱਕ ਵਰਚੁਅਲ ਕੋਵਿਡ -19 ਸੰਮੇਲਨ ਦੌਰਾਨ ਇਹ ਐਲਾਨ ਕੀਤਾ। ਭਵਿੱਖ ਦੀਆਂ ਮਹਾਂਮਾਰੀਆਂ ਨੂੰ ਰੋਕਣ ਬਾਰੇ ਇੱਕ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ, ਹੈਰਿਸ ਨੇ ਕੋਵਿਡ -19 ਨੂੰ ਇੱਕ ਟਿਪਿੰਗ ਪੁਆਇੰਟ ਕਰਾਰ ਦਿੱਤਾ। ਹੈਰਿਸ ਅਨੁਸਾਰ ਮਾਹਰਾਂ ਨੇ ਪੁਸ਼ਟੀ ਕੀਤੀ ਹੈ ਕਿ ਭਵਿੱਖ ਦੇ ਜੈਵਿਕ ਖਤਰੇ ਦੀ ਢੁੱਕਵੀਂ ਤਿਆਰੀ ਲਈ ਲੋੜੀਂਦਾ ਫੰਡ ਨਹੀਂ ਹੈ। ਇਸ ਲਈ ਹੁਣ ਕਾਰਵਾਈ ਕਰਨ ਦਾ ਸਮਾਂ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਅਮਰੀਕਾ ਇਸ ਫੰਡ ਨੂੰ ਸ਼ੁਰੂ ਕਰਨ ਲਈ 250 ਮਿਲੀਅਨ ਡਾਲਰ ਦਾ ਯੋਗਦਾਨ ਦੇਣ ਲਈ ਤਿਆਰ ਹੈ। ਜਿਸ ਨਾਲ ਕਿ ਭਵਿੱਖ ਵਿੱਚ ਸਾਹਮਣੇ ਆਉਣ ਵਾਲੀਆਂ ਵੱਡੀਆਂ ਸਮੱਸਿਆਵਾਂ ਨੂੰ ਵਿਸ਼ਵ ਪੱਧਰ 'ਤੇ ਹੱਲ ਕੀਤਾ ਜਾ ਸਕੇ।

# ਫਰਿਜ਼ਨੋ ਵਿੱਚ ਗੋਲੀ ਮਾਰ ਕੇ ਕੀਤਾ ਵਿਅਕਤੀ ਦਾ ਕਤਲ




**ਫਰਿਜ਼ਨੋ (ਕੈਲੀਫੋਰਨੀਆ)–** ਫਰਿਜ਼ਨੋ ਸ਼ਹਿਰ ਵਿੱਚ ਹੁੰਦੇ ਕਤਲਾਂ ਦੀ ਸੂਚੀ ਵਿੱਚ ਸ਼ੁੱਕਰਵਾਰ ਨੂੰ ਇੱਕ ਹੋਰ ਕਤਲ ਜੁੜ ਗਿਆ ਹੈ। ਇਸ ਕਤਲ ਬਾਰੇ ਜਾਣਕਾਰੀ ਦਿੰਦਿਆਂ ਫਰਿਜ਼ਨੋ ਪੁਲਿਸ ਅਧਿਕਾਰੀਆਂ ਦੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਨੂੰ ਦੱਖਣ -ਪੂਰਬੀ ਫਰਿਜ਼ਨੋ ਵਿੱਚ ਇੱਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਅਨੁਸਾਰ ਅਧਿਕਾਰੀਆਂ ਨੇ ਸ਼ਾਮ 6:00 ਵਜੇ ਤੋਂ ਪਹਿਲਾਂ ਗਰੋਵ ਅਤੇ ਰੋਵੇਲ ਐਵੇਨਿਊਜ਼ ਖੇਤਰ ਵਿੱਚ ਹੋਈ ਗੋਲੀਬਾਰੀ ਦੀ ਸੂਚਨਾ ਮਿਲਣ ਉਪਰੰਤ ਕਾਰਵਾਈ ਕੀਤੀ ਅਤੇ ਪੁਲਿਸ ਦੁਆਰਾ ਘਟਨਾ ਸਥਾਨ 'ਤੇ ਪਹੁੰਚਣ ਉਪਰੰਤ ਆਪਣੀ ਉਮਰ ਦੇ 30 ਵੇਂ ਦਹਾਕੇ ਵਿੱਚ ਇੱਕ ਆਦਮੀ ਨੂੰ ਗੋਲੀਆਂ ਦੇ ਜ਼ਖਮਾਂ ਨਾਲ ਪੀੜਤ ਪਾਇਆ। ਜਿਸ ਉਪਰੰਤ ਪੁਲਿਸ ਨੇ ਪੀੜਤ ਨੂੰ ਸਥਾਨਕ ਹਸਪਤਾਲ ਪਹੁੰਚਾਇਆ, ਜਿੱਥੇ ਬਾਅਦ ਵਿੱਚ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਫਰਿਜ਼ਨੋ ਪੁਲਿਸ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਿਲਹਾਲ ਇਸ ਕਤਲ ਸਬੰਧੀ ਕਿਸੇ ਸ਼ੱਕੀ ਦਾ ਵੇਰਵਾ ਨਹੀਂ ਹੈ ਅਤੇ ਇਹ ਗੋਲੀਬਾਰੀ ਗੈਂਗ ਨਾਲ ਜੁੜੀ ਹੋ ਸਕਦੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਫਰਿਜ਼ਨੋ ਪੁਲਿਸ ਵਿਭਾਗ ਦੁਆਰਾ ਇਸ ਤਰ੍ਹਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਖਾਸ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸਦੇ ਤਹਿਤ ਦਰਜਨਾਂ ਅਪਰਾਧਿਕ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਹਨ।

# ਕੈਲੀਫੋਰਨੀਆ ਦੇ ਇਸ ਸ਼ਹਿਰ ਨੇ ਦਰਜ਼ ਕੀਤਾ ਸਾਲ ਦਾ 100 ਵਾਂ ਕਤਲ


**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਸ਼ਹਿਰਾਂ ਵਿੱਚ ਵੱਡੀ ਗਿਣਤੀ 'ਚ ਕਤਲਾਂ ਦੇ ਮਾਮਲੇ ਦਰਜ ਕੀਤੇ ਜਾ ਰਹੇ ਹਨ। ਇਹਨਾਂ ਸ਼ਹਿਰਾਂ ਵਿੱਚ ਕੈਲੀਫੋਰਨੀਆ ਦੇ ਸ਼ਹਿਰ ਓਕਲੈਂਡ ਦਾ ਨਾਮ ਵੀ ਪ੍ਰਮੁੱਖ ਹੈ, ਜਿਸਨੇ ਸੋਮਵਾਰ ਨੂੰ ਇਸ ਸਾਲ ਦਾ 100 ਵਾਂ ਕਤਲ ਦਰਜ਼ ਕੀਤਾ ਹੈ। ਓਕਲੈਂਡ ਪੁਲਿਸ ਅਨੁਸਾਰ ਕਤਲਾਂ ਦੀ ਇਹ ਗਿਣਤੀ ਇੱਕ ਚਿੰਤਾ ਦਾ ਵਿਸ਼ਾ ਹੈ। ਅੰਕੜਿਆਂ ਅਨੁਸਾਰ ਇਸ ਸ਼ਹਿਰ ਨੇ ਪਿਛਲੇ ਹਫਤੇ ਵਿੱਚ ਹੀ 10 ਕਤਲ ਦਰਜ ਕੀਤੇ ਹਨ ਜਦਕਿ ਪੁਲਿਸ




ਅਨੁਸਾਰ ਓਕਲੈਂਡ ਨੇ 2020 ਵਿੱਚ 109 ਕਤਲ ਦਰਜ਼ ਕੀਤੇ ਸਨ। ਓਕਲੈਂਡ ਪੁਲਿਸ ਵਿਭਾਗ ਨੇ ਸੋਮਵਾਰ ਨੂੰ ਇਹਨਾਂ 100 ਜਾਨਾਂ ਨੂੰ ਸ਼ਰਧਾਂਜਲੀ ਦੇਣ ਲਈ 100 ਸਕਿੰਟ ਦਾ ਮੌਨ ਵੀ ਰੱਖਿਆ ਗਿਆ।

ਓਕਲੈਂਡ ਦੇ ਪੁਲਿਸ ਮੁਖੀ ਲੇਰੋਨ ਆਰਮਸਟ੍ਰੌਂਗ ਨੇ ਦੱਸਿਆ ਕਿ ਇਸ ਸਾਲ ਦੀ 100 ਵੀਂ ਹੱਤਿਆ ਸੋਮਵਾਰ ਸਵੇਰੇ ਸੈਨ ਲੀਏਂਡਰੋ ਸਟ੍ਰੀਟ 'ਤੇ ਓਕਲੈਂਡ ਕੋਲੀਜ਼ੀਅਮ ਬਾਰਟ ਸਟੇਸ਼ਨ ਦੇ ਨੇੜੇ ਹੋਈ। ਉਹਨਾਂ ਦੱਸਿਆ ਕਿ ਪਿਛਲੇ ਸਾਲ ਦੇ ਇਸੇ ਵਕਫੇ ਦੌਰਾਨ ਸ਼ਹਿਰ ਵਿੱਚ 70 ਕਤਲ ਦਰਜ਼ ਹੋਏ ਸਨ।

# ਅਮਰੀਕਾ ਦੁਆਰਾ ਖਰੀਦੀਆਂ ਜਾਣਗੀਆਂ ਫਾਈਜ਼ਰ ਦੀਆਂ 500 ਮਿਲੀਅਨ ਖੁਰਾਕਾਂ




**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਪ੍ਰਸ਼ਾਸਨ ਦੁਆਰਾ ਵਿਸ਼ਵ ਭਰ ਵਿੱਚ ਵੰਡਣ ਲਈ ਫਾਈਜ਼ਰ ਕੰਪਨੀ ਦੀਆਂ ਲੱਖਾਂ ਕੋਰੋਨਾ ਵੈਕਸੀਨ ਦੀਆਂ ਖੁਰਾਕਾਂ ਖਰੀਦੀਆਂ ਜਾਣਗੀਆਂ। ਇਸ ਸਬੰਧੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਦੁਨੀਆ ਭਰ ਦੇ ਗਰੀਬ ਦੇਸ਼ਾਂ ਨੂੰ ਦੇਣ ਲਈ ਫਾਈਜ਼ਰ ਦੇ ਕੋਵਿਡ -19 ਟੀਕੇ ਦੀਆਂ 500 ਮਿਲੀਅਨ ਹੋਰ ਖੁਰਾਕਾਂ ਖਰੀਦੇਗਾ। ਇਸ ਨਾਲ ਕੋਰੋਨਾ ਖੁਰਾਕਾਂ ਦੀ ਗਿਣਤੀ ਬਾਈਡੇਨ ਦੁਆਰਾ ਸਹਾਇਤਾ ਲਈ ਮਿਥੇ ਗਏ ਟੀਚੇ ਨਾਲੋਂ ਦੁੱਗਣੇ ਤੋਂ ਵੀ ਵੱਧ ਹੋ ਜਾਵੇਗੀ। ਬਾਈਡੇਨ ਨੇ ਵਿਸ਼ਵ&; ਨੇਤਾਵਾਂ ਨਾਲ ਇੱਕ ਵਰ-ਚੁਅਲ ਸਿਖਰ ਸੰਮੇਲਨ ਦੌਰਾਨ ਮਹਾਂਮਾਰੀ ਨੂੰ ਹਰਾਉਣ ਉੱਤੇ ਜੋਰ ਦਿੱਤਾ। ਬਾਈਡੇਨ ਨੇ ਦੱਸਿਆ ਕਿ ਅਮਰੀਕੀ ਪ੍ਰਸ਼ਾਸਨ ਨੇ ਕਿਸੇ ਵੀ ਹੋਰ ਦੇਸ਼ ਨਾਲੋਂ ਜਿਆਦਾ ਲਗਭਗ 160 ਮਿਲੀਅਨ ਕੋਰੋਨਾ ਵੈਕਸੀਨ ਦੀਆਂ ਖੁਰਾਕਾਂ ਨੂੰ 100 ਦੇਸ਼ਾਂ ਵਿੱਚ ਭੇਜਿਆ ਹੈ। ਇਸੇ ਹੀ ਲੜੀ ਤਹਿਤ ਲਗਭਗ ਅੱਧਾ ਬਿਲੀਅਨ ਖੁਰਾਕਾਂ ਅਗਲੇ ਸਾਲ ਦੇ ਇਸ ਸਮੇਂ ਤੱਕ ਭੇਜ ਦਿੱਤੀਆਂ ਜਾਣਗੀਆਂ। ਇਹ ਖੁਰਾਕਾਂ ਬਾਈਡੇਨ ਪ੍ਰਸ਼ਾਸਨ ਦੁਆਰਾ ਦਿ-ੱਤੀਆਂ ਜਾਣ ਵਾਲੀਆਂ 1.1 ਬਿਲੀਅਨ ਖੁਰਾਕਾਂ ਦਾ ਹਿੱਸਾ ਹਨ। ਬਾਈਡੇਨ ਅਨੁਸਾਰ ਅਮਰੀਕੀ ਟੀਕੇ, ਕੋਵੈਕਸ ਗਲੋਬਲ ਵੈਕਸੀਨ ਏਜੰਸੀ ਦੁਆਰਾ ਵੰਡੇ ਜਾਣਗੇ। ਜਿਕਰਯੋਗ ਹੈ ਕਿ ਦੁਨੀਆ ਦੀ ਲਗਭਗ 43 ਪ੍ਰਤੀਸ਼ਤ ਆਬਾਦੀ ਨੂੰ 5.9 ਬਿਲੀਅਨ ਤੋਂ ਵੱਧ ਖੁਰਾਕਾਂ ਦਿੱਤੀਆਂ ਗਈਆਂ ਹਨ, ਪਰ ਸਭ ਤੋਂ ਗਰੀਬ ਕੁੱਝ ਦੇਸ਼ਾਂ ਨੇ ਅਜੇ ਵੀ 2 ਜਾਂ 3 ਪ੍ਰਤੀਸ਼ਤ ਤੋਂ ਵੱਧ ਟੀਕਾਕਰਨ ਦੀਆਂ ਦਰਾਂ ਪ੍ਰਾਪਤ ਨਹੀਂ ਕੀਤੀਆਂ ਹਨ।

# ਜੋਅ ਬਾਈਡੇਨ ਨੇ ਜਸਟਿਸ ਟਰੂਡੋ ਨੂੰ ਚੋਣਾਂ ਜਿੱਤਣ 'ਤੇ ਦਿੱਤੀ ਵਧਾਈ

**ਫਰਿਜ਼ਨੋ (ਕੈਲੀਫੋਰ-ਨੀਆ)–** ਅਮਰੀਕਾ ਦੇ ਰਾ-ਸ਼ਟਰਪਤੀ ਜੋਅ ਬਾਈਡੇਨ ਨੇ ਮੰਗਲਵਾਰ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨਾਲ ਗੱਲਬਾਤ ਕਰਦਿਆਂ ਉਹਨਾਂ ਨੂੰ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਵਧਾਈ ਦਿੱਤੀ। ਵਾਈਟ ਹਾਊਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਲਿਬਰਲ ਪਾਰਟੀ ਦੀ ਚੋਣ ਜਿੱਤ ਲਈ ਵਧਾਈ ਦਿੰਦਿਆਂ ਬਾਈਡੇਨ ਨੇ ਦੋਵੇਂ ਦੇਸ਼ਾਂ ਦਰਮਿਆਨ ਮਜ਼ਬੂਤ ਅਤੇ ਡੂੰਘੀ ਦੋਸਤੀ ਦੀ ਉਮੀਦ



ਕੀਤੀ। ਆਪਣੀ ਗੱਲਬਾਤ ਦੌਰਾਨ ਦੋਵੇਂ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਆਪਣੀ ਅਰਥਵਿਵਸਥਾਵਾਂ ਦੀ ਲਚਕਤਾ ਨੂੰ ਮਜ਼ਬੂਤ ਕਰਨ ਅਤੇ ਮਹਾਂਮਾਰੀ ਸਬੰਧੀ ਤਾਲਮੇਲ ਲਈ ਉਨ੍ਹਾਂ ਦੀ ਸਾਂਝੀ ਵਚਨਬੱਧਤਾ 'ਤੇ ਵੀ ਚਰਚਾ ਕੀਤੀ। ਕੈਨੇਡਾ ਵਿੱਚ ਜਸਟਿਸ ਟਰੂਡੋ ਦੀ ਲਿਬਰਲ ਪਾਰਟੀ ਨੇ ਚੋਣਾਂ ਜਿੱਤ ਲਈਆਂ ਹਨ, ਪਰ ਸੰਸਦ ਵਿੱਚ ਪੂਰਨ ਬਹੁਮਤ ਹਾਸਲ ਕਰਨ ਤੋਂ ਖੁੰਝ ਗਈ ਹੈ। ਕੈਨੇਡੀਅਨ ਚੋਣਾਂ ਤੋਂ ਕੁੱਝ ਦਿਨ ਪਹਿਲਾਂ, ਟਰੂਡੋ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੋਂ ਸਮਰਥਨ ਪ੍ਰਾਪਤ ਹੋਇਆ ਸੀ।

# ਫਰਿਜ਼ਨੋ ਯੂਨੀਵਰਸਿਟੀ ਹਾਈ ਸਕੂਲ ਨੇ ਜਿੱਤਿਆ ਨੈਸ਼ਨਲ ਬਲੂ ਰਿਬਨ ਐਵਾਰਡ

**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਇੱਕ ਸਕੂਲ ਨੇ ਸਿੱਖਿਆ ਖੇਤਰ ਵਿੱਚ ਮਹੱਤਵਪੂਰਨ ਪੁਰਸ਼ਕਾਰ ਪ੍ਰਾਪਤ ਕੀਤਾ ਹੈ। ਸ਼ਹਿਰ ਦੇ ਫਰਿਜ਼ਨੋ ਯੂਨੀਵਰਸਿਟੀ ਹਾਈ ਸਕੂਲ ਨੇ ਯੂ ਐਸ ਡਿਪਾਰਟਮੈਂਟ ਆਫ ਐਜੂਕੇਸ਼ਨ ਵੱਲੋਂ ਨੈਸ਼ਨਲ ਬਲੂ ਰਿਬਨ ਐਵਾਰਡ ਜਿੱਤਿਆ ਹੈ। 2021 ਦੇ ਇਸ ਐਵਾਰਡ ਨੇ ਯੂਨੀਵਰਸਿਟੀ ਹਾਈ ਸਕੂਲ ਨੂੰ ਉੱਚ ਪ੍ਰਦਰਸ਼ਨ ਕਰਨ ਵਾਲੇ ਸਕੂਲ ਦੀ ਸ਼੍ਰੇਣੀ ਵਜੋਂ ਮਾਨਤਾ ਦਿੱਤੀ ਹੈ। ਅਮਰੀਕਾ ਦੇ ਸਿੱਖਿਆ ਸਕੱਤਰ ਮਿਗੁਏਲ ਕਾਰਡੋਨਾ




ਅਨੁਸਾਰ 2021 ਦੇ ਇਸ ਪੁਰਸ਼ਕਾਰ ਪ੍ਰਾਪਤ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਹੋਣਾ ਚਾਹੀਦਾ ਹੈ। ਅਮਰੀਕਾ ਦੇ 45 ਵੱਖ -ਵੱਖ ਰਾਜਾਂ ਦੇ ਸਕੂਲਾਂ ਨੂੰ 2021 ਦੇ ਇਹਨਾਂ ਐਵਾਰਡਾਂ ਦੀ ਸੂਚੀ ਵਿੱਚ ਮਾਨਤਾ ਪ੍ਰਾਪਤ ਹੋਈ ਹੈ। ਕੈਲੀਫੋਰਨੀਆ ਸਟੇਟ ਨੇ ਵੀ ਕੁੱਲ 28 ਦੇ ਨਾਲ ਸਭ ਤੋਂ ਵੱਧ ਬਲੂ ਰਿਬਨ ਸਕੂਲਾਂ ਦਾ ਮਾਣ ਪ੍ਰਾਪਤ ਕੀਤਾ ਹੈ। ਟੈਕਸਾਸ ਅਤੇ ਨਿਊਯਾਰਕ ਨੇ ਕ੍ਰਮਵਾਰ 26 ਅਤੇ 19 ਸਕੂਲਾਂ ਲਈ ਇਹ ਐਵਾਰਡ ਪ੍ਰਾਪਤ ਕੀਤਾ ਹੈ। 2021 ਦੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਸਕੂਲਾਂ (302) ਦੀ ਬਹੁਗਿਣਤੀ ਵਿੱਚ ਪਬਲਿਕ ਸਕੂਲ ਹਨ।

# ਪੰਜਾਬ ਸਾਹਿਤ ਅਕਾਦਮੀ ਵੱਲੋਂ ਕੈਨੇਡੀਅਨ ਪੰਜਾਬੀਆਂ ਦੇ ਕਵੀ ਦਰਬਾਰ ਦਾ ਆਯੋਜਨ ਬੇਹੱਦ ਕਾਮਯਾਬ ਰਿਹਾ



19 ਸਤੰਬਰ ਨੂੰ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ : ਸਰਬਜੀਤ ਕੌਰ ਸੋਹਲ ਤੇ ਅਰਵਿੰਦਰ ਢਿੱਲੋਂ ਦੀ ਅਗਵਾਈ ਵਿੱਚ ਕੈਨੇਡੀਅਨ ਪੰਜਾ-



ਬੀਆਂ ਦੇ ਕਵੀ ਦਰਬਾਰ ਦਾ ਆਯੋਜਨ ਬੇਹੱਦ ਕਾਮਯਾਬ ਰਿਹਾ। ਟੋਰਾਂਟੋ ਤੋਂ ਰਮਿੰਦਰ ਰਮੀ, ਜਗਮੋਹਨ ਸੰਘਾ, ਰੱ-ਛਪਾਲ ਕੌਰ ਗਿੱਲ, ਹਰਜੱਸਪ੍ਰੀਤ ਗਿੱਲ , ਪਰਵਿੰਦਰ ਗੋਗੀ , ਮਕਸੂਦ ਚੌਧਰੀ , ਸਰੀ ਤੋਂ ਕਵਿੰਦਰ ਚਾਂਦ ਤੇ ਹਰਸ਼ਰਨ ਕੌਰ ਨੇ ਇਸ ਕਵੀ ਦਰਬਾਰ ਵਿੱਚ ਸ਼ਰਿਕਤ ਕੀਤੀ। ਸੱਭ ਕਵੀਆਂ ਦੀਆਂ ਕਵਿਤਾਵਾਂ ਬਹੁਤ ਹੀ ਖ਼ੂਬਸੂਰਤ ਸਨ ਤੇ ਅੱਜ ਦੇ ਹਾਲਾਤ ਉੱਪਰ ਸਮਾਜਿਕ ਵਿਸ਼ਿਆਂ ਨੂੰ ਲੈ ਕੇ ਵੀ ਸੀ । ਕੋਆਰਡੀਨੇਟਰ ਅਰਵਿੰਦਰ ਢਿੱਲੋਂ ਜੀ ਦਾ ਸੰਚਾਲਨ ਹਮੇਸ਼ਾਂ ਹੀ ਕਾਬਿਲੇ ਤਾਰੀਫ਼ ਹੁੰਦਾ ਹੈ। ਡਾ : ਸਰਬਜੀਤ ਕੌਰ ਸੋਹਲ ਜੀ ਨੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆ ਕਿਹਾ ਤੇ ਦੱਸਿਆ ਕਿ ਪੰਜਾਬ ਸਾਹਿਤ ਅਕਾਦਮੀ ਪੰਜਾਬੀ ਦੇ ਵਿਕਾਸ ਲਈ ਬਹੁਤ ਸ਼ਲਾਘਾਯੋਗ ਉਪਰਾਲੇ ਕਰ ਰਹੀ ਹੈ। ਡਾ : ਸਰਬਜੀਤ ਕੌਰ ਸੋਹਲ ਵੀ ਹਮੇਸ਼ਾਂ ਆਪਣੇ ਟੀਮ ਮੈਂਬਰਜ਼ ਨੂੰ ਨਾਲ ਲੈ ਕੇ ਚੱਲਦੇ ਹਨ। ਮੈਂਬਰਜ਼ ਦੀ ਹਾਜ਼ਰੀ ਬਹੁਤਾਤ ਵਿੱਚ ਸੀ। ਅੰਤ ਵਿੱਚ ਡਾ : ਸੋਹਲ ਨੇ ਸੱਭ ਮੈਂਬਰਜ਼ ਦਾ ਦਿਲੋਂ ਧੰਨਵਾਦ ਕੀਤਾ।

**ਰਮਿੰਦਰ ਰਮੀ ਸੰਸਥਾਪਕ**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ**

# ਮੁੱਖ ਮੰਤਰੀ ਬਣਨ ਤੇ ਅੰਬੇਡਕਰ ਭਵਨ ਟਰੱਸਟ ਨੇ ਦਿੱਤੀ ਚਰਨਜੀਤ ਸਿੰਘ ਚੰਨੀ ਨੂੰ ਵਧਾਈ

**ਜਲੰਧਰ–** ਡਾ. ਜੀ.ਸੀ. ਕੌਲ ਜਨਰਲ ਸਕੱਤਰ, ਅੰਬੇਡਕਰ ਭਵਨ ਟਰੱਸਟ (ਰਜਿ), ਡਾ. ਅੰਬੇਡਕਰ ਮਾਰਗ, ਜਲੰਧਰ ਨੇ ਇੱਕ ਪ੍ਰੈਸ ਬਿਆਨ 'ਚ ਕਿਹਾ ਕਿ



ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁਖ ਮੰਤਰੀ ਬਣਨ ਤੇ ਅੰਬੇਡਕਰ ਭਵਨ ਟਰੱਸਟ ਦੇ ਸਮੂਹ ਟਰੱਸਟੀਆਂ ਐੱਲ.ਆਰ. ਬਾਲੀ, ਡਾ. ਰਾਮ ਲਾਲ ਜੱਸੀ, ਡਾ.ਜੀ.ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਕੇ.ਸੀ. ਸੁਲੇਖ, ਡਾ. ਸੁਰਿੰਦਰ ਅਜਨਾਤ,ਚੌਧਰੀ ਨਸੀਬ ਚੰਦ, ਆਰ.ਪੀ.ਐੱਸ.ਪਵਾਰ, ਸੋਹਨ ਲਾਲ, ਡਾ.ਟੀ.ਐੱਲ.ਸਾਗਰ, ਡਾ.ਰਾਹੁਲ ਜੱਸੀ, ਡਾ. ਰਾਹੁਲ ਕੁਮਾਰ ਬਾਲੀ, ਹਰਮੇਸ਼ ਜੱਸਲ ਅਤੇ ਚਰਨ ਦਾਸ ਸੰਧੂ ਨੇ ਬੇਹੱਦ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਉਹ ਉਨ੍ਹਾਂ (ਚਰਨਜੀਤ ਸਿੰਘ ਚੰਨੀ) ਨੂੰ ਹਾਰਦਿਕ ਵਧਾਈ ਦਿੰਦੇ ਹਨ. ਇਹ ਸਭ ਮਹਾਨ ਬਾਬਾ ਸਾਹਿਬ ਭਾਰਤ ਰਤਨ ਡਾ.ਬੀ.ਆਰ. ਅੰਬੇਡਕਰ ਜੀ ਦੇ ਯਤਨਾਂ ਸਦਕਾ ਹੈ ਜਿਨ੍ਹਾਂ ਨੇ ਸਾਡੇ ਅਧਿਕਾਰਾਂ ਲਈ ਅਤੇ ਸਾਡੇ ਭਾਈਚਾਰੇ ਦੀ ਉੱਨਤੀ ਲਈ ਆਪਣੀ ਸਾਰੀ ਜ਼ਿੰਦਗੀ ਨਿਰੰਤਰ ਲੜਾਈ ਲੜੀ। ਉਨ੍ਹਾਂ ਨੇ ਕਿਹਾ ਕਿ ਸ. ਚੰਨੀ ਜੀ ਦੇ ਮੁਖ ਮੰਤਰੀ ਬਣਨ ਨਾਲ ਪੰਜਾਬ ਵਿਚ ਇੱਕ ਇਤਿਹਾਸਕ ਤਬਦੀਲੀ ਆਈ ਹੈ. ਡਾ. ਕੌਲ ਨੇ ਕਿਹਾ ਕਿ ਅਸੀਂ ਚਰਨਜੀਤ ਸਿੰਘ ਚੰਨੀ ਨੂੰ ਸ਼ੁਭ ਕਾਮਨਾਵਾਂ ਦਿੰਦੇ ਹਾਂ ਅਤੇ ਸਾਡਾ ਪੂਰਨ ਵਿਸ਼ਵਾਸ ਹੈ ਕਿ ਉਹ ਬਾਬਾਸਾਹਿਬ ਡਾ. ਬੀ. ਅੰਬੇਡਕਰ ਦੇ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਤੇ ਅਧਾਰਤ ਸਮਾਜ ਦੇ ਵਿਜ਼ਨ ਨੂੰ ਪ੍ਰੈਕਟੀਕਲ ਸ਼ੇਪ ਦੇਣਗੇ ਅਤੇ ਪੰਜਾਬ ਵਿਚ ਸਿਖਿਆ ਅਤੇ ਸਿਹਤ ਦੀਆਂ ਸਹੂਲਤਾਂ ਆਮ ਲੋਕਾਂ ਤਕ ਪਹੁੰਚਾਉਣਗੇ।

# ਕੈਂਟਕੀ ਦੇ ਨਰਸਿੰਗ ਹੋਮ ਵਿੱਚ ਸਾਹਮਣੇ ਆਇਆ ਕੋਵਿਡ -19 ਦਾ ਨਵਾਂ ਵੇਰੀਐਂਟ

**ਗੁਰਿੰਦਰਜੀਤ ਨੀਟਾ ਮਾਛੀਕੇ/**
**ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਅਜੇ ਵਾਇਰਸ ਦੇ ਡੈਲਟਾ ਵੇਰੀਐਂਟ ਨਾਲ ਨਜਿੱਠ ਹੀ ਰਿਹਾ ਹੈ , ਇਸੇ ਦੌਰਾਨ ਕੈਂਟਕੀ ਦੇ ਨਰਸਿੰਗ ਹੋਮ ਵਿੱਚ ਕੋਰੋਨਾ ਵਾਇਰਸ ਦੇ ਇੱਕ ਨਵੇਂ ਰੂਪ ਦੀ ਪਛਾਣ ਕੀਤੀ ਗਈ ਹੈ, ਜਿੱਥੇ ਇਸ ਨੇ 45 ਵਸਨੀਕਾਂ ਅਤੇ ਕਰਮਚਾਰੀਆਂ ਨੂੰ ਸੰਕਰਮਿਤ ਕੀਤਾ ਹੈ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ&; ਕੋਰੋਨਾ ਟੀਕਾ ਲਗਾਇਆ ਗਿਆ ਸੀ।




ਸੋਮਵਾਰ ਨੂੰ ਸਿਹਤ ਵਿਗਿਆਨੀਆਂ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਇਸ&; ਆਰ .1 ਵੇਰੀਐਂਟ ਦੀ ਸ਼ੁਰੂਆਤ ਜਪਾਨ ਵਿੱਚ ਹੋਈ ਹੈ। ਵਾਇਰਲ ਡਿਸੀਜ਼ ਦੇ ਮਾਹਰ ਡਾਕਟਰ ਵਿਲੀਅਮ ਹੈਸਲਟਾਈਨ ਅਨੁਸਾਰ ਖੋਜਕਰਤਾਵਾਂ ਦੁਆਰਾ ਜੀਨੋਮਿਕ ਸਥਿਤੀ ਨੂੰ ਟਰੈਕ ਕਰਨ ਲਈ ਵਰਤੇ ਗਏ ਇੱਕ ਡੇਟਾਬੇਸ ਵਿੱਚ ਪਹਿਲਾਂ ਹੀ ਆਰ .1 ਵੇਰ-ਐਂਟ ਦੇ 10,000 ਤੋਂ ਵੱਧ ਮਾਮਲੇ ਹਨ ਅਤੇ ਵਾਇਰਸ ਦਾ ਇਹ ਰੂਪ ਬਹੁਤ ਜ਼ਿਆਦਾ ਛੂਤਕਾਰੀ ਡੀ 614 ਜੀ ਪਰਿਵਰਤਨ ਨੂੰ ਸਾਂਝਾ ਕਰਦਾ ਹੈ ਜੋ ਕਿ ਕੋਰੋਨਾ ਵਾਇਰਸ ਦੇ ਨਵੇਂ ਵਾਧੇ ਨੂੰ ਵਧਾਉਂਦਾ ਹੈ। ਇਸ ਵੇਰੀਐਂਟ ਦੀ ਖਬਰ ਤੋਂ ਪਹਿਲਾਂ ਅਮਰੀਕਾ ਵਿੱਚ ਐਫ ਡੀ ਏ ਨੇ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਜਾਂ ਮਾੜੀ ਸਿਹਤ ਵਾਲੇ ਕਿਸੇ ਵੀ ਵਿਅਕਤੀ ਲਈ ਬੂਸਟਰ ਟੀਕਾਕਰਨ ਖੁਰਾਕ ਨੂੰ ਮਨਜ਼ੂਰੀ ਦਿੱਤੀ ਹੈ, ਜੋ ਕਿ ਦੂਜੀ ਖੁਰਾਕ ਤੋਂ ਛੇ ਮਹੀਨਿਆਂ ਬਾਅਦ ਲਗਾਈ ਜਾਵੇਗੀ। ਸਿਹਤ ਮਾਹਿਰਾਂ ਵੱਲੋਂ ਇਸ ਵੇਰੀਐਂਟ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ।

# ਨਿਊਜ਼ੀਲੈਂਡ ਪਿਛਲੇ 24 ਘੰਟਿਆਂ ਦੇ ਵਿਚ 18 ਹੋਰ ਨਵੇਂ ਕਰੋਨਾ ਦੇ ਕੇਸ ਆਏ-ਟੀਕਾਕਰਣ ਤੇ ਆਸਾਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਨਿਊਜ਼ੀਲੈਂਡ ਨੇ ਇਸ ਡਰ ਦੁੱਖੋਂ ਆਸਟਰੇਲੀਆ ਨਾਲ ਕੁਆਰੀਨਟੀਨ ਫ੍ਰੀ ਯਾਤਰਾ ਜੁਲਾਈ ਮਹੀਨੇ ਤੋਂ ਬੰਦ ਕਰ ਦਿੱਤੀ ਸੀ ਤਾਂ ਕਿ ਗੁਆਂਢੀ ਮੁਲਕ ਤੋਂ ਕਰੋਨਾ ਕੇਸਾਂ ਦੇ ਆਉਣ ਦਾ ਕੋਈ ਮੌਕਾ ਹੀ ਬਚੇ, ਪਰ ਅਗਸਤ ਮਹੀਨੇ ਆਇਆ ਡੈਲਟਾ ਕਰੋਨਾ ਕਿਹੜੇ ਚੋਰ ਰਸਤਿਓ ਇਥੇ ਪਹੁੰਚ ਗਿਆ ਅਜੇ ਤੱਕ ਸਰਕਾਰ ਪੈੜ ਨਹੀਂ ਨੱਪ ਸਕੀ। 17 ਅਗਸਤ ਨੂੰ ਪਾਜ਼ੇਟਿਵ ਪਾਏ ਗਏ ਇਕ ਵਿਅਕਤੀ ਤੋਂ ਸ਼ੁਰੂ ਹੋਇਆ ਕਰੋਨਾ ਵਾਇਰਸ ਅਜਿਹਾ ਚਿੰਬੜਿਆ ਹੈ ਕਿ ਲੱਥਣ ਦਾ ਨਾਂਅ ਹੀ ਨਹੀਂ ਲੈਂਦਾ। ਅੱਜ ਫਿਰ ਪਿਛਲੇ 24 ਘੰਟਿਆਂ ਦੀ ਲਿਸਟ ਦੇ ਵਿਚ 18 ਹੋਰ ਨਵੇਂ ਕਰੋਨਾ ਕੇਸ ਦਰਜ ਹੋ ਗਏ ਹਨ। ਇਹ ਸਾਰੇ ਹੀ ਔਕਲੈਂਡ ਖੇਤਰ ਦੇ ਨਾਲ ਸਬੰਧਿਤ ਹਨ। ਹੁਣ ਤੱਕ ਆਏ ਡੈਲਟਾ ਦੇ ਕੇਸਾਂ ਦੀ ਕੁੱਲ ਗਿਣਤੀ 1164 ਤੱਕ ਤੱਕ ਪੁੱਜ ਗਈ ਹੈ। ਹਸਪਤਾਲ ਦੇ ਵਿਚ 12 ਮਰੀਜ਼ ਹਨ ਜਿਨ੍ਹਾਂ ਵਿਚ 4 ਆਈ. ਸੀ. ਯੂ. ਦੇ ਵਿਚ ਹਨ। ਸਰਕਾਰ ਨੇ ਟੀਕਾਕਰਣ ਮੁਹਿੰਮ ਚਲਾਈ ਹੋਈ ਹੈ ਅਤੇ ਟੀਕਾਕਰਣ ਉਤੇ ਹੀ ਆਸਾਂ ਹਨ ਤਾਂ ਕਿ ਕਰੋਨਾ ਦੇ ਨੱਕ ਵਿਚ ਦਮ ਕੀਤਾ ਜਾ ਸਕੇ ਅਤੇ ਨੱਕ ਅਕੇ ਮੂੰਹ ਰਾਹੀਂ ਲੋਕਾਂ ਦੇ ਸਰੀਰ ਵਿਚ ਦਾਖਲ ਨਾ ਹੋ ਸਕੇ।

# ਗੁੱਜਰ ਸਮਾਜ ਦੇ ਸਨਮਾਨ ਮੇ ਬੀ ਐੱਸ ਪੀ ਮੈਦਾਨ ਮੇ

ਭਾਜਪਾ ਸਰਕਾਰ ਨੇ ਉਤਰ ਪ੍ਰਦੇਸ਼ ਵਿੱਚ ਗੁੱਜਰ ਸਮਰਾਟ ਮਿਹਰ ਭੋਜ਼ ਦੀ ਪ੍ਰਤਿਮਾ ਤੋਂ ਗੁੱਜਰ ਸ਼ਬਦ ਹਟਾਕੇ ਗੁੱਜਰ ਸਮਾਜ ਦਾ ਕੀਤਾ ਅਪਮਾਨ ਅਤੇ ਗੁੱਜਰ ਸਮਾਜ ਦੇ ਇਤਿਹਾਸ ਨਾਲ ਛੇੜਛਾੜ ਤੋਂ ਬਸਪਾ ਨੇ ਭਾਜਪਾ ਨੂੰ ਝੰਬਿਆ।


ਇਹ ਪਹਿਲੀ ਵਾਰ ਹੈ ਕਿ ਦੇਸ਼ ਦੀ ਕਿਸੀ ਰਾਸ਼ਟਰੀ ਪਾਰਟੀ ਨੇ ਗੁੱਜਰ ਸਮਾਜ ਦੇ ਸਨਮਾਨ ਲਈ ਆਵਾਜ਼ ਬੁਲੰਦ ਕੀਤੀ ਹੈ। ਬਸਪਾ ਦੇਸ਼ ਦੀ ਕਾਂਗਰਸ ਭਾਜਪਾ ਤੋਂ ਬਾਅਦ ਤੀਜਾ ਦਰਜਾ ਪ੍ਰਾਪਤ ਰਾਸ਼ਟਰੀ ਪਾਰਟੀ ਹੈ ਜੋਕਿ ਕਸ਼ਮੀਰ ਤੋਂ ਲੈਕੇ ਕੰਨਿਆਕੁਮਾਰੀ ਤੱਕ ਸੰਗਠਨ ਸ਼ਕਤੀ ਰੱਖਦੀ ਹੈ ਜਿਸਦੇ ਸੰਸਥਾਪਕ ਪੰਜਾਬ ਦੇ ਰੋਪੜ ਜਿਲੇ ਦੇ ਸਾਹਿਬ ਕਾਂਸ਼ੀ ਰਾਮ ਜੀ ਸਨ ਅਤੇ ਮੌਜੂਦਾ ਰਾਸ਼ਟਰੀ ਪ੍ਰਧਾਨ, ਸਾਬਕਾ ਮੁੱਖ ਮੰਤਰੀ ਉੱਤਰਪ੍ਰਦੇਸ਼, ਸਾਬਕਾ ਸਾਂਸਦ ਭੈਣ ਕੁਮਾਰੀ ਮਾਇਆਵਤੀ ਜੀ ਹਨ।

ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਗੁੱਜਰ ਸਮਾਜ ਦੇ ਹੱਕ ਵਿੱਚ ਖੜਾ ਹੋਣਾ ਗੁੱਜਰ ਸਮਾਜ ਲਈ ਮਾਣ ਦੀ ਗੱਲ ਹੈ। ਹਾਲਾਂਕਿ ਪੰਜਾਬ ਵਿਚ ਗੁੱਜਰ ਸਮਾਜ ਨੂੰ ਬਸਪਾ ਵਲੋਂ 1999 ਵਿੱਚ ਹੁਸ਼ਿਆਰਪੁਰ ਤੋਂ ਅਤੇ 2009 ਵਿੱਚ ਸ਼੍ਰੀ ਅਨੰਦਪੁਰ ਸਾਹਿਬ ਤੋਂ ਦੋ-ਦੋ ਵਾਰ ਲੋਕ ਸਭਾ ਦੀ ਟਿਕਟ ਦਿੱਤੀ ਗਈ ਅਤੇ 2012 ਵਿੱਚ ਬਸਪਾ ਵਲੋਂ ਬਲਾਚੌਰ ਤੋਂ ਵਿਧਾਨ ਸਭਾ ਦੀ ਟਿਕਟ ਦਿੱਤੀ ਗਈ। ਅੱਜ ਪੰਜਾਬ ਦੇ ਗੁੱਜਰ ਸਮਾਜ ਨੂੰ ਜਰੂਰ ਭਾਈਚਾਰੇ ਦੀ ਸੱਚੀ ਤੇ ਅਸਲੀ ਨੁਮਾਇੰਦਗੀ ਲਈ ਬਹੁਜਨ ਸਮਾਜ ਦਾ ਹਿੱਸਾ ਬਣਨਾ ਚਾਹੀਦਾ ਹੈ।

**– ਜਸਵੀਰ ਸਿੰਘ ਗੜ੍ਹੀ**

# ਨਿਪੁੰਨਤਾ ਖੋਜ ਪ੍ਰੀਖਿਆ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੋਹ (ਪਠਾਨਕੋਟ) ਦੇ ਰਾਘਵ ਨੇ ਪ੍ਰਾਪਤ ਕੀਤਾ ਪੰਜਾਬ ਵਿੱਚੋਂ 29ਵਾਂ ਰੈਂਕ

**ਪਠਾਨਕੋਟ–** ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਐਲਾਨੇ ਦਸਵੀਂ ਦੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਦੇ ਨਤੀਜੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੋਹ ਪਠਾਨਕੋਟ ਦੇ ਵਿਦਿਆਰਥੀ ਰਾਘਵ ਭਾਰਦਵਾਜ ਪੁੱਤਰ ਪ੍ਰਵੀਨ ਕੁਮਾਰ ਵਾਸੀ ਘੋਹ ਨੇ ਪੰਜਾਬ ਰਾਜ ਵਿੱਚੋਂ 29ਵਾਂ ਸਥਾਨ ਪ੍ਰਾਪਤ ਕੀਤਾ ਅਤੇ ਜ਼ਿਲ੍ਹਾ ਪਠਾਨਕੋਟ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ। ਰਾਘਵ ਦੇ ਮਾਤਾ ਰਮਨਾ ਸ਼ਰਮਾ ਸਰਕਾਰੀ ਪ੍ਰਾਇਮਰੀ ਸਕੂਲ ਜੰਗਲ ਵਿਖੇ ਸੇਵਾ ਨਿਭਾ ਰਹੇ ਹਨ। ਪ੍ਰਿੰਸੀਪਲ ਜੋਗਿੰਦਰ ਕੁਮਾਰ ਨੇ ਦੱਸਿਆ ਕਿ ਰਾਘਵ ਸਾਡੇ ਸਕੂਲ ਦਾ ਹੋਣਹਾਰ ਵਿਦਿਆਰਥੀ ਸੀ, ਜਿਸ ਨੇ ਪਹਿਲਾਂ ਐਨ.ਟੀ.ਐਸ.ਈ ਦੀ ਪ੍ਰੀਖਿਆ ਵੀ ਪਾਸ ਕੀਤੀ। ਹੁਣ ਇਸ ਨੇ ਪੀ.ਐਸ.ਟੀ.ਐਸ.ਸੀ ਦੀ ਪ੍ਰੀਖਿਆ ਵਿੱਚ ਰਾਘਵ ਭਾਰਦਵਾਜ ਨੇ 180 ਵਿੱਚੋਂ 131 ਨੰਬਰ ਪ੍ਰਾਪਤ ਕਰਕੇ ਪੰਜਾਬ ਵਿੱਚੋਂ 29ਵਾਂ ਅਤੇ ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕਰਕੇ ਅਧਿਆਪਕਾਂ ਵੱਲੋਂ ਕਰਵਾਈ ਮਿਹਨਤ ਦਾ ਮੁੱਲ ਮੋੜਿਆ ਹੈ। ਹੁਣ ਇਸ ਵਿਦਿਆਰਥੀ ਨੂੰ ਸਿੱਖਿਆ ਵਿਭਾਗ ਵੱਲੋਂ 2022-2023 ਤੱਕ ਵਜ਼ੀਫਾ ਮਿਲੇਗਾ। ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਇਸ ਵਿਦਿਆਰਥੀ ਨੂੰ ਸਨਮਾਨ ਚਿੰਨ੍ਹ, ਮੈਡਲ ਅਤੇ ਗੁਲਦਸਤੇ ਦੇ ਕੇ ਸਨਮਾਨਿਤ ਕੀਤਾ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਸਵੰਤ ਸਿੰਘ, ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਬਲਦੇਵ ਰਾਜ, ਉਪ ਜਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ਵਰ ਸਲਾਰੀਆ ਅਤੇ ਉਪ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਰਮੇਸ਼ ਲਾਲ ਠਾਕੁਰ ਵੱਲੋਂ ਵੀ ਰਾਘਵ ਭਾਰਦਵਾਜ ਵੱਲੋਂ ਜਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਸਕੂਲ ਅਧਿਆਪਕਾਂ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਹੈ।



ਇਸ ਮੌਕੇ ਤੇ ਰਾਘਵ ਭਾਰਦ-ਵਾਜ ਨੇ ਕਿਹਾ ਕਿ ਮੇਰੇ ਅਧਿਆ-ਪਕਾਂ ਅਤੇ ਮੇਰੇ ਮਾਪਿਆਂ ਨੇ ਮੇਰਾ ਬਹੁਤ ਸਾਥ ਦਿੱਤਾ ਅਤੇ ਹਮੇਸ਼ਾ ਮੈਨੂੰ ਪ੍ਰੇਰਿਤ ਕੀਤਾ ਹੈ। ਮੇਰਾ ਉ-ਦੇਸ਼ ਇੱਕ ਸਟਾਰਟਅਪ ਸ਼ੁਰੂ ਕਰਨਾ ਹੈ ਤਾਂ ਜੋ ਮੈਂ ਆਪਣੇ ਰਾ-ਸ਼ਟਰ ਨੂੰ 'ਆਤਮਨਿਰਭਰ' ਬਣ-ਾਉਣ ਵਿੱਚ ਯੋਗਦਾਨ ਪਾ ਸਕਾਂ। ਅੰਤ ਵਿੱਚ ਰਾਘਵ ਨੇ ਸਕੂਲ ਪ੍ਰਿੰਸੀਪਲ ਸ਼੍ਰੀ ਜੋਗਿੰਦਰ ਕੁਮਾਰ, ਕਲਾਸ ਇੰਚਾਰਜ ਸ਼੍ਰੀ ਸੁਰਿੰਦਰ ਕੁਮਾਰ, ਵਿਸ਼ਾ ਅਧਿਆਪਕ ਸ਼੍ਰੀ ਪੁਸ਼ਪਿੰਦਰ, ਸ਼੍ਰੀਮਤੀ ਰਿਪਜੀਤ, ਸ਼੍ਰੀਮਤੀ ਰੂਬੀ, ਸ਼੍ਰੀ ਰਣਧੀਰ, ਸ਼੍ਰੀ ਵਿਕਰਮ, ਸ਼੍ਰੀਮਤੀ ਭਾਰਤੀ ਅਤੇ ਸ਼੍ਰੀਮਤੀ ਦੀਪੀਕਾ ਦਾ ਧੰਨਵਾਦ ਕੀਤਾ।

**ਲੇਖ਼ਕ: ਰਾਜਿੰਦਰ ਸਿੰਘ ਰਾਜਨ ਪਠਾਨਕੋਟ**
**ਮੋਬਾਇਲ ਫੋਨ ਨੰਬਰ 9417427656**

# ਕਾਰਪੋਰੇਸ਼ਨ ਦੀ ਮਾੜੀ ਕਾਰਗੁਜਾਰੀ ਕਾਰਨ ਦਿਨ ਢਲਦਿਆਂ ਘੁੱਪ ਹਨ੍ਹੇਰੇ 'ਚ ਡੁੱਬ ਜਾਂਦਾ ਹੈ ਅੱਧਾ ਸ਼ਹਿਰ- ਖੋਸਲਾ

**ਫਗਵਾੜਾ (ਬੀ.ਕੇ.ਰੱਤੂ)** ਸੀਨੀਅਰ ਭਾਜਪਾ ਆਗੂ ਤੇ ਸ਼ਹਿਰ ਦੇ ਸਾਬਕਾ ਮੇਅਰ ਅਰੁਣ ਖੋਸਲਾ ਨੇ ਕਿਹਾ ਕਿ ਸ਼ਹਿਰ ਵਿਚ ਵੱਧਦੀਆਂ ਚੋਰੀਆਂ ਲਈ ਕਾਰਪੋਰੇਸ਼ਨ ਜ਼ਿੰਮੇਵਾਰ ਹੈ ਕਿਉਂਕਿ ਰਾਤ ਸਮੇਂ ਸ਼ਹਿਰ ਦੇ ਦਰਜਨਾਂ ਮੁਹੱਲੇ ਤੇ ਮੁੱਖ ਬਜਾਰ ਸਟਰੀਟ ਲਾਈਟਾਂ ਖਰਾਬ ਹੋਣ ਕਰਕੇ ਘੁੱਪ ਹਨ੍ਹੇਰੇ 'ਚ ਡੁੱਬੇ ਰਹਿੰਦੇ ਹਨ। ਜਿਸਦਾ ਚੋਰ ਲੁਟੇਰੇ ਨਜਾਇਜ ਫਾਇਦਾ ਚੁੱਕ ਕੇ ਚੋਰੀਆਂ ਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਕਰਦੇ ਹਨ। ਉਹਨਾਂ ਦੱਸਿਆ ਕਿ ਸਰਾਏ ਰੋਡ, ਨਾਈਆਂ ਚੌਕ, ਸਿਨੇਮਾ ਰੋਡ, ਹਨੁਮਾਨਗੜ੍ਹੀ ਰੋਡ, ਗਊਸ਼ਾਲਾ ਬਾਜਾਰ, ਬਾਂਸਾਵਾਲਾ ਬਾਜਾਰ, ਲਾਮਿਆਂ ਮੁਹੱਲਾ ਸਮੇਤ ਬਹੁਤ ਸਾਰੇ ਰਿਹਾਇਸ਼ੀ ਇਲਾਕਿਆਂ ਦੀਆਂ ਸਟ੍ਰੀਟ ਲਾਈਟਾਂ ਕਾਫੀ ਸਮੇਂ ਤੋਂ ਖਰਾਬ ਹਨ। ਪਹਿਲਾਂ ਤਾਂ ਲੋਕਾਂ ਦੀ ਸ਼ਿਕਾਇਤ ਦਰਜ ਹੀ ਨਹੀਂ ਹੁੰਦੀ ਪਰ ਜੇਕਰ ਦਰਜ ਹੋ ਜਾਵੇ ਤਾਂ ਸ਼ਿਕਾਇਤ ਦੂਰ ਨਹੀਂ ਕੀਤੀ ਜਾ ਰਹੀ। ਅਧਿਕਾਰੀ ਜਨਤਾ ਦੀ ਗੱਲ ਨਹੀਂ ਸੁਣਦੇ। ਉਹਨਾਂ ਕਿਹਾ ਕਿ ਨਵੀਂਆਂ ਸਟਰੀਟ ਲਾਈਟਾਂ ਲਗਾਉਣ ਅਤੇ ਪੁਰਾਣੀਆਂ ਲਾਈਟਾਂ ਠੀਕ ਜਾਂ ਬਦਲੀ ਕਰਨ ਦਾ ਠੇਕਾ ਕਾਫੀ ਸਾਲਾਂ ਤੋਂ ਵਿਵੇਕ ਇੰਟਰਪ੍ਰਾਈਜਿਜ ਨਾਮ ਦੇ ਇਕ ਹੀ ਠੇਕੇਦਾਰ ਨੂੰ ਦਿੱਤਾ ਹੋਇਆ ਹੈ ਜਿਸ ਦੀ ਮਾੜੀ ਕਾਰਗੁਜਾਰੀ ਤੋਂ



ਸਾਰਾ ਸ਼ਹਿਰ ਦੁਖੀ ਹੈ। ਖੋਸਲਾ ਨੇ ਦੱਸਿਆ ਕਿ ਉਹਨਾਂ ਆਰ.ਟੀ.ਆਈ. ਰਾਹੀਂ ਕਾਰਪੋਰੇਸ਼ਨ ਤੋਂ ਜਵਾਬ ਮੰਗਿਆ ਸੀ ਪਰ ਕਈ ਮਹੀਨੇ ਬਾਅਦ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ। ਉਹਨਾਂ ਪਿਛਲੇ ਕੁਝ ਦਿਨਾਂ ਤੋਂ ਫਗਵਾੜਾ ਵਿਚ ਜਾਰੀ ਬਰਸਾਤ ਨਾਲ ਲੋਕਾਂ ਨੂੰ ਹੋ ਰਹੀ ਪਰੇਸ਼ਾਨੀ ਦਾ ਜਿਕਰ ਕਰਦਿਆਂ ਕਿਹਾ ਕਿ ਕਾਰਪੋਰੇਸ਼ਨ ਦੀ ਮਾੜੀ ਕਾਰਗੁਜਾਰੀ ਦੇ ਚਲਦਿਆਂ ਸ਼ਹਿਰ ਦੀਆਂ ਮੁੱਖ ਸੜਕਾਂ ਬਰਸਾਤੀ ਨਾਲੇ ਬਣ ਗਈਆਂ ਹਨ ਜਿੱਥੇ ਕਿਸ਼ਤੀਆਂ ਚਲਾਉਣ ਦੀ ਨੌਬਤ ਆ ਗਈ ਹੈ। ਜੀ.ਟੀ. ਰੋਡ ਦੇ ਆਲੇ-ਦੁਆਲੇ ਸਰਵਿਸ ਲੇਨਾਂ ਦੀ ਹਾਲਤ ਮਾੜੀ ਹੈ।


ਸੜਕਾਂ 'ਚ ਡੂੰਘੇ ਟੋਏ ਹਨ ਜੋ ਹਰ ਸਮੇਂ ਬਰਸਾਤੀ ਪਾਣੀ ਨਾਲ ਭਰੇ ਰਹਿੰਦੇ ਹਨ ਅਤੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਨਿਗਮ ਕਮੀਸ਼ਨਰ ਜਾਂ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਦੇ ਵੀ ਬਰਸਾਤ ਵਿਚ ਲੋਕਾਂ ਦੇ ਵਿਚਕਾਰ ਜਾ ਕੇ ਉਹਨਾਂ ਦੀਆਂ ਮੁਸ਼ਕਲਾਂ ਨੂੰ ਦੇਖਣ ਜਾਂ ਸੁਣਨ ਦੀ ਕੋਸ਼ਿਸ਼ ਨਹੀਂ ਕੀਤੀ। ਜਿਸ ਤੋਂ ਸਪਸ਼ਟ ਹੈ ਕਿ ਕਾਰਪੋਰੇਸ਼ਨ ਦੇ ਅਧਿਕਾਰੀ ਅਤੇ ਵਿਧਾਇਕ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਲੈ ਕੇ ਬਿਲਕੁਲ ਵੀ ਗੰਭੀਰ ਨਹੀਂ ਹਨ।

# ਧਰਤੀ ਨਾਲ਼ ਜੁੜੀ ਸ਼ਾਇਰੀ ਦਾ ਸਿਰਜਣਹਾਰ-ਹਰਜਿੰਦਰ ਕੰਗ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਜ਼ੂਮ ਲਿੰਕ ਰਾਹੀਂ ਸਾਹਿਤਕ ਮਿਲਣੀ ਹੋਈ। ਇਸ ਮਿਲਣੀ ਦੇ ਸ਼ੁਰੂ ਵਿਚ ਡਾ. ਕੰਬੋਜ ਨੇ ਸਭ ਨੂੰ ਜੀ ਆਇਆਂ ਆਖਿਆ। ਜਨਰਲ ਸਕੱਤਰ ਕੁਲਵਿੰਦਰ ਨੇ ਕਾਰਵਾਈ ਨੂੰ ਅੱਗੇ ਤੋਰਦੇ ਹੋਏ ਦੀਪਕ ਜੈਤੋਈ ਸਕੂਲ ਤੋਂ ਉਸਤਾਦ ਗੁਰਦਿਆਲ ਰੌਸ਼ਨ ਦੇ ਹੋਣਹਾਰ ਸ਼ਗਿਰਦ ਹਰਜਿੰਦਰ ਕੰਗ ਦੀ ਜਾਣ-ਪਛਾਣ ਕਰਵਾਉਂਦੇ ਹੋਏ ਕਿਹਾ ਕਿ ਹਰਜਿੰਦਰ ਕੰਗ ਨੇ 1992 ਵਿਚ 'ਸਵਾਂਤੀ ਬੂੰਦ' (ਗ਼ਜ਼ਲ ਸੰਗ੍ਰਹਿ) ਨਾਲ਼ ਪੰਜਾਬੀ ਸਾਹਿਤ ਦੇ ਬੂਹੇ ਦਸਤਕ ਦਿੱਤੀ। ਇਸ ਤੋਂ ਬਾਅਦ 'ਠੀਕਰੀ ਪਹਿਰਾ'(ਗ਼ਜ਼ਲ ਸੰਗ੍ਰਹਿ 1996, 2009), ਚੁੱਪ ਦੇ ਟੁਕੜੇ (ਕਾਵਿ-ਸੰਗ੍ਰਹਿ 2006) ਅਤੇ 'ਆਪਾਂ ਦੋਵੇਂ ਰੁੱਸ ਬੈਠੇ (ਗੀਤ-ਸੰਗ੍ਰਹਿ 2011) ਨਾਲ਼ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਸੰਦਲੀ ਮਹਿਕ ਖਿੰਡਾਈ ਹੈ। ਰਾਜ ਗਾਇਕ ਹੰਸ ਰਾਜ ਹੰਸ ਤੋਂ ਇਲਾਵਾ ਹੋਰ ਬਹੁਤ ਸਾਰੇ ਗਾਇਕਾਂ ਨੇ ਇਸ ਸ਼ਾਇਰ ਦੇ ਗੀਤਾਂ ਨੂੰ ਆਵਾਜ਼ ਦਿੱਤੀ ਹੈ। ਇਸ ਉਪਰੰਤ ਇੰਡੀਆ ਤੋਂ ਪ੍ਰੋ. ਸੁਰਜੀਤ ਜੱਜ ਨੇ 'ਹਰਜਿੰਦਰ ਕੰਗ ਦੀ ਸ਼ਾਇਰੀ ਨਾਲ਼ ਸੰਵਾਦ ਛੇੜਦਿਆਂ' ਵਿਲੱਖਣਤਾ ਭਰਪੂਰ ਪੇਪਰ ਪੜ੍ਹਿਆ।ਉਨ੍ਹਾਂ ਕਿਹਾ ਕਿ ਸੰਵੇਦਨਾ ਦੀ ਸਾਂਝ ਬਿਨਾਂ ਨਾ ਤਾਂ ਕਾਵਿ ਦੀ ਅਨੁਭੂਤੀ ਸੰਭਵ ਹੈ ਅਤੇ ਨਾ ਹੀ ਸ਼ਾਇਰੀ ਨਾਲ ਸੰਵਾਦ। ਸੰਵਾਦ ਤੋਂ ਵੀ ਪਹਿਲਾਂ ਸੁਹਜ ਸੰਪੰਨਤਾ ਆਉਂਦੀ ਹੈ। ਸਹਿਜ ਸੁਭਾਵਿਕਤਾ ਦੀ ਇਹ ਧੁਨੀ ਸ਼ਾਇਰੀ ਵਿਚ ਪ੍ਰਵਾਹਿਤ ਹੋਣੀ ਚਾਹੀਦੀ ਹੈ। ਹਰਜਿੰਦਰ ਕੰਗ ਦੀ ਸ਼ਾਇਰੀ ਨੇ ਮੈਨੂੰ ਸਭ ਤੋਂ ਪਹਿਲਾਂ ਇਸੇ ਸਰੂਪ ਦੇ ਦੀਦਾਰ ਕਰਵਾਏ ਹਨ:

ਕਿਹਾ ਜਾਂ ਬੱਚਿਆਂ ਨੂੰ ਮੈਂ  
ਕਿ ਕੀ ਹੈ ਅੱਗ ਦਾ ਕਾਰਜ  
ਸਿਵੇ ਬਲਦੇ ਬਣਾ ਦਿੱਤੇ  
ਉਨ੍ਹਾਂ ਨੇ ਕਾਗਜ਼ਾਂ ਉੱਤੇ।

ਉਨ੍ਹਾਂ ਅੱਗੇ ਜਿਹਾ ਕਿ ਇਸਦੇ ਨਾਲ ਹੀ ਇਕ ਸਮਰੱਥਾਵਾਨ ਸ਼ਾਇਰ ਦੀ ਸ਼ਾਇਰੀ ਅਤੀਤ, ਵਰਤਮਾਨ ਅਤੇ ਭਵਿੱਖ ਦੇ ਟੋਟਿਆਂ ਤੱਕ ਹੀ ਸੀਮਤ ਨਹੀਂ ਹੁੰਦੀ ਸਗੋਂ ਬਾਹਰਲੇ ਵਰਤਾਰਿਆਂ ਨਾਲ ਵਿਰਾਟ ਅਤੇ ਗਹਿਰੇ ਕਾਵਿ-ਬਿੰਬਾਂ ਵਿਚ ਪ੍ਰਸਤੁਤ ਹੁੰਦੀ ਹੈ।ਪ੍ਰੋ. ਸੁਰਜੀਤ ਜੱਜ ਵਲੋਂ ਪੜ੍ਹੇ ਗਏ ਭਾਵ-ਪੂਰਤ ਪੇਪਰ ਦਾ ਹਾਜ਼ਰ ਸਾਹਿਤਕਾਰਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਉਪਰੰਤ ਵਿਚਾਰ ਚਰਚਾ ਵਿਚ ਭਾਗ ਲੈਂਦੇ ਹੋਏ ਕੈਨੇਡਾ ਤੋਂ ਪ੍ਰਸਿੱਧ ਗ਼ਜ਼ਲਕਾਰ ਜਸਵਿੰਦਰ ਨੇ ਕਿਹਾ ਕਿ ਕੰਗ ਦੀ ਸ਼ਾਇਰੀ ਵਿਚ ਪੰਜਾਬੀਅਤ ਦਾ ਰੰਗ ਬਹੁਤ ਗੂੜ੍ਹਾ ਹੈ। ਗ਼ਜ਼ਲ ਦੇ ਸ਼ਿਅਰ ਸਾਂਝੇ ਹੁੰਦੇ ਹਨ ਪਰ ਕੰਗ ਨੇ ਨਿਵੇਕਲਾ ਕੰਮ ਇਹ ਕੀਤਾ ਹੈ ਕਿ ਗੀਤਾਂ ਵਿਚ ਵੀ ਗ਼ਜ਼ਲ ਵਰਗੀ ਗਹਿਰਾਈ ਪੇਸ਼ ਕੀਤੀ ਹੈ। ਉਸਨੇ ਵੱਖ-ਵੱਖ ਬਹਿਰਾਂ ਵਿਚ ਗ਼ਜ਼ਲ ਰਚ ਕੇ ਆਪਣੀ ਕਾਵਿਕ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ।ਸ਼ਪਸ਼ਟ ਅਤੇ ਰਵਾਨਗੀ ਵਾਲੀ ਸ਼ਾਇਰੀ ਦੇ ਨਾਲ਼-ਨਾਲ਼ ਕਟਾਖਸ਼ ਦਾ ਰੰਗ ਵੀ ਉਸਦੀ ਸ਼ਾਇਰੀ ਦੀ ਇਕ ਹੋਰ ਪਛਾਣ ਹੈ। ਜਗਜੀਤ ਨੌਸ਼ਿਹਰਵੀ ਨੇ ਕਿਹਾ ਕਿ ਹਰਜਿੰਦਰ ਕੰਗ ਅਤੇ ਉਹ ਦੋਵੇਂ ਮੈਗਜ਼ੀਨਾਂ ਵਿਚ ਇਕੱਠੇ ਛਪੇ ਸੀ।ਕੰਗ ਦੀ ਸ਼ਾਇਰੀ ਨੂੰ ਗਹੁ ਨਾਲ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਸਨੇ ਠੋਸ ਕਦਮਾਂ ਨਾਲ਼ ਸ਼ਾਇਰੀ ਦੇ ਪੜਾਅ ਸਰ ਕੀਤੇ ਹਨ।ਸੁਰਜੀਤ ਸਖੀ ਨੇ ਕਿਹਾ ਕਿ ਕੰਗ ਦੀ ਸ਼ਾਇਰੀ 'ਨਿੱਜ ਤੋਂ ਸਮੂਹ' ਅਤੇ 'ਸਮੂਹ ਤੋਂ ਨਿੱਜ' ਦੀ ਸ਼ਾਇਰੀ ਹੈ। ਆਪਣੀ ਸ਼ਾਇਰੀ ਵਿਚ ਕਦੇ ਉਹ ਤਖਤ ਹਜ਼ਾਰੇ ਦਾ ਰਾਂਝਾ ਅਤੇ ਕਦੀ ਪਹੁੰਚਿਆ ਹੋਇਆ ਫ਼ਕੀਰ ਲੱਗਦਾ ਹੈ। ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਹਰਜਿੰਦਰ ਕੰਗ ਦੀ ਸ਼ਾਇਰੀ ਧਰਤੀ ਨਾਲ ਜੁੜੀ ਹੋਈ ਸ਼ਾਇਰੀ ਹੈ। ਕੰਗ ਦੇ ਲਿਖੇ ਹੋਏ ਸ਼ਿਅਰ ਪੰਜਾਬੀ ਸਕੂਲਾਂ ਵਿਚ ਲਿਖੇ ਹੋਏ ਹਨ, ਇਸਦੇ ਸ਼ਿਅਰਾਂ 'ਤੇ ਕਾਰਟੂਨ ਵੀ ਬਣੇ ਹਨ ਅਤੇ ਕੈਲੰਡਰਾਂ 'ਤੇ ਵੀ ਛਪੇ ਹਨ। ਪੱਚੀ ਸਾਲ ਪਹਿਲਾਂ ਲਿਖੇ ਸ਼ਿਅਰ ਵੀ ਅੱਜ ਦੀ ਸਥਿਤੀ 'ਤੇ ਪੂਰੇ ਢੁੱਕਦੇ ਹਨ।



ਲਾਜ ਨੀਲਮ ਸੈਣੀ ਨੇ ਕਿਹਾ ਕਿ ਹਰਜਿੰਦਰ ਕੰਗ ਸੰਵੇਦਨਸ਼ੀਲ ਸ਼ਾਇਰ ਹੋਣ ਦੇ ਨਾਲ਼-ਨਾਲ਼ ਉਸਤਾਦ ਮੰਚ ਸੰ-ਚਾਲਕ ਵੀ ਹਨ। ਉਹ ਆਪਣੀ ਕਲਮ ਨਾਲ਼ ਸ਼ਬਦਾਂ ਦੇ ਮੋਤੀ ਜੜਦੇ ਹਨ ਅਤੇ ਬੋਲਾਂ ਨਾਲ਼ ਪੌਣਾਂ ਵਿਚ ਰਸ ਘੋਲਦੇ ਹਨ। ਉਨ੍ਹਾਂ ਦੀ ਪ੍ਰਭਾਵਸ਼ਾਲੀ ਆਵਾਜ਼ ਦਰਸ਼ਕਾਂ ਨੂੰ ਕੀਲਣ ਦੇ ਸਮਰੱਥ ਹੈ। ਤਾਰਾ ਸਾਗਰ ਨੇ ਕਿਹਾ ਕਿ ਹਰਜਿੰਦਰ ਕੰਗ ਬਾ-ਕਮਾਲ ਸ਼ਾਇਰ ਹੈ। ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਪੰਨੂੰ, ਡਾ. ਗੁਰਪ੍ਰੀਤ ਧੁੱਗਾ, ਗੁਲਸ਼ਨ ਦਿਆਲ, ਬੀਬੀ ਸੁਰਜੀਤ ਕੌਰ, ਸੁਰਜੀਤ ਟੋਰਾਂਟੋ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਹਰਜਿੰਦਰ ਕੰਗ ਨੂੰ ਵਧਾਈ ਪੇਸ਼ ਕੀਤੀ।

ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਮੈਨੂੰ ਤਸੱਲੀ ਹੈ ਕਿ ਪ੍ਰੋ. ਸੁਰਜੀਤ ਜੱਜ ਨੇ ਅਲੋਚਨਾ ਸਾਰਥਕ ਢੰਗ ਨਾਲ ਪੇਸ਼ ਕੀਤੀ ਹੈ। ਹਰਜਿੰਦਰ ਕੰਗ ਨੇ ਵਿਪਸਾ ਅਤੇ ਪ੍ਰੋ. ਸੁਰਜੀਤ ਜੱਜ ਦਾ ਵੱਡਮੁੱਲੇ ਵਿਸ਼ਲੇਸ਼ਣ ਲਈ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ, ਉਮੇਰਾ ਉਰਦੂ ਦੀ ਗ਼ਜ਼ਲ ਨਾਲ਼ ਗਹਿਰਾ ਰਿਸ਼ਤਾ ਹੈ। ਸ਼ਬਦਾਂ ਦੀ ਛਬੀਲ ਨਾਲ ਮੇਰੇ ਅੰਦਰ ਨਿਖਾਰ ਆਇਆ ਹੈ। ਮੇਰੀ ਸ਼ਾਇਰੀ ਪ੍ਰਵਾਨ ਹੋਈ ਹੈ ਅਤੇ ਮੈਨੂੰ ਇਸ ਗੱਲ ਦੀ ਤਸੱਲੀ ਹੈ।" ਇਸ ਉਪਰੰਤ ਡਾ. ਸੁਹਿੰਦਰਬੀਰ ਨੇ ਇਸ ਸੈਸ਼ਨ ਨੂੰ ਸਮੇਟਦੇ ਹੋਏ ਕਿਹਾ ਕਿ ਹਰਜਿੰਦਰ ਕੰਗ ਨੇ ਪਰੰਪਰਾਗਤ ਸ਼ਾਇਰੀ ਤੋਂ ਬਾਅਦ ਸਮਕਾਲੀ ਪ੍ਰਗੀਤ ਜੁਗਤ ਦੀ ਵਰਤੋਂ ਕੀਤੀ ਹੈ। ਉਸਨੇ ਮਾਂ, ਧੀ, ਭੈਣ, ਮਹਿਬੂਬਾ ਅਤੇ ਪਤਨੀ ਜਿਹੇ ਰਿਸ਼ਤਿਆਂ ਅਤੇ ਪੰਜਾਬੀ ਸਭਿਆਚਾਰ ਨੂੰ ਗਹਿਰਾਈ ਨਾਲ਼ ਪੇਸ਼ ਕੀਤਾ ਹੈ। ਇਸ ਉਪਰੰਤ ਕਵੀ ਦਰਬਾਰ ਵਿਚ ਸੁਰਿੰਦਰ ਗੀਤ, ਪਿਆਰਾ ਸਿੰਘ ਕੁੱਦੋਵਾਲ, ਜਗਜੀਤ ਨੌਸ਼ਿਹਰਵੀ, ਕੁਲਵਿੰਦਰ, ਹਰਪ੍ਰੀਤ ਧੂਤ, ਬੀਬੀ ਸੁਰਜੀਤ ਕੌਰ, ਐਸ਼ ਕਮ ਐਸ਼, ਡਾ. ਗੁਰਪ੍ਰੀਤ ਧੁੱਗਾ ਨੇ ਆਪਣੀ ਹਾਜ਼ਰੀ ਭਰੀ। ਇਸ ਸੈਸ਼ਨ ਦਾ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ ਅਤੇ ਅਮਰਜੀਤ ਕੌਰ ਪੰਨੂੰ ਨੇ ਪ੍ਰਧਾਨਗੀ ਕਰਦੇ ਹੋਏ ਸਭ ਨੂੰ ਸ਼ਾਨਦਾਰ ਰਚਨਾਵਾਂ ਪੜ੍ਹਨ ਲਈ ਵਧਾਈ ਦਿੱਤੀ।

**ਰਿਪੋਰਟ: ਲਾਜ ਨੀਲਮ ਸੈਣੀ (ਸਹਾਇਕ ਸਕੱਤਰ)**
**ਫੋਨ:510-502-0551**

# ਲਾਇਨਜ ਕਲੱਬ ਫਗਵਾੜਾ ਸਮਾਇਲ 321-ਡੀ ਨੇ ਪਿੰਡ ਖੋਥੜਾਂ ਵਿਖੇ ਲਗਾਏ ਬੂਟੇ

## ਵਾਤਾਵਰਣ ਸੁਰੱਖਿਆ ਲਈ ਕਲੱਬ ਦਾ ਉਪਰਾਲਾ ਸ਼ਲਾਘਾਯੋਗ – ਜੇਬੀ ਸਿੰਘ ਚੌਧਰੀ

**ਫਗਵਾੜਾ (ਬੀ.ਕੇ.ਰੱਤੂ)** ਲਾਇਨਜ਼ ਕਲੱਬ ਫਗਵਾੜਾ ਸਮਾਇਲ 321-ਡੀ ਵਲੋਂ ਨਜਦੀਕੀ ਪਿੰਡ ਖੋਥੜਾਂ ਦੇ ਸਰਕਾਰੀ ਸਕੂਲ ਸਮੇਤ ਪਿੰਡ ਦੀਆਂ ਫਿਰਨੀਆਂ ਉਪਰ ਬੂਟੇ ਲਗਾ ਕੇ ਵਾਤਾਵਰਣ ਸੁਰੱਖਿਆ ਦਾ ਸੁਨੇਹਾ ਦਿੱਤਾ ਗਿਆ। ਕਲੱਬ ਦੇ ਪ੍ਰਧਾਨ ਲਾਇਨ ਸਾਗਰ ਗਾਬਾ ਦੀ ਪ੍ਰਧਾਨਗੀ ਅਤੇ ਫੰਕਸ਼ਨ ਚੇਅਰਮੈਨ ਲਾਇਨ ਹਰੀਸ਼ ਬੰਗਾ ਸਾਬਕਾ ਡਿਸਟ੍ਰਿਕਟ ਗਵਰਨਰ 321-ਡੀ ਦੀ ਦੇਖਰੇਖ ਹੇਠ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਲਾਇਨਜ ਇੰਟਰਨੈਸ਼ਨਲ 321-ਡੀ ਦੇ ਪਾਸਟ ਮਲਟੀਪਲ ਕੌਂਸਲ ਚੇਅਰਮੈਨ ਅੰਬੈਸਡਰ ਆਫ ਗੁਡਵਿਲ ਲਾਇਨ ਜੇ.ਬੀ. ਸਿੰਘ ਚੌਧਰੀ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਪ੍ਰਿੰਸੀਪਲ ਤਜਿੰਦਰ ਸ਼ਰਮਾ, ਰਾਜਨ ਚੋਪੜਾ ਅਤੇ ਪਰਵੀਨ ਬੰਗਾ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਲਾਇਨ ਜੇ.ਬੀ. ਸਿੰਘ ਚੌਧਰੀ ਨੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਲਾਇਨਜ ਕਲੱਬ ਫਗਵਾੜਾ ਸਮਾਇਲ ਵਲੋਂ ਪਹਿਲਾਂ ਹੀ ਵਾਤਾਵਰਣ ਸੁਰੱਖਿਆ ਪ੍ਰਤੀ ਜਨ-ਜਾਗਰਣ ਦੀ ਦਿਸ਼ਾ 'ਚ ਵਧੀਆ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਹ ਕਲੱਬ ਇਸ ਸਾਲ ਡਿਸਟ੍ਰਿਕਟ ਦੀ ਮੋਹਰੀ ਕਲੱਬ ਬਣ ਕੇ ਸਾਹਮਣੇ ਆਈ ਹੈ ਜੋ ਸਮੂਹ ਕਲੱਬ ਮੈਂਬਰਾਂ ਦੀ ਮਿਹਨਤ ਤੇ ਲਗਨ ਦਾ ਹੀ ਨਤੀਜਾ ਹੈ। ਫੰਕਸ਼ਨ ਕਨਵੀਨਰ ਲਾਇਨ ਭੁਪਿੰਦਰ ਸਿੰਘ ਜੰਡੂ, ਕੋ-ਕਨਵੀਨਰ ਲਾਇਨ ਪਰਵੀਨ ਬੰਗਾ, ਕੋ-ਚੇਅਰਮੈਨ ਲਾਇਨ ਪਰਮਜੀਤ ਸਿੰਘ ਸੱਲ੍ਹ ਅਤੇ ਰਿਜਨ ਚੇਅਰਮੈਨ ਆਰ-17 ਲਾਇਨ ਪ੍ਰਦੀਪ ਕੁਮਾਰ ਨੇ ਕਿਹਾ ਕਿ ਦੁਨੀਆ ਵਿਚ ਵਿਗੜਦੇ ਮੌਸਮ ਚੱਕਰ ਦੇ ਪਿੱਛੇ ਵਿਕਾਸ ਦੇ ਨਾਮ ਤੇ ਜੰਗਲਾਂ ਦੀ ਧੜਾਧੜ ਹੋ ਰਹੀ ਕਟਾਈ ਹੈ ਜਿਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਫੰਕਸ਼ਨ ਚੇਅਰਮੈਨ ਲਾਇਨ ਹਰੀਸ਼ ਬੰਗਾ ਨੇ ਵੀ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਲੱਬ ਪ੍ਰਧਾਨ ਸਾਗਰ ਗਾਬਾ ਦੀ ਪੂਰੀ ਟੀਮ ਨੂੰ ਇਸੇ ਤਰ੍ਹਾਂ ਅੱਗੇ ਵੀ ਨਵੇਂ ਪ੍ਰੋਜੈਕਟ ਕਰਨ ਲਈ ਪ੍ਰੇਰਿਆ।



ਇਸ ਮੌਕੇ ਐਮ ਐਮ ਆਰ ਇੰਚਾਰਜ ਲਾਇਨ ਸੁਸ਼ੀਲ ਸ਼ਰਮਾ, ਲਾਇਨ ਹਰਮੇਸ਼ ਮਹਿਮੀ, ਖਜਾਨਚੀ ਰਜਨੀ ਬੰਗਾ, ਪੀਆਰਓ ਮਾਸਟਰ ਹਰਮੇਸ਼ ਲਾਲ, ਵਿਸ਼ਾਲ ਵਾਲੀਆ, ਡਾ. ਲੈਂਬਰ ਕੁਮਾਰ, ਡਾਇਰੈਕਟਰ ਲਾਇਨ ਰੁਪਿੰਦਰ ਕੌਰ, ਲਾਇਨ ਕਸ਼ਮੀਰ ਚੰਦ ਅਤੇ ਕਲੱਬ ਡਾਇਰੈਕਟਰ ਲਾਇਨ ਮਲਕੀਅਤ ਰਾਮ ਬੰਗਾ, ਬਿਸ਼ਨ ਪਾਲ ਸਿੱਧੂ ਪੀਪੀ., ਨਸੀਬ ਚੰਦ, ਵਾਈਸ ਰਿਜਨ ਚੇਅਰਮੈਨ ਲਾਇਨ ਰਾਕੇਸ਼ ਰਾਏ, ਅਸ਼ਵਨੀ ਬਘਾਣੀਆ ਪ੍ਰਧਾਨ ਲਾਇਨਜ ਕਲੱਬ ਫਗਵਾੜਾ ਕਿੰਗਜ, ਜਸਲੀਨ ਸਿੰਘ, ਜਸਵਿੰਦਰ ਕੌਰ ਸਾਬਕਾ ਸਰਪੰਚ ਖੋਥੜਾਂ ਸਮੇਤ ਹੋਰ ਪਤਵੰਤੇ ਹਾਜਰ ਸਨ।

# ਯੂਵਾ ਵਿਕਾਸ ਮੋਰਚਾ ਪੰਜਾਬ ਨੇ ਚੈਨਲ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦੇ ਨਾਮ ਐਸ.ਪੀ. ਦਫਤਰ ਵਿਖੇ ਦਿੱਤਾ ਮੰਗ ਪੱਤਰ

**ਫਗਵਾੜਾ (ਬੀ.ਕੇ.ਰੱਤੂ)** ਯੂਵਾ ਵਿਕਾਸ ਮੋਰਚਾ ਪੰਜਾਬ ਵਲੋਂ ਐਸ.ਪੀ. ਦਫਤਰ ਫਗਵਾੜਾ ਵਿਖੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਮ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਜੀ ਟੀਵੀ ਚੈਨਲ 'ਤੇ ਕੁੰਡਲੀ ਭਾਗਿਆ ਨਾਟਕ ਵਿੱਚ ਮਹਾਰਿਸ਼ੀ ਭਗਵਾਨ ਵਾਲਮੀਕਿ ਬਾਰੇ ਅਪਸ਼ਬਦਾਂ ਦੀ ਵਰਤੋਂ ਕਰਨ ਦੇ ਸਬੰਧ ਵਿਚ ਨਾਰਾਜਗੀ ਜਾਹਿਰ ਕਰਦਿਆਂ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ। ਮੰਗ ਪੱਤਰ ਦੇਣ ਉਪਰੰਤ ਪੱਤਰਾਕਾਰਾਂ ਨਾਲ ਗੱਲਬਾਤ



ਕਰਦਿਆਂ ਯੁਵਾ ਵਿਕਾਸ ਮੋਰਚਾ ਦੇ ਪ੍ਰਧਾਨ ਅਨੂੰ ਸਹੋਤਾ ਨੇ&; ਦੱਸਿਆ ਕਿ ਚੈਨਲ ਦੀ ਹਰਕਤ ਨਾਲ ਸਮੁੱਚੇ ਵਾਲਮੀਕਿ ਸਮਾਜ ਦੇ ਹਿਰਦੇ ਵਲੂੰਧਰੇ ਗਏ ਹਨ। ਉਹਨਾਂ ਝੂਠ ਦਾ ਪ੍ਰਚਾਰ ਕਰਨ ਅਤੇ ਧਾਰਮਿਕ ਭਾਵਨਾਵਾਂ ਦਾ ਨਿਰਾਦਰ ਕਰਨ ਵਾਲੇ ਚੈਨਲ ਖਿਲਾਫ ਸਖ਼ਤ ਕਾਰਵਾਈ ਅਤੇ ਨਾਟਕ ਨੂੰ ਬੰਦ ਕਰਨ ਦੀ ਮੰਗ ਕਰਦਿਆਂ ਕੇਬਲ ਟੀਵੀ ਓਪਰੇਟਰਾਂ ਨੂੰ ਪੁਰਜੋਰ ਅਪੀਲ ਕੀਤੀ ਕਿ 24 ਘੰਟੇ ਲਈ ਜੀ. ਟੀਵੀ. ਚੈਨਲ ਬੰਦ ਕਰਕੇ ਵਾਲਮੀਕਿ ਸਮਾਜ ਨਾਲ ਇੱਕਜੁਟਤਾ ਦਰਸਾਉਣ। ਉਹਨਾਂ ਕਿਹਾ ਕਿ ਜੇਕਰ ਕੇਬਲ ਓਪਰੇਟਰਾਂ ਨੇ ਸਮਾਜ ਦੀਆਂ ਭਾਵਨਾਵਾਂ ਨੂੰ ਅੱਖੋਂ-ਪਰੋਖੇ ਕੀਤਾ ਤਾਂ ਸ਼ਹਿਰ ਦੇ ਕੇਬਲ ਦਫਤਰ ਮੋਹਰੇ ਧਰਨਾ ਲਾਉਣ ਬਾਰੇ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਯੁਵਾ ਵਿਕਾਸ ਮੋਰਚਾ ਦੇ ਜਨਰਲ ਸਕੱਤਰ ਅਸ਼ਵਨੀ ਸਹੋਤਾ, ਹੁਸਨ ਲਾਲ ਗੁਲਾਬਗੜ, ਨਵਦੀਪ ਗੁਲਾਬ ਗੜ ਪ੍ਰਧਾਨ ਫਗਵਾੜਾ, ਮੱਖਣ ਲਾਲ, ਸੱਤੀ ਚੱਕਪ੍ਰੇਮਾ, ਸੱਤਪਾਲ ਰਾਣੀਪੁਰ, ਸੱਭਰਵਾਲ ਉਂਕਾਰ ਨਗਰ ਆਦਿ ਹਾਜਰ ਸਨ।

# ਡਾ.ਭੀਮ ਰਾਓ ਅੰਬੇਡਕਰ ਮਿਸ਼ਨ ਸੁਸਾਇਟੀ ਨੇ ਚਰਨਜੀਤ ਚੰਨੀ ਦੇ ਮੁੱਖ ਮੰਤਰੀ ਬਣਨ ਦਾ ਕੀਤਾ ਸਵਾਗਤ

**ਫਗਵਾੜਾ (ਬੀ.ਕੇ.ਰੱਤੂ)** ਡਾ. ਭੀਮ ਰਾਓ ਅੰਬੇਡਕਰ ਮਿਸ਼ਨ ਸੁਸਾਇਟੀ ਰਜਿ. ਅਠੌਲੀ ਨੇ ਸ੍ਰ. ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਏ ਜਾਣ ਦਾ ਸਵਾਗਤ ਕੀਤਾ ਹੈ। ਅੱਜ ਇੱਥੇ ਗੱਲਬਾਤ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਨਿਰਮਲ ਗੋਰਾ ਤੋਂ ਇਲਾਵਾ ਸਮੂਹ ਸੁਸਾਇਟੀ ਮੈਂਬਰਾਂ ਨੇ ਕਿਹਾ ਕਿ ਚਰਨਜੀਤ ਚੰਨੀ ਐਸ.ਸੀ. ਸਮਾਜ ਵਿਚੋਂ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣੇ ਹਨ। ਬੇਸ਼ਕ ਉਹ ਕਿਸੇ ਇਕ ਸਿਆਸੀ ਧਿਰ ਨਾਲ ਸਬੰਧਤ ਹਨ ਪਰ ਦੁਨੀਆ ਭਰ ਵਿਚ ਵੱਸਦੇ ਐਸ.ਸੀ.



ਸਮਾਜ ਲਈ ਖੁਸ਼ੀ ਤੇ ਮਾਣ ਦੀ ਗੱਲ ਹੈ ਕਿ ਚੰਨੀ ਨੇ ਆਪਣੀ ਕਾਬਲੀਅਤ ਦੇ ਬਲਬੂਤੇ ਸੂਬੇ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਹੈ। ਉਨਾਂ ਕਿਹਾ ਕਿ ਸਦੀਆਂ ਤੋਂ ਐਸ.ਸੀ. ਸਮਾਜ ਦੁਖਦਾਈ ਜੀਵਨ ਵਤੀਤ ਕਰਦਾ ਰਿਹਾ ਪਰ ਡਾ. ਅੰਬੇਡਕਰ ਨੇ ਸੰਵਿਧਾਨ ਵਿਚ ਐਸ.ਸੀ. ਸਮਾਜ ਨੂੰ ਬਰਾਬਰਤਾ ਦਾ ਅਧਿਕਾਰ ਲੈ ਕੇ ਦਿੱਤਾ। ਜਿਸ ਤੋਂ ਬਾਅਦ ਐਸ.ਸੀ. ਸਮਾਜ ਪੜ ਲਿਖ ਕੇ ਅਤੇ ਰਾਜ ਪ੍ਰਬੰਧ ਵਿਚ ਵਡਮੁੱਲਾ ਯੋਗਦਾਨ ਪਾ ਕੇ ਦੇਸ਼ ਅਤੇ ਸਮਾਜ ਦੀ ਤਰੱਕੀ ਲਈ ਕੰਮ ਕਰ ਰਿਹਾ ਹੈ। ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੜਿਆ ਲਿਖਿਆ ਤੇ ਸੂਝਵਾਨ ਸਿਆਸਤਦਾਨ ਦਸਦਿਆਂ ਨਿਰਮਲ ਗੋਰਾ ਨੇ ਕਿਹਾ ਕਿ ਉਹਨਾਂ ਨੂੰ ਪੂਰਾ ਯਕੀਨ ਹੈ ਕਿ ਉਹ ਬਤੌਰ ਮੁੱਖ ਮੰਤਰੀ ਹਰ ਪੰਜਾਬੀ ਦੇ ਦਿਲ ਵਿਚ ਆਪਣੀ ਵੱਖਰੀ ਪਹਿਚਾਣ ਕਾਇਮ ਕਰਨਗੇ ਅਤੇ ਪੰਜਾਬ ਨੂੰ ਤੱਰਕੀ ਦੀਆਂ ਲੀਹਾਂ ਤੇ ਪਾਉਣਗੇ। ਉਨਾਂ ਇਹ ਵੀ ਕਿਹਾ ਕਿ ਸੱਤਾ ਵਿੱਚ ਬਣਦਾ ਹਿੱਸਾ ਪ੍ਰਾਪਤ ਕਰਕੇ ਹੀ ਐਸ.ਸੀ. ਸਮਾਜ ਨੂੰ ਅਸਲ ਬਰਾਬਰਤਾ ਦਾ ਦਰਜਾ ਮਿਲੇਗਾ।

ਨਿਰਮਲ ਗੋਰਾ ਤੋਂ ਇਲਾਵਾ ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਮੁੱਖਮੰਤਰੀ ਚੰਨੀ ਵਲੋਂ ਡੇਰਾ ਸੱਚਖੰਡ ਬੱਲਾਂ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਚੇਅਰ ਸਥਾਪਤ ਕਰਨ ਤੋਂ ਇਲਾਵਾ ਕਪੂਰਥਲਾ 'ਚ ਡਾ. ਅੰਬੇਡਕਰ ਦੇ ਮਿਊਜ਼ੀਅਮ ਦੀ ਸਥਾਪਤਨਾ ਨੂੰ ਵੀ ਸਵਾਗਤ ਯੋਗ ਕਦਮ ਦੱਸਿਆ। ਇਸ ਮੌਕੇ ਸ਼ਰਦਾ ਰਾਮ, ਜੋਗਿੰਦਰ ਪਾਲ, ਇੰਦਰਜੀਤ, ਪ੍ਰਭਨੂਰ ਨਿਗਾਹ ਤੇ ਗੁਰਦੀਪ ਨਿਗਾਹ ਆਦਿ ਹਾਜਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਸਪਾ 9 ਅਕਤੂਬਰ ਨੂੰ ਜਲੰਧਰ ਵਿਖੇ ਕਰੇਗੀ "ਭੁੱਲ ਸੁਧਾਰ ਰੈਲੀ"- ਬੈਨੀਵਾਲ

## ਮੁੱਖ ਮੰਤਰੀ ਪਵਿਤਰ-ਅਪਵਿੱਤਰ ਦੇ ਬਿਆਨਾਂ ਤੇ ਬਿੱਟੂ, ਮੌਫਰ ਤੇ ਹਰਦੀਪ ਪੁਰੀ ਖਿਲਾਫ ਕਰੇ ਪੁਲਸ ਕਾਰਵਾਈ: ਜਸਵੀਰ ਸਿੰਘ ਗੜ੍ਹੀ






**ਜਲੰਧਰ–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਅੱਜ ਪੰਜਾਬ ਦੇ ਰਾਜਨੀਤਿਕ ਹਾਲਾਤਾਂ ਦੇ ਮੱਦੇਨਜ਼ਰ ਵਿਸ਼ੇਸ਼ ਮੰਥਨ ਮੀਟਿੰਗ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਵਿੱਚ ਸ੍ਰੀ ਰਣਧੀਰ ਸਿੰਘ ਬੈਨੀਵਾਲ ਇੰਚਾਰਜ ਪੰਜਾਬ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ। ਵਿਚਾਰ ਮੰਥਨ ਤੋ ਬਾਅਦ ਬਾਮਸੈਫ ਡੀਐਸਫੋਰ ਬਸਪਾ ਬਾਨੀ ਸਾਹਿਬ ਕਾਂਸ਼ੀਰਾਮ ਜੀ ਦੇ ਬਰਸੀ ਸਮਾਗਮ ਪਰੀਨਿਰਵਾਣ ਦਿਵਸ 9 ਅਕਤੂਬਰ ਨੂੰ ਭੁੱਲ ਸੁਧਾਰ ਰੈਲੀ ਦੇ ਤੌਰ ਤੇ ਜਲੰਧਰ ਵਿਖੇ ਮਨਾਉਣ ਦਾ ਐਲਾਨ ਕੀਤਾ। ਇਸੇ ਲੜੀ ਵਿੱਚ ਭਗਵਾਨ ਵਾਲਮੀਕ ਜੀ ਦੇ ਪਰਗਟ ਦਿਵਸ ਅਤੇ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਅਮ੍ਰਿਤਸਰ ਵਿਖੇ 30 ਅਕਤੂਬਰ ਨੂੰ ਮਨਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਤੇ ਬੋਲਦੇ ਹੋਏ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਬੋਲਦੇ ਹੋਏ ਕਿਹਾ ਇਹ ਸਮਾਗਮ ਬਸਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਗਠਜੋੜ ਵਲੋਂ ਸਾਂਝੇ ਤੌਰ ਤੇ ਆਯੋਜਿਤ ਕੀਤੀਆ ਜਾਣਗੀਆਂ ਜਿਸ ਵਿਚ ਪੰਜਾਬੀਆਂ ਦਾ ਨੀਲਾ ਅਤੇ ਪੀਲਾ ਸਮੰਦਰ ਉਮੜੇਗਾ ਜੋ ਕਾਂਗਰਸ ਅਤੇ ਪੂਨਾ ਪੈਕਟ ਦੇ ਪੈਦਾ ਕੀਤੇ ਨਕਲੀ ਲੀਡਰਾਂ ਦੇ ਪਰਖੱਚੇ ਉਡਾਣ ਦਾ ਕੰਮ ਕਰੇਗਾ। ਇਸ ਮੌਕੇ ਤੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਹੁਜਨ ਅੰਦੋਲਨ ਦੀ ਸੁਨਾਮੀ ਪੰਜਾਬ ਵਿੱਚ ਆ ਚੁੱਕੀ ਹੈ ਜਿਸ ਦੀਆਂ ਉੱਚੀਆਂ





ਲਹਿਰਾਂ ਤੋਂ ਘਬਰਾਕੇ ਕਾਂਗਰਸ ਦਲਿਤਾ-ਪਛੜੀਆਂ ਸ਼੍ਰੇਣੀਆਂ ਵਿੱਚ ਨਕਲੀ ਨੇਤਾ ਪੈਦਾ ਕਰਕੇ ਬਹੁਜਨ ਸੁਨਾਮੀ ਠੱਲਣ ਦੀ ਅਸਫਲ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸੀ ਮੁੱਖ ਮੰਤਰੀ ਅਨਸੂਚਿਤ ਜਾਤੀ ਵਰਗਾਂ ਦੇ ਸੱਚੇ ਤੇ ਹਿਤੈਸ਼ੀ ਹਨ ਤਾਂ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਜੀ ਨੂੰ ਕਾਂਗਰਸੀ ਸਾਂਸਦ ਰਵਨੀਤ ਬਿੱਟੂ, ਸਾਬਕਾ ਕਾਂਗਰਸੀ ਵਿਧਾਇਕ ਅਜੀਤਇੰਦਰ ਮੌਫਰ ਅਤੇ ਕੇਂਦਰੀ ਮੰਤਰੀ ਹਰਜੀਤ ਪੁਰੀ ਖਿਲਾਫ ਪਵਿੱਤਰ ਅਪਵਿੱਤਰ ਤੇ ਜਾਤੀਸੂਚਕ ਸ਼ਬਦਾ ਦੀ ਵਰਤੋਂ ਕਰਨ ਦੇ ਦੋਸ਼ ਹੇਠ ਪੁਲਿਸ ਕੇਸ ਦਰਜ ਕਰਕੇ ਇਹਨਾਂ ਅਨੁਸੂਚਿਤ ਜਾਤੀ ਵਿਰੋਧੀਆਂ ਨੂੰ ਸਲਾਖਾਂ ਪਿੱਛੇ ਭੇਜਣਾ ਚਾਹੀਦਾ ਹੈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਸ੍ਰੀ ਹਰਜੀਤ ਸਿੰਘ ਲੌਂਗਿਆ, ਸੂਬਾ ਜਨਰਲ ਸਕੱਤਰ ਸ੍ਰੀ ਨਛੱਤਰ ਪਾਲ ਜੀ, ਗੁਰਲਾਲ ਸੈਲਾ, ਰਜਿੰਦਰ ਰੀਹਲ, ਬਲਦੇਵ ਸਿੰਘ ਮੇਹਰਾ, ਕੁਲਦੀਪ ਸਰਦੂਲਗੜ੍ਹ, ਐਡਵੋਕੇਟ ਰਣਜੀਤ ਕੁਮਾਰ, ਰਾਜਾ ਰਾਜਿੰਦਰ ਸਿੰਘ, ਚਮਕੌਰ ਸਿੰਘ ਵੀਰ, ਰਾਮੇਸ਼ ਕੌਲ, ਬਲਵਿੰਦਰ&; ਕੁਮਾਰ, ਮਨਜੀਤ ਸਿੰਘ ਅਟਵਾਲ, ਗੁਰਮੇਲ ਚੁੰਬਰ, ਸਵਿੰਦਰ ਸਿੰਘ, ਲਾਲ ਸਿੰਘ ਸੁਲਹਾਣੀ, ਰੋਹਿਤ ਖੋਖਰ, ਬਲਜੀਤ ਸਿੰਘ ਭਾਰਾਪੁਰ, ਪ੍ਰਵੀਨ ਬੰਗਾ, ਹਰਬੰਸ ਲਾਲ ਚੰਣਕੋਆ, ਰਾਮ ਸਿੰਘ ਗੋਗੀ, ਵਿਜੈ ਬੱਧਣ, ਜਸਵੰਤ ਰਾਏ, ਦਰਸ਼ਨ ਝਲੂਰ, ਪੀਡੀ ਸ਼ਾਂਤ ਅਤੇ ਪਰਮਜੀਤ ਮੱਲ ਆਦਿ ਸਮੇਤ ਵੱਡੀ ਗਿਣਤੀ ਵਿਚ ਲੀਡਰਸ਼ਿਪ ਹਾਜਿਰ ਸੀ।



ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗਿਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ।
ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।
209 687 6548, 209 300 9483 ਸਾਡੀ ਵੈਬ ਸਾਈਟ www.thesaviorschurch.net

# ਅੰਬੇਡਕਰ ਮਿਸ਼ਨ ਸੋਸਾਇਟੀ ਨੰਗਲ ਨੇ ਪੂਨਾ ਪੈਕਟ ਦਿਵਸ ਮਨਾਇਆ

ਅੰਬੇਡਕਰ ਮਿਸ਼ਨ ਸੋਸਾਇਟੀ ਨੰਗਲ, ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਨੰਗਲ ਅਤੇ ਐਸ ਸੀ ਬੀ ਸੀ ਇੰਪਲਾਇਜ ਫੈਡਰੇਸ਼ਨ ਨੰਗਲ ਵਲੋਂ ਪੂਨਾ ਪੈਕਟ ਦਿਵਸ ਸਬੰਧੀ ਇੱਕ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਕਰਵਾਏ ਗਏ ਇੱਕ ਸਮਾਗਮ ਵਿੱਚ ਡਾਕਟਰ ਜੇ ਐਸ ਕਹਿਲ, ਕੁਲਦੀਪ ਚੰਦ, ਸਰਦਾਰੀ ਲਾਲ, ਦੌਲਤ ਰਾਮ, ਤਰਸੇਮ ਸਹੋਤਾ, ਬਕਾਨੂੰ ਰਾਮ, ਅਸ਼ੋਕ ਕੁਮਾਰ, ਰਾਜ ਘਈ, ਵਕੀਲ ਨਰੇਸ਼ ਕੁਮਾਰ, ਪਰਮਿੰਦਰ ਸਿੰਘ ਸੰਧੂ, ਚੰਨਣ ਸਿੰਘ, ਨਿਰਮਲਜੀਤ ਸਿੰਘ ਆਦਿ ਨੇ ਪੂਨਾ ਪੈਕਟ ਸਬੰਧੀ ਜਾਣਕਾਰੀ ਦਿਤੀ। ਇਸ ਸਮਾਗਮ ਵਿੱਚ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਆਗੂ ਸ਼ਾਮਿਲ ਹੋਏ। ਇਨ੍ਹਾਂ ਆਗੂਆਂ ਨੇ ਪੂਨਾ ਪੈਕਟ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਇਸ ਕਾਰਨ ਸਮਾਜ ਵਿੱਚ ਪੈਦਾ ਹੋਈ ਚਮਚਾਗਿਰੀ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਕਿਹਾ ਕਿ ਅਜਾਦੀ ਤੋਂ 74 ਸਾਲਾਂ ਬਾਦ ਵੀ ਸਮਾਜ ਦੇ ਮੂਲ ਨਿਵਾਸੀ ਅਤੇ ਆਦਿ ਧਰਮੀਆਂ ਦੀ ਹਾਲਤ ਵਿੱਚ ਜਿਆਦਾ ਸੁਧਾਰ ਨਹੀਂ ਹੋਇਆ ਹੈ ਅਤੇ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਇਨ੍ਹਾਂ ਦੀ ਭਲਾਈ ਲਈ ਬਣੀਆਂ ਸਕੀਮਾਂ ਪੂਰੀ ਤਰਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਕਿਹਾ ਕਿ ਬੇਸ਼ੱਕ ਕੇਂਦਰ ਸਰਕਾਰ ਨੇ ਰਾਜਨੀਤਿਕ ਅਹੁਦਿਆਂ ਐਮ ਐਲ ਏ, ਐਮ ਪੀ, ਮਿਉਂਸੀਪਲ ਕੌਂਸਲਰ ਆਦਿ ਲਈ ਰਿਜ਼ਰਵੇਸ਼ਨ ਲਾਗੂ ਕੀਤੀ ਹੈ ਪਰ ਕਈ ਸਰਕਾਰੀ ਅਦਾਰਿਆਂ ਅਤੇ ਉੱਚ ਸਿੱਖਿਆ ਅਦਾਰਿਆਂ ਵਿੱਚ ਇਹ ਪੂਰੀ ਤਰਾਂ ਲਾਗੂ ਨਹੀਂ ਕੀਤੀ ਗਈ ਹੈ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਹਨਾ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਅਨਸੂਚਿਤ ਜਾਤੀ ਅਤੇ ਜਨਜਾਤੀ ਲੋਕਾਂ ਦੀ ਅਬਾਦੀ ਲੱਗਭੱਗ 32ਗ਼ ਹੈ ਪਰ ਪੰਜਾਬ ਸਰਕਾਰ ਵਲੋਂ ਅਜੇ ਤੱਕ ਵੀ 25ਗ਼ ਰਿਜ਼ਰਵੇਸ਼ਨ ਹੀ ਦਿਤੀ ਜਾ ਰਹੀ ਹੈ। ਹੋ ਰਹੀ ਹੈ ਅਤੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਸੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵੱਖ



ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਵਲੋਂ ਬੈਕਲਾਗ ਵਿੱਚ ਪਈਆਂ ਖਾਲੀ ਅਸਾਮੀਆਂ ਨਾ ਭਰਨ ਦੀ ਨਿੰਦਾ ਕੀਤੀ। ਉਹਨ੍ਹਾਂ ਕਿਹਾ ਕਿ ਸਰਕਾਰ ਦੀ ਮਾੜੀ ਨੀਤੀ ਕਾਰਨ ਅਨੁਸੂਚਿਤ ਵਰਗਾਂ ਨੂੰ ਸਿੱਖਿਆ ਲਈ ਮਿਲਣ ਵਾਲੀਆਂ ਸਹੂਲਤਾਂ ਵਿੱਚ ਘਪਲੇਬਾਜੀ

ਵੱਖ ਰਾਜਨੀਤਿਕ ਅਹੁਦਿਆਂ ਤੇ ਬੈਠੇ ਸਮਾਜ ਦੇ ਆਗੂ ਤਮਾਸ਼ਬੀਨ ਬਣੇ ਹੋਏ ਹਨ ਅਤੇ ਅਪਣੇ ਨਿੱਜੀ ਲਾਭਾਂ ਲਈ ਚੁੱਪ ਬੈਠੇ ਰਹਿੰਦੇ ਹਨ। ਇਹਨਾਂ ਨੇ ਮੰਗ ਕੀਤੀ ਕਿ ਸਰਕਾਰੀ ਅਦਾਰਿਆਂ ਦਾ ਨਿਜੀਕਰਨ ਬੰਦ ਹੋਣਾ ਚਾਹੀਦਾ ਹੈ ਅਤੇ ਰਿਜਰਵੇਸ਼ਨ ਸਖਤੀ ਨਾਲ ਲਾਗੂ ਹੋਣੀ ਚਾਹੀਦੀ ਹੈ। ਇਨ੍ਹਾਂ ਮੰਗ ਕੀਤੀ ਕਿ ਗਰੀਬਾਂ ਲਈ ਬਣੀਆਂ ਭਲਾਈ ਸਕੀਮਾਂ ਵਿੱਚ ਅੜਿੱਕਾ ਬਣਨ ਵਾਲੇ ਅਧਿਕਾਰੀਆਂ ਅਤੇ ਰਾਜਨੇਤਾਵਾਂ ਖਿਲਾਫ ਸੱਖਤ ਕਾਰਵਾਈ ਹੋਣੀ ਚਾਹੀਦੀ ਹੈ।

ਇਸ ਮੌਕੇ ਹਾਜਰ ਆਗੂਆਂ ਨੇ ਡਾਕਟਰ ਅੰਬੇਡਕਰ ਵਲੋਂ ਦਰਸਾਏ ਮਿਸ਼ਨ ਤੇ ਚੱਲਕੇ ਸਮਾਜ ਦੇ ਵਿਕਾਸ ਲਈ ਕੰਮ ਕਰਨ ਦਾ ਵਾਅਦਾ ਕੀਤਾ ਅਤੇ ਮਿਸ਼ਨ ਦੇ ਨਾਮ ਤੇ ਸਮਾਜ ਨੂੰ ਵਰਗਲਾਉਣ ਤੇ ਵੇਚਣ ਵਾਲੇ ਆਗੂਆਂ ਦਾ ਚਿਹਰਾ ਸਮਾਜ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਤਾਂ ਜੋ ਅਜਿਹੇ ਦੋਗਲੇ ਆਗੂਆਂ ਨੂੰ ਸਮਾਜ ਕੋਈ ਸਹਿਯੋਗ ਨਾਂ ਦੇਵੇ। ਇਸ ਮੌਕੇ ਡਾਕਟਰ ਰਣਵੀਰ ਸਿੰਘ, ਡਾਕਟਰ ਐਸ ਪੀ ਸੰਧੂ, ਡਾਕਟਰ ਸੁਰਿੰਦਰ ਕੌਰ, ਡਾਕਟਰ ਹਰਪ੍ਰੀਤ ਕਹਿਲ, ਡਾਕਟਰ ਅਨੀਤਾ ਚੱਡਾ, ਡਾਕਟਰ ਰਾਜੇਸ਼ ਕੁਮਾਰ, ਸੰਤੋਸ਼ ਕੁਮਾਰੀ, ਰਿਟਾਇਰਡ ਚੀਫ ਇੰਜਨੀਅਰ ਬਲਬੀਰ ਸਿੰਘ, ਮਨਜੀਤ ਕੁਮਾਰ, ਕੈਪਟਨ ਸੰਤੋਖ, ਸਵਰਨ ਸਿੰਘ, ਬਾਬਾ ਜਗਤਾਰ ਸਿੰਘ, ਸੁਲਿੰਦਰ ਚੋਪੜਾ, ਸਤੀਸ ਕੁਮਾਰ, ਯੁਵਰਾਜ ਸਿੰਘ, ਮਹਿੰਦਰ ਸਿੰਘ, ਅਜੇ ਬੈਂਸ, ਸੁਰਿੰਦਰ ਕੁਮਾਰ, ਸੇਵਾ ਸਿੰਘ, ਮੰਗਤ ਰਾਮ, ਸੁਖਵੰਤ ਭਸੀਨ, ਜੋਗਿੰਦਰ ਸਿੰਘ, ਕਸ਼ਮੀਰੀ ਲਾਲ, ਪ੍ਰੇਮ ਚੰਦ, ਹਜਾਰੀ ਲਾਲ, ਜਗਮੋਹਣ, ਵਿਜੈ ਕੁਮਾਰ, ਜਸ਼ਪਾਲ ਸਿੰਘ, ਸੁਰੇਸ਼ ਕੁਮਾਰ, ਦੱਤ ਕੁਮਾਰ, ਸ਼ਿਵ ਕੁਮਾਰ, ਜਸਪਾਲ, ਬਲਵੀਰ ਭਾਟੀਆ, ਸਰਪੰਚ ਰਾਜਦੀਪ ਕਾਕੂ, ਪ੍ਰੇਮ ਬੰਗਾ, ਲਖਵੀਰ ਲੱਕੀ, ਕਮਲ ਕੁਮਾਰ ਮਾਹੀ, ਪਵਨ ਕੁਮਾਰ, ਭੁਪਿੰਦਰ ਭਿੰਦਾ, ਤਰਸੇਮ ਲਾਲ, ਕੇਵਲ ਕੁਮਾਰ ਆਦਿ ਹਾਜਰ ਸਨ।

**- ਕੁਲਦੀਪ ਚੰਦ** (91-94175-63054)

# ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ’ਚ ਕਰਵਾਇਆ ਪ੍ਰਤੀਯੋਗਤਾ ਮੁਕਾਬਲਾ

## ਕਰਨਵੀਰ, ਸਿਮਰਨਜੀਤ ਤੇ ਅਮਨਪ੍ਰੀਤ ਨੇ ਜਿੱਤੇ ਪਹਿਲੇ ਤਿੰਨ ਇਨਾਮ

**ਬੰਗਾ (ਸੁਰਜੀਤ ਮਜਾਰੀ)** ਸਥਾਨਕ ਭਾਈ ਸੰਗਤ ਸਿੰਘ ਖਾਸਲਾ ਕਾਲਜ ਵਿਖੇ ਆਮ ਜਾਣਕਾਰੀ ਸਬੰਧੀ ਲਿਖਤੀ ਪ੍ਰਤੀਯੋਗਤਾ ਮੁਕਾਬਲਾ ਕਰਵਾਇਆ ਗਿਆ। ਇਹ ਉਪਰਾਲਾ ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਕੀਤਾ ਗਿਆ।

ਇਸ ਮੁਕਾਬਲੇ ’ਚ ਕਰਨਵੀਰ ਸਿੰਘ ਜਮਾਤ ਬੀਸੀਏ ਨਵਾਂ ਸ਼ਹਿਰ ਨੇ ਪਹਿਲਾ, ਸਿਮਰਨਜੀਤ ਕੌਰ ਵਿਰਕ ਜਮਾਤ ਗਿਆਰਵੀਂ ਬੰਗਾ ਨੇ ਦੂਜਾ ਅਤੇ ਅਮਨਪ੍ਰੀਤ ਕੌਰ ਜਮਾਤ ਬੀਏ ਪਿੰਡ ਭੌਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਸੰਸਥਾ ਵਲੋਂ ਪ੍ਰਮਾਣ ਪੱਤਰ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਭਾਗ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਨੂੰ ਵੀ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ। ਇਨਾਮਾਂ ਦੀ ਵੰਡ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਕਾਲਜ ਦੇ ਪ੍ਰਿੰਸੀਪਲ ਡਾ. ਜਤਿੰਦਰ ਕੌਰ, ਉਪ



ਪ੍ਰਿੰਸੀਪਲ ਡਾ. ਰਣਜੀਤ ਸਿੰਘ ਅਤੇ ਸੰਸਥਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ , ਸਕੱਤਰ ਸੁਰਜੀਤ ਮਜਾਰੀ ਨੇ ਸਾਂਝੇ ਤੌਰ ’ਤੇ ਕੀਤੀ। ਉਹਨਾਂ ਨੇ ਦੱਸਿਆ ਕਿ ਵਿਦਿਆਰਥੀਆਂ ਦਾ ਅਜਿਹੇ ਪ੍ਰਤੀਯੋਗੀ ਮੁਕਾਬਲਿਆਂ ’ਚ ਭਾਗ ਲੈਣਾ ਉਹਨਾਂ ਦੀ ਸ਼ਖਸ਼ੀਅਤ ਨਿਰਮਾਣ ’ਚ ਹੋਰ ਉਤਸ਼ਾਹ ਭਰਨ ਦਾ ਕਾਰਜ ਕਰਦਾ ਹੈ। ਉਹਨਾਂ ਵਿੱਦਿਅਕ ਅਦਾਰਿਆਂ ’ਚ ਅਜਿਹੇ ਉਪਰਾਲੇ ਜਾਰੀ ਰੱਖਣ ਦੀ ਪ੍ਰੋੜਤਾ ਕੀਤੀ। ਇਸ ਮੌਕੇ ਸੰਸਥਾ ਦੇ ਮਿਸ਼ਨ ’ਤੇ ਚਾਨਣਾ ਪਾਉਂਦਿਆਂ ਜਾਣਕਾਰੀ ਦਿੱਤੀ ਗਈ ਕਿ ਕਿਹਾ ਇਹ ਪ੍ਰਤੀਯੋਗਤਾ ਮੁਕਾਬਲੇ ਦੀ ਲਹਿਰ ਨੂੰ ਹਲਕੇ ਦੇ ਹਰ ਵਿੱਦਿਅਕ ਅਦਾਰੇ ’ਚ ਲੈ ਕੇ ਜਾਵਾਂਗੇ ਤਾਂ ਜੋ ਵਿਦਿਆਰਥੀ ਵਰਗ ਜਾਣਕਾਰੀ ਦੀ ਨਵੀਂ ਪੈੜ ਨਾਲ ਜੁੜ ਸਕੇ। ਇਸ ਮੌਕੇ ਕੌਂਸਲਰ ਜਤਿੰਦਰ ਸਿੰਘ ਮਾਨ, ਮੈਡਮ ਪ੍ਰਿਯਾ, ਗੁਰਸ਼ਾਨ ਸਿੰਘ ਆਦਿ ਸ਼ਾਮਲ ਸਨ।

# ਨੌਜਵਾਨ ਸ਼ਹੀਦਾਂ ਦੀ ਵਿਚਾਰ ਧਾਰਾ ਤੇ ਚੱਲਣ-ਧੀਰ, ਬੰਗਾ



**ਬੱਗਾ ਸੇਲਕੀਆਣਾ, ਲਸਾੜਾ/ਉੜਾਪੜ-** ਉਨਾਂ ਮਹਾਨ ਸ਼ਹੀਦ ਯੋਧਿਆਂ ਵਲੋਂ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚੋਂ ਅਜਾਦ ਕਰਵਾਉਣ ਲਈ ਬਹੁਤ ਵੱਡੀ ਕੁਰਬਾਨੀ ਦਿਤੀ ਗਈ ਜਿਸ ਦਾ ਇਤਿਹਾਸ ਗਵਾਹ ਹੈ ਅੱਜ ਅਸੀਂ ਅਜਾਦ ਦੇਸ਼ ਦੇ ਵਾਸੀ ਹਾਂ ਤਾਂ ਇਹ ਸਭ ਸ਼ਹੀਦ ਭਗਤ ਸਿੰਘ ਵਰਗੇ ਮਹਾਨ ਸ਼ਹੀਦਾਂ ਦੀ ਬਦੋਲਤ ਹੈ ਤੇ ਅੱਜ ਦੇ ਨੋਜਵਾਨ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਤੇ ਚੱਲ ਕੇ ਦੇਸ਼ ਨੂੰ ਅੱਗੇ ਲੈ ਜਾਣ ਚ ਆਪਣਾ ਵਿਸੇਸ਼ ਯੋਗਦਾਨ ਪਾਉਣਾ ਚਾਹੀਦਾ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਬਸਪਾ ਪੰਜਾਬ ਦੇ ਸਕੱਤਰ ਪ੍ਰਵੀਨ ਬੰਗਾ ਤੇ ਜਿਲਾ ਸਕੱਤਰ ਰੂਪ ਲਾਲ ਧੀਰ ਵਲੋਂ ਸ਼ਹੀਦੇ ਆਜਮ ਸ੍ਰ ਭਗਤ ਸਿੰਘ ਜੀ ਦੇ ਜਨਮ ਅਸਥਾਨ ਖਟਕੜ ਕਲਾਂ ਵਿਖੇ ਉਨਾ ਦੇ 114ਵੇਂ ਜਨਮ ਦਿਨ ਤੇ ਸ਼ਰਧਾ ਦੇ ਫੁੱਲ ਭੇਂਟ ਕਰਨ ਉਪਰੰਤ ਸ਼ਾਝੇ ਤੋਰ ਤੇ ਕੀਤਾ ਉਨਾਂ ਕਿਹਾ ਬੇਸ਼ੱਕ ਸਾਡੇ ਵਿਚੋਂ ਸ਼ਹੀਦ ਭਗਤ ਸਿੰਘ ਨੂੰ ਇੱਕ ਸਦੀ ਤੋਂ ਉਪਰ ਦਾ ਸਮਾਂ ਬੀਤ ਚੁੱਕਾ ਹੈ ਪਰ ਉਨਾਂ ਦਾ ਇਤਿਹਾਸ ਤੇ ਉਨਾਂ ਦੀਆਂ ਤਸਵੀਰਾਂ ਸਾਨੂੰ ਦੇਸ਼ ਪ੍ਰਤੀ, ਸਮਾਜ ਪ੍ਰਤੀ ਚੰਗੇ ਕੰਮ ਨੂੰ ਪ੍ਰੇਰਿਤ ਕਰਦੀਆਂ ਹਨ ਤੇ ਉਨਾਂ ਸ਼ਹੀਦਾਂ ਦੀ ਸੋਚ ਨੂੰ ਮੁੱਖ ਰੱਖ ਕੇ ਨੋਜਵਾਨ ਪੀੜੀ ਇੱਕ ਨਵਾਂ ਸਮਾਜ ਸਿਰਜ ਸਕਦੀ ਹੈ। ਉਹ ਸਮਾਜ ਜਿਨਾਂ ਦਾ ਸ਼ਹੀਦਾਂ ਨੇ ਸੁਪਨਾ ਵੇਖਿਆ ਸੀ ਤੇ ਨੋਜਵਾਨਾਂ ਨੂੰ ਮਾੜੀਆਂ ਅਲਾਮਤਾਂ ਤੋਂ ਬਚ ਕੇ ਉਨਾਂ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ ਤੇ ਇਹੋ ਸੱਚੀ ਤੇ ਸੁੱਚੀ ਸ਼ਰਧਾਜਲੀ ਹੋਵੇਗੀ। ਇਸ ਮੋਕੇ ਉਨਾਂ ਅਜਾਇਬ ਘਰ 'ਚ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਤੇ ਹੋਰ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤੇ ਉਨਾਂ ਸ਼ਹੀਦ ਭਗਤ ਸਿੰਘ ਤੇ ਉਨਾਂ ਦੇ ਸਾਥੀਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਇਸ ਮੋਕੇ ਨੰਬਰਦਾਰ ਰਾਜ ਦਦਰਾਲ,ਲੋਕ ਸਭਾ ਇੰਚਾਰਜ ਮਨੋਹਰ ਕਮਾਮ, ਵਿਜੇ ਗੁਣਾਚੋਰ ਤੋਂ ਇਲਾਵਾ ਹੋਰ ਬਸਪਾ ਵਰਕਰ ਹਾਜਰ ਸਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com
Prem. K. Chumber
Contact in USA: 1-916-947-8920

# ਬਸਪਾ ਦੀ ਭਵਿੱਖਬਾਣੀ ਅਨੁਸਾਰ ਸਿੱਧੂ ਕਾਂਗਰਸ ਦਾ ‘ਗੱਠਾ ਪਟਾਕਾ’ ਜਿਹੜਾ ਕਾਂਗਰਸ ਦੇ ਪੰਜੇ ਵਿੱਚ ਫੱਟ ਗਿਆ - ਜਸਵੀਰ ਸਿੰਘ ਗੜ੍ਹੀ

**ਜਲੰਧਰ/ ਚੰਡੀਗੜ੍ਹ**-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਦਿੱਤੇ ਗਏ ਅਸਤੀਫੇ ਤੇ ਬੋਲਦਿਆਂ ਬਹੁਜਨ ਸਮਾਜ ਪਾਰਟੀ ਦੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਉਹ ਦੋ ਮਹੀਨੇ ਪਹਿਲਾਂ ਹੀ ਆਪਣੇ ਬਿਆਨਾਂ ਰਾਹੀਂ ਇਸ ਗੱਲ ਦੀ ਭਵਿੱਖਵਾਣੀ ਕਰ ਚੁੱਕੇ ਹਨ ਕਿ ਨਵਜੋਤ ਸਿੱਧੂ ਕਾਂਗਰਸ ਦਾ ਉਹ 'ਗੱਠਾ ਪਟਾਕਾ' ਨਿਕਲੇਗਾ ਜਿਹੜਾ ਬੱਚਿਆਂ ਦੇ ਹੱਥ ਵਿੱਚ ਹੀ ਚੱਲ ਜਾਂਦਾ ਹੈ ਜਿਸਨੇ ਕਾਂਗਰਸ ਦਾ ਹੀ ਨੁਕਸਾਨ ਕਰਨਾ ਹੈ, ਜੋਕਿ ਸਾਬਤ ਹੁੰਦਾ ਨਜ਼ਰ ਆ ਰਿਹਾ ਹੈ ਅਤੇ ਅੱਜ ਸਿੱਧੂ ਦਾ ਅਸਤੀਫ਼ਾ ਸਿੱਧ ਕਰ ਰਿਹਾ ਹੈ ਕਿ ਗੱਠਾ ਪਟਾਕਾ ਕਾਂਗਰਸ ਦੇ ਪੰਜੇ ਵਿੱਚ ਚੱਲ ਚੁੱਕਾ ਹੈ। ਸ. ਗੜ੍ਹੀ ਨੇ ਕਿਹਾ ਕਿ ਅਸੀ ਇਹ ਵੀ ਭਵਿੱਖਬਾਣੀ ਕੀਤੀ ਸੀ ਕਿ ਕਾਂਗਰਸ ਨੂੰ ਨਵਜੋਤ ਸਿੱਧੂ ਵਰਗਾ ਮਿੱਕੀ-ਮਾਊਸ ਪ੍ਰਧਾਨ ਮਿਲਣਾ, ਖੁਦ ਕਾਂਗਰਸ ਦੇ ਹੀ ਪਾਪਾਂ ਦਾ ਨਤੀਜਾ ਹੈ ਕਿਉਂਕਿ ਕਾਂਗਰਸ ਨੇ ਸਾਰੇ ਹੀ ਵਰਗਾਂ ਨੂੰ ਰੋਲਕੇ ਰੱਖਿਆ ਅਤੇ ਹੁਣ ਕੁਦਰਤ ਕਾਂਗਰਸ ਨੂੰ ਰੋਲ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀਆਂ ਦੇ ਹਾਲ ਇਸ ਗੱਲ ਤੋਂ ਹੀ ਦੇਖੇ ਜਾ ਸਕਦੇ ਹਨ ਕਿ ਮੌਜੂਦਾ ਪ੍ਰਧਾਨ ਅਸਤੀਫਾ ਦੇ ਚੁੱਕਾ ਹੈ ਅਤੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਕਿਸਾਨ ਵਿਰੋਧੀ ਪਾਰਟੀ ਦੇ ਸਾਬਕਾ ਪ੍ਰਧਾਨ ਅਮਿਤ ਸ਼ਾਹ ਨੂੰ ਮਿਲਣ ਦਿੱਲੀ ਨੂੰ ਤੁਰਿਆ ਹੋਇਆ ਹੈ। ਸ ਗੜ੍ਹੀ ਨੇ ਕਿਹਾ ਕਿ ਕਾਂਗਰਸ ਅੱਪਸ਼ਗਨਾਂ ਦੀ ਸਰਕਾਰ ਹੈ ਅਤੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ ਅਤੇ ਇਸ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਦਾ ਮੁੱਖ ਮੰਤਰੀ ਨੂੰ ਉਤਾਰਿਆ ਅੱਪਸ਼ਗਨ ਹੀ ਹੋ ਰਹੇ ਹਨ, ਜਿਨ੍ਹਾਂ ਵਿੱਚ ਪਹਿਲਾ ਅੱਪਸ਼ਗਨ ਜਾਖੜ ਤੇ ਪਿਆ, ਦੂਜਾ ਰੰਧਾਵੇ ਤੇ ਪਿਆ ਅਤੇ ਜੇ ਤੀਜੇ ਤੇ ਅੱਪਸ਼ਗਨ ਨਹੀਂ ਹੋਇਆ ਤਾਂ ਉਸੇ ਦਿਨ ਤੋਂ ਕਾਂਗਰਸ ਦੀ ਗ੍ਰਹਿ ਚਾਲ ਹੀ ਪੁੱਠੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਨਵਾਂ ਮੁੱਖ ਮੰਤਰੀ ਬਣਿਆ ਉਸ ਦਿਨ ਤੋਂ ਰੋਜ਼ ਵਿਵਾਦ ਹੋ ਰਹੇ ਹਨ। ਜਿਸ ਤਹਿਤ ਕਦੀ ਕਾਂਗਰਸ ਨੂੰ ਡੀਜੀਪੀ ਨਹੀਂ ਲੱਭਦਾ, ਕਦੀ ਮੁੱਖ ਸਕੱਤਰ ਨਹੀਂ ਮਿਲਿਆ, ਅੱਜ ਪੰਜਵੇਂ ਦਿਨ ਤਿੰਨ ਘਰ ਦੇਖਣ ਤੋਂ ਬਾਅਦ ਅਟਾਰਨੀ ਜਰਨਲ ਪ੍ਰਵਾਨ ਚੜਿਆ। &; ਬੀਤੇ ਦਿਨੀਂ ਚਾਰ ਘੰਟੇ ਕੈਬਨਿਟ ਦੀ ਮੀਟਿੰਗ




ਚੱਲੀ ਪਰ ਨਤੀਜਾ ਕੋਈ ਨਹੀਂ। ਉਨ੍ਹਾਂ ਕਿਹਾ ਕਿ ਅੱਜ ਮੰਤਰੀ ਮੰਡਲ ਬਣਾਇਆ ਤੇ ਅੱਜ ਵੀ ਅੱਪਸ਼ਗਨ ਹੋ ਗਿਆ ਜਦਕਿ ਇਸ ਤੋਂ ਪਹਿਲਾਂ ਪਰਸੋਂ ਬਣਾਏ ਮੰਤਰੀ ਮੰਡਲ ਮੌਕੇ ਵੀ ਕਾਂਗੜ ਤੇ ਬਲਵੀਰ ਸਿਧੂ ਨੇ ਅੱਪਸ਼ਗਨ ਕੀਤਾ। ਸ. ਗੜ੍ਹੀ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਅੱਪਸ਼ਗਨਾਂ ਵਿੱਚ ਤੇ ਪੁੱਠੇ ਗ੍ਰਹਿ ਚਾਲਾਂ ਨਾਲ ਘਿਰੀ ਹੋਈ ਸਰਕਾਰ ਹੈ। ਇਹ ਅਪਸ਼ਾਗੁਨ ਕਾਂਗਰਸ ਦੇ ਆਜ਼ਾਦੀ ਦੇ 74 ਸਾਲਾਂ ਦੇ ਪਾਪਾਂ ਦਾ ਫਲ ਹੈ ਕਿਉਂਕਿ ਕਾਂਗਰਸ ਨੇ ਪੰਜਾਬ ਦੇ ਦਲਿਤ, ਪਿੱਛੜੇ ਅਤੇ ਘੱਟ ਗਿਣਤੀ ਵਰਗਾਂ ਨੂੰ ਰੋਲ ਕੇ ਰੱਖਿਆ ਅਤੇ ਅੱਜ ਕੁਦਰਤ ਕਾਂਗਰਸ ਨੂੰ ਰੋਲ ਰਹੀ ਹੈ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਬਾਰਡਰ ਪੈਟਰੋਲ ਏਜੰਟਾਂ ਨੂੰ ਟੈਕਸਾਸ ਦੇ ਗਵਰਨਰ ਵੱਲੋਂ ਨਿਯੁਕਤੀ ਦਾ ਭਰੋਸਾ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੀ ਸਟੇਟ ਟੈਕਸਾਸ ਵਿੱਚ ਪਿਛਲੇ ਦਿਨੀਂ ਹਜ਼ਾਰਾਂ ਦੀ ਤਾਦਾਦ ਵਿੱਚ ਗੈਰਕਾਨੂੰਨੀ ਪ੍ਰਵਾਸੀ ਸਰਹੱਦ ਪਾਰ ਕਰਕੇ ਇੱਕ ਪੁਲ ਹੇਠਾਂ ਇਕੱਠੇ ਹੋ ਗਏ ਹਨ। ਬਾਈਡੇਨ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਲਈ ਕੁੱਝ ਹੱਦ ਤੱਕ ਬਾਰਡਰ ਪੈਟਰੋਲ ਏਜੰਟਾਂ ਨੂੰ ਜਿੰਮੇਵਾਰ ਮੰਨਿਆ ਜਾ ਰਿਹਾ ਹੈ। ਇਸ ਸਬੰਧੀ ਪੈਟਰੋਲ ਏਜੰਟਾਂ ਦੀਆਂ ਕੁੱਝ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਹਨਾਂ ਵਿੱਚ ਮੰਨਿਆ ਜਾ ਰਿਹਾ ਹੈ ਕਿ ਏਜੰਟਾਂ ਨੇ ਆਪਣੇ



ਘੋੜਿਆਂ ਦੀਆਂ ਲਗਾਮਾਂ ਦੀ ਵਰਤੋਂ ਪ੍ਰਵਾਸੀਆਂ ਨੂੰ ਰੋਕਣ ਲਈ ਕੋੜਿਆਂ ਦੇ ਰੂਪ ਵਿੱਚ ਕੀਤੀ।

ਇਸ ਲਈ ਕਈ ਪੈਟਰੋਲ ਏਜੰਟਾਂ ਨੂੰ ਬਾਈਡੇਨ ਦੁਆਰਾ ਸ਼ੁੱਕਰਵਾਰ ਨੂੰ ਦਿੱਤੀਆਂ ਟਿੱਪਣੀਆਂ ਤੋਂ ਬਾਅਦ ਆਪਣੀ ਨੌਕਰੀ ਖੁੱਸਣ ਦਾ ਡਰ ਹੈ। ਪਰ ਇਸ ਮਾਮਲੇ ਵਿੱਚ ਬੋਲਦਿਆਂ ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਕਿਹਾ ਕਿ , ਉਹਨਾਂ ਦਾ ਸੂਬਾ ਕਿਸੇ ਵੀ ਬਾਰਡਰ ਪੈਟਰੋਲਿੰਗ ਏਜੰਟਾਂ ਨੂੰ ਨੌਕਰੀ 'ਤੇ ਰੱਖੇਗਾ, ਜਿਨ੍ਹਾਂ ਨੂੰ ਰਾਸ਼ਟਰਪਤੀ ਬਾਈਡੇਨ ਦੁਆਰਾ ਬਰਖਾਸਤ ਕੀਤੇ ਜਾਣ ਦਾ ਡਰ ਹੈ।ਇਸ ਰਿਪਬਲਿਕਨ ਗਵਰਨਰ ਨੇ ਕਿਹਾ ਕਿ ਉਹ ਟੈਕਸਾਸ ਦੀ ਸਰਹੱਦ ਨੂੰ ਸੁਰੱਖਿਅਤ ਕਰਨ ਵਿੱਚ ਸਹਾਇਤਾ ਲਈ ਇਹਨਾਂ ਏਜੰਟਾਂ ਨੂੰ ਨਿਯੁਕਤ ਕਰੇਗਾ। ਟੈਕਸਾਸ ਵਿੱਚ ਗੈਰਕਾਨੂੰਨੀ ਪ੍ਰਵਾਸੀਆਂ ਦੀ ਵਧ ਰਹੀ ਆਮਦ ਲਈ ਐਬੋਟ ਨੇ ਬਾਈਡੇਨ ਪ੍ਰਸ਼ਾਸਨ ਨੂੰ ਜਿੰਮੇਵਾਰ ਦੱਸਿਆ ਹੈ।

## ਅਫਗਾਨਿਸਤਾਨ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਸਬੰਧੀ ਯੂ ਐੱਨ ਓ ਦਫਤਰ ਦੇ ਬਾਹਰ ਵਿਰੋਧ ਪ੍ਰਦਰਸ਼ਨ

**ਫਰਿਜ਼ਨੋ (ਕੈਲੀਫੋਰਨੀਆ)–** ਅਫਗਾਨਿਸਤਾਨ ਵਿੱਚ ਤਾਲਿਬਾਨ ਦੁਆਰਾ ਕਬਜੇ ਦੇ ਬਾਅਦ ਉੱਥੇ ਮਨੁੱਖੀ ਅਤੇ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ ਮਾਮਲੇ ਦੇ ਸਬੰਧ ਵਿੱਚ&; ਸੈਂਕੜੇ ਔਰਤਾਂ ਨੇ ਨਿਊਯਾਰਕ ਵਿੱਚ ਯੂਨਾਈਟਿਡ ਨੇਸ਼ਨਜ ਆਰਗੇਨਾਈਜੇਸ਼ਨ (ਯੂ ਐੱਨ ਓ) ਦੇ ਮੁੱਖ ਦਫਤਰ ਦੇ ਬਾਹਰ ਐਤਵਾਰ ਨੂੰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਵਿਰੋਧ ਪ੍ਰਦਰਸ਼ਨ ਵਿੱਚ ਅਮਰੀਕਾ ਰਹਿਣ ਵਾਲੀਆਂ ਅਫਗਾਨੀ ਮੂਲ ਦੀਆਂ ਔਰਤਾਂ ਵੱਡੀ ਗਿਣਤੀ ਵਿੱਚ ਮੌਜੂਦ ਸਨ। ਮੁਜ਼ਾਹਰੇ ਵਿੱਚ ਮੌਜੂਦ ਔਰਤਾਂ ਅਨੁਸਾਰ ਮਹਿਲਾਵਾਂ ਅੱਧੀ ਦੁਨੀਆ ਬਣਾਉਂਦੀਆਂ ਹਨ। ਇਸ ਲਈ, ਜਦੋਂ ਉਨ੍ਹਾਂ ਦੇ ਅਧਿਕਾਰਾਂ ਦਾ ਘਾਣ ਕੀਤਾ ਜਾਂਦਾ ਹੈ ਤਾਂ ਇਸਦੇ ਨਤੀਜੇ



ਗੰਭੀਰ ਹੁੰਦੇ ਹਨ। ਇਹਨਾਂ ਔਰਤਾਂ ਨੇ ਕਿਹਾ ਕਿ ਯੂਨਾਈਟਿਡ ਨੇਸ਼ਨਜ ਨੂੰ ਉਨ੍ਹਾਂ ਸੀਮਾਵਾਂ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ਜੋ ਤਾਲਿਬਾਨ ਨੇ ਅਫਗਾਨਿਸਤਾਨ ਦੇ ਲੋਕਾਂ ਖਾਸ ਕਰਕੇ ਔਰਤਾਂ' ਤੇ ਲਗਾਈਆਂ ਹਨ। ਤਾਲਿਬਾਨ ਦੇ ਕਬਜੇ ਕਾਰਨ ਅਫਗਾਨਿਸਤਾਨ ਵਿੱਚ ਵੱਖ -ਵੱਖ ਕਾਰਕੁੰਨਾਂ ਅਤੇ ਔਰਤਾਂ ਨੇ ਕਿਹਾ ਹੈ ਕਿ ਉਹ ਆਪਣੀਆਂ ਗਤੀਵਿਧੀਆਂ ਨੂੰ ਜਾਰੀ ਰੱਖਣ ਵਿੱਚ ਅਸਮਰੱਥ ਹਨ। ਉਨ੍ਹਾਂ ਨੇ ਸਿੱਖਿਆ ਅਤੇ ਕੰਮ ਕਰਨ ਦਾ ਆਪਣਾ ਅਧਿਕਾਰ ਗੁਆ ਦਿੱਤਾ ਹੈ। ਆਪਣੇ ਆਪ ਨੂੰ ਅਫਗਾਨਿਸਤਾਨ ਦੀ ਸਰਕਾਰ ਕਹਿਣ ਵਾਲੀ ਇਸ ਤਾਲਿਬਾਨ ਸਰਕਾਰ ਨੂੰ ਸਾਨੂੰ ਸਾਡੇ ਅਧਿਕਾਰ ਦੇਣੇ ਚਾਹੀਦੇ ਹਨ।

## ਸਟੇਡੀਅਮ ਦੀ 6ਵੀਂ ਮੰਜਿਲ ਤੋਂ ਡਿੱਗ ਕੇ ਮਾਂ ਸਮੇਤ 2 ਸਾਲਾਂ ਬੱਚੇ ਦੀ ਮੌਤ



**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰਨੀਆ ਦੇ ਸੈਨ ਡਿਏਗੋ 'ਚ ਸਥਿਤ ਇੱਕ ਬੇਸਬਾਲ ਸਟੇਡੀਅਮ ਦੀ ਤਕਰੀਬਨ 6ਵੀਂ ਮੰਜ਼ਲਿ ਤੋਂ ਡਿੱਗ ਕੇ ਸ਼ਨੀਵਾਰ ਨੂੰ ਇੱਕ ਔਰਤ ਅਤੇ ਉਸਦੇ 2 ਸਾਲ ਦੇ ਬੇਟੇ ਦੀ ਮੌਤ ਹੋ ਗਈ ਹੈ ਅਤੇ ਪੁਲਿਸ ਅਨੁਸਾਰ ਇਹ ਘਟਨਾ ਸ਼ੱਕੀ ਮੰਨੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਸ਼ਨੀਵਾਰ ਨੂੰ 'ਪੈਟਕੋ ਪਾਰਕ' ਸਟੇਡੀਅਮ ਵਿੱਚ ਸ਼ਾਮ 4:15 ਵਜੇ ਇੱਕ ਬੇਸਬਾਲ ਮੈਚ ਤੋਂ ਪਹਿਲਾਂ ਇੱਕ 40 ਸਾਲਾਂ ਮਾਂ ਆਪਣੇ ਬੱਚੇ ਸਮੇਤ ਦੁਪਹਿਰ 3:50 ਵਜੇ ਦੇ ਕਰੀਬ ਸਟੇਡੀਅਮ ਦੀ ਡਾਈਨਿੰਗ ਕੋਨਸੋਰਸ ਮੰਜ਼ਲਿ ਤੋਂ ਡਿੱਗ ਪਏ। ਮੌਕੇ ਦੇ ਗਵਾਹ ਕੁੱਝ ਲੋਕਾਂ ਅਨੁਸਾਰ ਇੰਝ ਲੱਗਿਆ ਸੀ ਜਿਵੇਂ ਛੋਟਾ ਬੱਚਾ ਪਹਿਲਾਂ ਡਿੱਗਿਆ ਹੋਵੇ ਅਤੇ ਮਾਂ ਫਿਰ ਉਸਨੂੰ ਫੜਨ ਦੀ ਕੋਸ਼ਿਸ਼ ਵਿੱਚ ਡਿੱਗੀ ਹੋਵੇ। ਇਸ ਹਾਦਸੇ ਬਾਅਦ ਐਮਰਜੈਂਸੀ ਰਿਸਪੌਂਸਰਜ਼ ਨੇ ਘਟਨਾ ਸਥਾਨ 'ਤੇ ਮ੍ਰਿਤਕ ਐਲਾਨੇ ਜਾਣ ਤੋਂ ਪਹਿਲਾਂ 20 ਮਿੰਟਾਂ ਲਈ ਦੋਵੇਂ ਪੀੜਤਾਂ ਨੂੰ ਮੁੱਢਲੀ ਸਹਾਇਤਾ ਦਿੱਤੀ। ਪੁਲਿਸ ਦੁਆਰਾ ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ, ਜਦਕਿ ਵਿਭਾਗ ਨੇ ਮੌਤਾਂ ਨੂੰ ਸ਼ੱਕੀ ਦੱਸਿਆ ਅਤੇ ਜਾਂਚ ਦੇ ਹਿੱਸੇ ਵਜੋਂ ਖੇਤਰ ਨੂੰ ਬੰਦ ਕਰ ਦਿੱਤਾ ਸੀ।

## ਫਰਿਜ਼ਨੋ ਪ੍ਰਸ਼ਾਸਨ ਨੇ ਸਿਟੀ ਬੱਸ ਨਾਲ ਟਕਰਾਉਣ ਵਾਲੇ ਉਬਰ ਡਰਾਈਵਰ ਨੂੰ ਦਿੱਤੇ 1 ਮਿਲੀਅਨ ਡਾਲਰ

**ਫਰਿਜ਼ਨੋ (ਕੈਲੀਫੋਰਨੀਆ)–** ਫਰਿਜ਼ਨੋ ਵਿੱਚ ਇੱਕ ਉਬਰ ਟੈਕਸੀ ਡਰਾਈਵਰ ਨੂੰ ਸਿਟੀ ਬੱਸ ਨਾਲ ਹੋਏ ਹਾਦਸੇ ਦੇ ਬਾਅਦ ਪ੍ਰਸ਼ਾਸਨ ਵੱਲੋਂ ਜਾਰੀ ਆਦੇਸ਼ਾਂ ਤਹਿਤ ਮੁਆਵਜੇ ਵਜੋਂ 1 ਮਿਲੀਅਨ ਡਾਲਰ ਮਿਲੇ ਹਨ। ਰਜ਼ਾ ਮੁਹੰਮਦੀ ਨਾਮ ਦੇ ਇਸ ਡਰਾਈਵਰ ਨਾਲ ਇਹ ਹਾਦਸਾ ਤਕਰੀਬਨ 6 ਸਾਲ ਪਹਿਲਾਂ 2015 ਵਿੱਚ ਹੋਇਆ ਸੀ। ਇਸ ਹਾਦਸੇ ਵਿੱਚ ਸਿਟੀ ਬੱਸ ਦੁਆਰਾ ਉਸਦੀ ਕਾਰ ਨੂੰ ਟੱਕਰ ਮਾਰੀ ਗਈ ਸੀ। ਇਸ ਟੱਕਰ ਦੇ ਬਾਅਦ ਉਸਦੀ



ਬੈਕ ਦੀਆਂ ਦੋ ਸਰਜਰੀਆਂ ਹੋਈਆਂ ਸਨ।

ਇਸ ਸਬੰਧੀ ਰਿਪੋਰਟ ਅਨੁਸਾਰ ਇੱਕ ਜਿਊਰੀ ਨੇ ਮੰਗਲਵਾਰ ਨੂੰ ਰਜ਼ਾ ਮੁਹੰਮਦੀ ਨੂੰ ਪੈਸੇ ਦਿੱਤੇ ਹਨ। ਇਸ ਮਾਮਲੇ ਵਿੱਚ ਸ਼ਹਿਰ ਦਾ ਬਚਾਅ ਇਹ ਸੀ ਕਿ ਮੁਹੰਮਦੀ ਦੀ ਬੈਕ ਦੀ ਸਮੱਸਿਆ ਪਹਿਲਾਂ ਹੀ ਕਿਸੇ ਸੰਬੰਧਤ ਹਾਦਸੇ ਵਿੱਚ ਹੋ ਗਈ ਸੀ। ਇਸਦੇ ਇਲਾਵਾ ਮੁਹੰਮਦੀ ਨੇ ਹਾਦਸੇ ਤੋਂ ਬਾਅਦ ਉਬਰ ਡਰਾਈਵਰ ਵਜੋਂ ਕੰਮ ਕਰਨਾ ਜਾਰੀ ਰੱਖਿਆ ਹੈ।

# ਯੂ ਐੱਨ ਓ ਦਫਤਰ ਅੱਗੇ ਕਿਸਾਨ ਹਿਤੈਸ਼ੀ ਲੋਕਾਂ ਵੱਲੋਂ ਨਰਿੰਦਰ ਮੋਦੀ ਵਿਰੁੱਧ ਭਾਰੀ ਮੁਜ਼ਾਹਰਾ








**ਫਰਿਜ਼ਨੋ (ਕੈਲੀਫੋਰਨੀਆ)–** ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹਨੀ ਦਿਨੀਂ ਆਪਣੀ ਅਮਰੀਕਾ ਫੇਰੀ 'ਤੇ ਹਨ। ਆਪਣੀ ਇਸ ਫੇਰੀ ਦੌਰਾਨ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਨਿਊਯਾਰਕ ਸਥਿਤ ਯੂਨਾਈਟਿਡ ਨੇਸ਼ਨਜ਼ ਆਰਗੇਨਾਈ-ਜੇਸ਼ਨ (ਯੂ ਐੱਨ ਓ) ਵਿੱਚ ਆਪਣਾ ਭਾਸ਼ਣ ਦਿੱਤਾ। ਪਰ ਇਸ ਦਿਨ ਨਰਿੰਦਰ ਮੋਦੀ ਨੂੰ ਯੂ ਐੱਨ ਓ ਸੈਂਟਰ ਅੱਗੇ&; ਇਕੱਠੇ ਹੋਏ ਕਿਸਾਨ ਹਿਤੈਸ਼ੀ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਭਾਰਤੀ/ ਪੰਜਾਬੀ ਕਿਸਾਨ ਹਿਤੈਸ਼ੀ ਲੋਕਾਂ ਨੇ ਭਾਰੀ ਗਿਣਤੀ ਵਿੱਚ ਇਸ ਮੁਜ਼ਾਹਰੇ ਵਿੱਚ ਸ਼ਾਮਲ ਹੋ ਕੇ ਇਸ ਨੂੰ ਸਫਲ ਬਣਾਇਆ। ਜ਼ਕਿਰਯੋਗ ਹੈ ਕਿ ਭਾਰਤ ਵਿੱਚ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੇ ਮੱਦੇਨਜ਼ਰ ਮੋਦੀ ਸਰਕਾਰ ਦਾ ਭਾਰਤ ਵਿੱਚ ਵਿਰੋਧ ਹੋਣ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਵੀ ਕਿਸਾਨ ਪੱਖੀ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ ਹੈ। ਜਿਸ ਦੇ ਤਹਿਤ ਇਹਨੀ ਦਿਨੀਂ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ&; ਦੌਰਾਨ ਵੀ ਭਾਰਤੀ/ਪੰਜਾਬੀ ਭਾਈਚਾਰੇ ਦੇ ਕਿਸਾਨ ਪੱਖੀ ਲੋਕਾਂ ਵੱਲੋਂ ਕਿਸਾਨੀ ਝੰਡਿਆਂ ਨਾਲ ਵਿਰੋਧ ਕੀਤਾ ਜਾ ਰਿਹਾ ਹੈ। ਸ਼ਨੀਵਾਰ ਨੂੰ ਨਿਊਯਾਰਕ ਦੇ ਯੂ ਐੱਨ ਓ ਸੈਂਟਰ ਅੱਗੇ ਕੀਤਾ ਗਿਆ ਮੁਜ਼ਾਹਰਾ ਵੀ ਇਸੇ ਹੀ ਲਹਿਰ ਦਾ ਇੱਕ ਹਿੱਸਾ ਸੀ, ਜਿਸ ਵਿੱਚ ਕਿਸਾਨ ਪੱਖੀ ਵਿਦੇਸ਼ੀ ਭਾਈਚਾਰੇ ਨੇ ਮੋਦੀ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟ ਕੀਤਾ।

## ਓਲੰਪਿਕ ਤਮਗਾ ਜੇਤੂ ਅਮਰੀਕੀ ਅਥਲੀਟ ਬਣੀ ਬਲੌਕ ਆਈਲੈਂਡ ਦੀ ਤੈਰਾਕੀ ਪੂਰੀ ਕਰਨ ਵਾਲੀ ਪਹਿਲੀ ਮਹਿਲਾ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੀ ਓਲੰਪਿਕ ਤਮਗਾ ਜੇਤੂ ਅਥਲੀਟ ਐਲਿਜ਼ਾਬੈਥ ਬੀਸੇਲ ਸ਼ਨੀਵਾਰ ਨੂੰ ਰੋਡ




ਆਈਲੈਂਡ ਮੇਨਲੈਂਡ ਤੋਂ ਬਲੌਕ ਆਈਲੈਂਡ ਦੀ ਦੂਰੀ ਨੂੰ ਤੈਰ ਕੇ ਪੂਰਾ ਕਰਨ ਵਾਲੀ ਪਹਿਲੀ ਔਰਤ ਬਣ ਗਈ ਹੈ। ਉਸਨੇ ਆਪਣੇ ਮਰਹੂਮ ਪਿਤਾ ਦੀ ਯਾਦ ਵਿੱਚ ਕੈਂਸਰ ਰਿਸਰਚ ਲਈ ਪੈਸਾ ਇਕੱਠਾ ਕਰਨ ਲਈ 10.4 ਮੀਲ ਦਾ ਇਹ ਰਸਤਾ ਸਿਰਫ 5 1/2 ਘੰਟਿਆਂ ਦੇ ਅੰਦਰ ਪੂਰਾ ਕੀਤਾ। ਬੀਸੇਲ ਨੇ ਤਿੰਨ ਓਲੰਪਿਕਸ ਖੇਡਾਂ ਵਿੱਚ ਹਿੱਸਾ ਲਿਆ ਅਤੇ 2012 ਦੀਆਂ ਲੰਡਨ ਖੇਡਾਂ ਵਿੱਚ ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤੇ ਹਨ। ਬੀਸੇਲ ਨੇ ਪਿਛਲੇ ਸਾਲ ਦੇ ਅਖੀਰ ਵਿੱਚ ਉਸਦੇ ਪਿਤਾ, ਟੇਡ ਨੂੰ ਕੈਂਸਰ ਦਾ ਪਤਾ ਲੱਗਣ ਤੋਂ ਬਾਅਦ ਲੰਮੀ ਤੈਰਾਕੀ ਦੀ ਸਿਖਲਾਈ ਸ਼ੁਰੂ ਕਰਨ ਦਾ ਫੈਸਲਾ ਕੀਤਾ ਸੀ ਅਤੇ ਉਸਦੇ ਪਿਤਾ ਦੀ 1 ਜੁਲਾਈ ਨੂੰ ਮੌਤ ਹੋ ਗਈ ਸੀ।

ਬੀਸੇਲ ਨੇ ਸਵਿਮ ਅਕਰੋਸ ਅਮਰੀਕਾ ਦੇ ਨਾਲ ਆਪਣੀ ਸਾਂਝੇਦਾਰੀ ਨਾਲ ਕੈਂਸਰ ਰਿਸਰਚ ਲਈ 133,000 ਡਾਲਰ ਇਕੱਠੇ ਕੀਤੇ ਹਨ। ਬੀਸੇਲ ਨੇ ਪਹਿਲਾਂ ਬੁੱਧਵਾਰ ਨੂੰ ਇਹ ਤੈਰਾਕੀ ਪੂਰੀ ਕਰਨ ਦੀ ਯੋਜਨਾ ਬਣਾਈ ਸੀ, ਪਰ ਤੇਜ਼ ਹਵਾਵਾਂ ਕਾਰਨ ਉਸਨੇ ਸ਼ਨੀਵਾਰ ਨੂੰ ਇਹ ਤੈਰਾਕੀ ਪੂਰੀ ਕੀਤੀ।

## ਡੇਲ ਰਿਓ ਪੁਲ ਦੇ ਹੇਠਾਂ ਇਕੱਠੀ ਹੋਈ ਪ੍ਰਵਾਸੀਆਂ ਦੀ ਭੀੜ ਨੂੰ ਹਟਾਇਆ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਟੈਕਸਾਸ ਵਿੱਚ ਡੇਲ ਰਿਓ ਦੇ ਅੰਤਰਰਾਸ਼ਟਰੀ ਪੁਲ ਦੇ ਹੇਠਾਂ ਡੇਰਾ ਲਗਾਏ ਹੋਏ ਤਕਰੀਬਨ 15,000 ਪ੍ਰਵਾਸੀਆਂ ਨੂੰ ਉੱਥੇ ਇਕੱਠੇ ਹੋਣ ਤੋਂ ਇੱਕ ਹਫਤੇ ਤੋਂ ਵੀ ਘੱਟ ਸਮੇਂ ਬਾਅਦ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਮਲੈਂਡ ਸੁਰੱਖਿਆ ਵਿਭਾਗ ਦੇ ਅਧਿਕਾਰੀ ਅਲੇਜੈਂਡਰੋ ਮਯੋਰਕਾਸ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ 9 ਸਤੰਬਰ ਤੋਂ, ਡੇਲ ਰਿਓ ਵਿੱਚ ਬਾਰਡਰ ਪੈਟਰੋਲਿੰਗ ਅਧਿਕਾਰੀਆਂ ਨੂੰ ਹਜ਼ਾਰਾਂ ਗੈਰਕਾਨੂੰਨੀ ਪ੍ਰਵਾਸੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹੈਤੀ ਦੇ ਸਨ। ਮਯੋਰਕਾਸ ਅਨੁਸਾਰ ਇੱਕ ਸਮੇਂ ਪੁਲ ਹੇਠਾਂ ਇਕੱਠੇ ਹੋਏ 15,000 ਦੇ ਕਰੀਬ ਅਜਿਹੇ ਪ੍ਰਵਾਸੀ ਜਿਹਨਾਂ ਦਾ ਕੋਵਿਡ -19 ਲਈ ਟੈਸਟ ਨਹੀਂ ਕੀਤਾ ਗਿਆ ਸੀ , ਨੂੰ ਸ਼ੁੱਕਰਵਾਰ ਸਵੇਰ ਤੱਕ ਹਟਾ ਦਿੱਤਾ ਗਿਆ ਸੀ। ਉਹਨਾਂ ਦੱਸਿਆ ਕਿ ਇਹਨਾਂ ਪ੍ਰਵਾਸੀਆਂ ਵਿੱਚੋਂ, ਲਗਭਗ 2,000 ਨੂੰ ਹੈਤੀ ਵਾਪਸ ਭੇਜਿਆ ਗਿਆ ਹੈ 'ਤੇ, ਲਗਭਗ 8,000 ਮੈਕਸੀਕੋ ਵਾਪਸ ਗਏ ਹਨ ਜਦਕਿ 5,000 ਤੋਂ ਵੱਧ ਪ੍ਰਵਾ-ਸੀਆਂ 'ਤੇ ਡੀ ਐਚ ਐਸ ਦੁਆਰਾ ਅਗਲੇਰੀ ਕਾਰਵਾਈ ਕੀਤੀ



ਜਾ ਰਹੀ ਹੈ। ਇਸ ਤੋਂ ਇਲਾਵਾ, ਲਗਭਗ 12,400 ਪ੍ਰਵਾਸੀਆਂ ਦੇ ਕੇਸ ਇਮੀਗ੍ਰੇਸ਼ਨ ਜੱਜਾਂ ਦੁਆਰਾ ਸੁਣੇ ਜਾਣਗੇ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਉਨ੍ਹਾਂ ਨੂੰ ਅਮ-ਰੀਕਾ ਵਿੱਚ ਰਹਿਣ ਦੀ ਆਗਿਆ ਦਿੱਤੀ ਜਾਵੇਗੀ ਜਾਂ ਨਹੀਂ।

# ਕਾਲੇ ਕਾਨੂੰਨ ਬਣੇ ਮੋਦੀ ਸਰਕਾਰ ਦੇ ਗਲੇ ਦੀ ਹੱਡੀ-ਨਾਰਵੇ





**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** – ਦੇਸ਼ ਦੀ ਕੇਂਦਰ ਸਰਕਾਰ ਵਲੋਂ ਪਿਛਲੇ ਸਾਲ ਕਿਸਾਨਾਂ ਦੇ ਵਿਰੁੱਧ ਪਾਸ ਕੀਤੇ ਕਾਲੇ ਕਾਨੂੰਨਾਂ ਦਾ ਰੇੜਕਾ ਅਜੇ ਵੀ ਬਰਕਰਾਰ ਹੈ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਦੇ ਅੰਨਦਾਤੇ, ਕਿਰਤੀ, ਆੜਤੀਆਂ ਵਲੋਂ ਅਨੇਕਾਂ ਵਾਰ ਧਰਨੇ ਪ੍ਰਦਰਸਨ, ਆਵਾਜਾਈ ਬੰਦ ਕੀਤੀ ਤੇ ਅਨੇਕਾਂ ਕਿਸਾਨ ਇਸ ਸ਼ੰਘਰਸ਼ ਚ ਸ਼ਹੀਦ ਹੋਏ ਪਰ ਕੇਂਦਰ ਸਰਕਾਰ ਨੂੰ ਕੋਈ ਫਰਕ ਨਹੀਂ ਪਿਆ ਤੇ ਹਰ ਪਾਸੇ ਕਾਲੇ ਕਾਨੂੰਨਾਂ ਦੇ ਨਾਲ ਨਾਲ ਨਰਿੰਦਰ ਮੋਦੀ ਤੇ ਭਾਜਪਾ ਆਗੂਆਂ ਦਾ ਵਿਰੋਧ ਹੋਇਆ ਤੇ ਸਾਲ ਤੋਂ ਉਪਰ ਦਾ ਸਮਾਂ ਬੀਤ ਚੁੱਕਾ ਹੈ ਕੇਂਦਰ ਸਰਕਾਰ ਨੇ ਤਿੰਨ ਕਾਲੇ ਕਾਨੂਨਾਂ ਨੂੰ ਰੱਦ ਕਰਨਾ ਠੀਕ ਨਹੀਂ ਸਮਝਿਆ ਤੇ ਇਹ ਕਾਲੇ ਕਾਨੂਨ ਮੋਦੀ ਸਰਕਾਰ ਦੇ ਗਲੇ ਦੀ ਹੱਡੀ ਬਣ ਗਏ ਹਨ ਤੇ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰ ਗੁਰਚਰਨ ਸਿੰਘ ਨਾਰਵੇ ਨੇ ਪਿਛ.ਲੇ ਦਿਨੀ ਸੰਯੁਕਤ ਕਿਸਾਨ ਮੋਰਚਾ ਤੇ ਦੇਸ਼ ਵਾਸੀਆਂ ਵਲੋ ਕਾਲੇ ਕਾਨੂੰਨਾਂ ਦੇ ਵਿਰੋਧ ਚ ਪੂਰੇ ਦੇਸ ਚ ਬੰਦ ਦਾ ਸੱਦਾ ਦਿਤਾ ਸੀ ਇਸ ਨੂੰ ਲੈ ਕੇ ਪਿੰਡ ਲਸਾੜਾ, ਚੱਕਦਾਨਾ, ਉੜਾਪੜ ਚ ਪਿੰਡ ਵਾਸੀਆਂ ਤੇ ਕਿਸਾਨਾਂ, ਮਜਦੂਰਾਂ ਵਲੋਂ ਲਗਾਏ ਧਰਨੇ ਦੋਰਾਨ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ ਨਾਰਵੇ ਨੇ ਆਖਿਆ ਕਿ ਇਸ ਬੰਦ ਦੇ ਸੱਦੇ ਨੂੰ ਕਿਸਾਨਾਂ ਤੇ ਇਲਾਕਾ ਵਾਸੀਆਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਤੇ ਹੁਣ ਭਾਜਪਾ ਸਰਕਾਰ ਦੇਸ਼ ਨੂੰ ਦਵਾਰਾ ਗੁਲਾਮ ਬਣਾਉਣ ਲਈ ਕਾਰਪੋਰੇਟ ਘਰਾਣਿਆ ਦਾ ਸ਼ਰੇਆਮ ਸਾਥ ਦੇ ਰਹੀ ਹੈ ਜਿਸ ਨੂੰ ਪੂਰਾ ਸੰਸਾਰ ਕਦੇ ਬਰਦਾਸ਼ਤ ਨਹੀਂ ਕਰੇਗਾ ਦੇਸ਼ ਨੂੰ ਸਹੀ ਢੰਗ ਨਾਲ ਚਲਾਉਣ ਲਈ ਕੇਂਦਰ ਦੀ ਭਾਜਪਾ ਨੂੰ ਬਦਲਣ ਲਈ ਕਿਸਾਨਾਂ, ਕਿਰਤੀਆਂ ਤੇ ਦੇਸ਼ ਵਾਸੀਆਂ ਦਾ ਸਹਿਯੋਗ ਬਹੁਤ ਜਰੂਰੀ ਹੈ ਇਸ ਮੋਕੇ ਮੋਦੀ ਸਰਕਾਰ ਮੁਰਦਾਬਾਦ ਦੇ ਨਾਅਰੇ ਵੀ ਲਗਾਏ ਗਏ।

ਇਸ ਮੋਕੇ ਕਾਮਰੇਡ ਪਿਆਰਾ ਸਿੰਘ ਲਸਾੜਾ,ਸੁਖਵਿੰਦਰ ਸਿੰਘ ਚੱਕਦਾਨਾ, ਰਾਏ ਸਿੰਘ, ਕਮਲਜੀਤ ਸਿੰਘ, ਮਨਜੀਤ ਸਿੰਘ ਚੱਕਦਾਨਾ ਆਦਿ ਨੇ ਵੀ ਮੋਦੀ ਸਰਕਾਰ ਖਿਲਾਫ ਭੜਾਸ ਕੱਢੀ ਇਸ ਮੋਕੇ ਹਰਮੇਸ਼ ਲਾਲ ਜਿਲਾ ਪ੍ਰੀਸ਼ਦ ਮੈਬਰ, ਪੰਚ ਕੁਲਦੀਪ ਸਿੰਘ ਮਾਣਕ, ਸੁਲਿੰਦਰ ਸਿੰਘ ਸਾ. ਸਰਪੰਚ, ਦਾਰਾ ਸਿੰਘ, ਤੇਜਿੰਦਰਪਾਲ ਸੌਡੀ ਪੰਚ ਤੋਂ ਇਲਾਵਾ ਹੋਰ ਵੀ ਹਾਜਰ ਸਨ ਇਸ ਮੋਕੇ ਧਰਨੇ ਚ ਇਕੱਠੇ ਹੋਏ ਲੋਕਾਂ ਲਈ ਚਾਹ, ਸਮੋਸੇ, ਠੰਡੇ, ਗੁਰੂ ਕੇ ਲੰਗਰ ਵੀ ਵਰਤਾਏ ਗਏ।

# ਕਿਸਾਨਾਂ ਨੇ ਹੁਸ਼ਿਆਰਪੁਰ ਰੋਡ ਪਾਂਛਟ ਮੋੜ ਵਿਖੇ ਰੋਡ ਜਾਮ ਕਰਕੇ ਲਾਇਆ ਧਰਨਾ

## ਜਦੋਂ ਤੱਕ ਕਾਲੇ ਖੇਤੀ ਕਾਨੂੰਨ ਵਾਪਸ ਨਹੀਂ ਹੋਣਗੇ ਕਿਸਾਨਾ ਦਾ ਸੰਘਰਸ਼ ਜਾਰੀ ਰਹੇਗਾ - ਕਿਸਾਨ ਆਗੂ

**ਫਗਵਾੜਾ (ਬੀ.ਕੇ.ਰੱਤੂ)**– ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਦੇ ਚਲਦਿਆਂ ਅੱਜ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸੀਨੀਅਰ ਕਿਸਾਨ ਆਗੂ ਹਰਭਜਨ ਸਿੰਘ ਬਾਜਵਾ ਮਲਕਪੁਰ ਦੀ ਅਗਵਾਈ ਹੇਠ ਹੁਸ਼ਿਆਰਪੁਰ ਰੋਡ ਪਾਂਛਟਾ ਮੋੜ ਵਿਖੇ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਸੜਕ ਜਾਮ ਕਰਕੇ ਧਰਨਾ ਲਾਇਆ। ਇਸ ਮੌਕੇ ਢਾਡੀ ਜੱਥਿਆਂ ਤੇ ਕਵੀਆਂ ਵਲੋਂ ਹਾਜਰ ਕਿਸਾਨਾਂ ਵਿਚ ਜੋਸ਼ ਦਾ ਸੰਚਾਰ ਕੀਤਾ ਗਿਆ। ਉਪਰੰਤ ਸੰਬੋਧਨ ਕਰਦਿਆਂ ਹਰਭਜਨ ਸਿੰਘ ਬਾਜਵਾ ਤੋਂ ਇਲਾਵਾ ਅਧਿਆਪਕ ਆਗੂ ਗੁਰਮੁਖ ਸਿੰਘ, ਸੂਬੇਦਾਰ ਮੇਜਰ ਕੁਲਵੀਰ ਸਿੰਘ ਖਲਿਆਣ, ਭਾਈ ਗੁਰਦਿਆਲ ਸਿੰਘ ਲੱਖਪੁਰ, ਮਾਸਟਰ ਹਰਭਜਨ ਸਿੰਘ ਸਰਪੰਚ ਭੁੱਲਾਰਾਈ, ਰਾਮਪਾਲ ਸਾਹਨੀ ਸਰਪੰਚ, ਤਰਸੇਮ ਸਿੰਘ ਪਾਂਸ਼ਟਾ, ਅਜੈਬ ਸਿੰਘ ਜਗਜੀਤਪੁਰ, ਅਮਰੀਕ ਸਿੰਘ ਸੀਕਰੀ, ਇੰਦਰਜੀਤ ਸਿੰਘ ਸਰਪੰਚ ਪਾਂਸ਼ਟਾ ਅਤੇ ਨਰਿੰਦਰ ਸਿੰਘ ਚੈੜ ਆਦਿ ਨੇ ਕਿਹਾ ਕਿ ਪਿਛਲੇ ਦੱਸ ਮਹੀਨੇ ਤੋਂ ਕਿਸਾਨ ਪਰਿਵਾਰਾਂ ਸਮੇਤ ਖੁੱਲੇ ਆਸਮਾਨ ਹੇਠਾਂ ਕਾਲੇ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕਰ ਰਹੇ ਹਨ ਪਰ ਕੇਂਦਰ ਦੀ ਅੰਨ੍ਹੀ-ਬੋਲੀ ਮੋਦੀ ਸਰਕਾਰ ਟਸ ਤੋਂ ਮਸ ਨਹੀਂ





ਹੋ ਰਹੀ। ਸੈਂਕੜੇ ਕਿਸਾਨ ਜਿੰਦਗੀਆਂ ਵਾਰ ਚੁੱਕੇ ਹਨ ਜਿਹਨਾਂ ਨੂੰ ਸ਼ਹੀਦ ਮੰਨਣ ਤੋਂ ਵੀ ਕੇਂਦਰ ਸਰਕਾਰ ਇਨਕਾਰ ਕਰਦੀ ਹੈ। ਮੋਦੀ ਸਰਕਾਰ ਦਾ ਤਾਨਾਸ਼ਾਹੀ ਰਵੱਈਆ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜਦੋਂ ਤੱਕ ਕਾਲੇ ਖੇਤੀ ਕਾਨੂੰਨ ਵਾਪਸ ਨਹੀਂ ਹੋਣਗੇ ਕਿਸਾਨਾ ਦਾ ਸੰਘਰਸ਼ ਜਾਰੀ ਰਹੇਗਾ ਬੇਸ਼ਕ ਕਿੰਨਾ ਵੀ ਸਮਾਂ ਕਿਉਂ ਨਾ ਲੱਗ ਜਾਏ ਅਤੇ ਕਿੰਨੀਆਂ ਹੀ ਹੋਰ ਸ਼ਹਾਦਤਾਂ ਕਿਉਂ ਨਾ ਦੇਣੀਆਂ ਪੈਣ। ਧਰਨੇ ਵਿਚ ਗਿਆਨੀ ਲਖਵੀਰ ਸਿੰਘ, ਸੰਤ ਬਾਬਾ ਤਲਵਿੰਦਰ ਸਿੰਘ ਭੋਗਪੁਰ, ਜੋਗਿੰਦਰ ਸਿੰਘ ਮਾਨ ਚੇਅਰਮੈਨ ਪੰਜਾਬ ਐਗਰੋ ਇੰਡਸਟ੍ਰੀਜ ਕਾਰਪੋਰੇਸ਼ਨ ਪੰਜਾਬ, ਜਰਨੈਲ ਨੰਗਲ ਲੋਕ ਇੰਨਸਾਫ ਪਾਰਟੀ ਆਗੂ ਨੇ ਵੀ ਸ਼ਾਮਲ ਹੋ ਕੇ ਕਿਸਾਨਾ ਨਾਲ ਇਕਜੁੱਟਤਾ ਦਰਸਾਈ। ਇਸ ਮੌਕੇ ਗੁਲਜਿੰਦਰ ਸਿੰਘ, ਹਰਵਿੰਦਰ ਪਾਲ ਸਿੰਘ ਸੀਟਾ, ਗੁਰਬਖਸ਼ ਸਿੰਘ ਫੋਜੀ, ਪਵਨਦੀਪ, ਸੁਰਜੀਤ ਸਿੰਘ ਬਾਜਵਾ, ਜਤਿੰਦਰ ਸਿੰਘ, ਰਜਿੰਦਰ ਸਿੰਘ ਖਾਲਸਾ, ਸਤਵੰਤ ਕੌਰ ਨਰੂੜ, ਸਤਿਆ ਦੇਵੀ ਮਲਕਪੁਰ, ਅਜੇ ਸਿੰਘ, ਮੱਖਣ ਸਿੰਘ ਟੋਡਰਪੁਰ, ਪਰਮਿੰਦਰ ਸਿੰਘ, ਲਖਵਿੰਦਰ ਸਿੰਘ, ਕੁਲਵੀਰ ਸਿੰਘ, ਪ੍ਰੇਮ ਸਿੰਘ, ਨਛੱਤਰ ਸਿੰਘ ਸਰਪੰਚ ਜਗਜੀਤਪੁਰ, ਪਰਮਜੀਤ ਸਿੰਘ ਚੌਹਾਨ, ਬਲਵੀਰ ਸਿੰਘ, ਲਾਲ ਸਿੰਘ, ਰਣਜੀਤ ਸਿੰਘ, ਰਾਮਪਾਲ ਢੰਡੋਲੀ, ਅਜੀਤ ਸਿੰਘ ਨਸੀਰਾਬਾਦ, ਵਿਜੇ ਪੰਡੋਰੀ, ਗੁਰਦੇਵ ਸਿੰਘ ਸਾਹਨੀ, ਅੰਮ੍ਰਿਤਪਾਲ ਸਿੰਘ, ਪਰਮਜੀਤ ਕੌਰ, ਰੇਸ਼ਮ ਕੌਰ, ਕਮਲਜੀਤ ਕੌਰ, ਮਨਜੀਤ ਕੌਰ ਸਰਪੰਚ, ਸੁਖਵਿੰਦਰ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨ ਤੇ ਮਜਦੂਰ ਸ਼ਾਮਲ ਹੋਏ।

# ਅਰਪਨ ਸੋਸਾਇਟੀ ਅਤੇ ਕਾਮਨਹੈਲਥ ਨੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ

ਅਰਪਨ ਸੋਸਾਇਟੀ ਅਤੇ ਕਾਮਨਹੈਲਥ ਵਲੋਂ ਨੰਗਲ ਇਲਾਕੇ ਵਿੱਚ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਬੰਧੀ ਵਾਰਡ ਨੰਬਰ 13 ਵਿੱਚ ਕਰਵਾਏ ਗਏ ਪ੍ਰੋਗਰਾਮ ਵਿੱਚ ਸਿਹਤ ਵਿਭਾਗ ਦੇ ਅਧਿਕਾਰੀ ਡਾਕਟਰ ਨਿਸ਼ਚਲ ਸ਼ਰਮਾ, ਮੈਡਮ ਅੰਜਨਾ ਸੀ ਐਚ ਓ, ਮਨਜੀਤ ਕੌਰ ਐਲ ਐਚ ਵੀ ਸੁਪਰਵਾਇਜ਼ਰ, ਗੁਰਵਿੰਦਰ ਸਿੰਘ ਐਸ ਆਈ, ਸੀਮਾ ਸ਼ਰਮਾ ਏ ਐਨ ਐਮ, ਕਮਲਜੀਤ ਕੌਰ ਏ ਐਨ ਐਮ, ਅਰਪਨ ਸੰਸਥਾ ਦੇ ਡਾਇਰੈਕਟਰ ਅਤੇ ਕਾਮਨਹੈਲਥ ਮੈਂਬਰ ਕੁਲਦੀਪ ਚੰਦ, ਹੈਲਥ ਵਰਕਰ ਰੀਤਿਕਾ, ਮੋਨਿਕਾ, ਰੁਪਾਲੀ, ਵਾਰਡ ਦੇ ਐਮ ਸੀ ਮੈਡਮ ਵੀਨਾ ਐਰੀ, ਆਦਿ ਵਿਸੇਸ ਤੋਰ ਤੇ ਪਹੁੰਚੇ ਅਤੇ ਹਾਜਰ ਮਹਿਲਾਵਾਂ ਅਤੇ ਲੜਕੀਆਂ ਨੂੰ ਮਹਿਲਾਵਾਂ ਦੇ ਰਿਪ੍ਰੋਡਕਟਿਵ ਸਿਹਤ ਸਬੰਧੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮਹਿਲਾਵਾਂ ਦੀਆਂ ਰੀਪ੍ਰੋਡਕਟਿਵ ਸਿਹਤ ਸਮੱਸਿਆਵਾਂ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੀਸੀਪੀਐਨਡੀਟੀ ਐਕਟ ਲਾਗੂ ਹੋਣ ਤੋਂ ਬਾਦ ਤਾਂ ਐਮਟੀਪੀ ਐਕਟ ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਕਈ ਮਹਿਲਾਵਾਂ ਨੂੰ ਮੁਸ਼ਕਿਲਾਂ ਆਂਦੀਆਂ ਹਨ ਅਤੇ ਬਹੁਤੀਆਂ ਮਹਿਲਾਵਾਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵਾਉਣਾਂ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ੍ਹ ਗਰਭਪਾਤ ਹੁੰਦੇ ਹਨ। ਭਾਰਤ ਵਿੱਚ ਹਰ ਸਾਲ ਲੱਗਭੱਗ 1.56 ਕਰੋੜ੍ਹ ਗਰਭਪਾਤ ਹੁੰਦੇ ਹਨ ਜਿਨ੍ਹਾਂ ਵਿੱਚੋਂ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ ਲੱਗਭੱਗ 10 ਮਹਿਲਾਵਾਂ ਦੀ ਮੋਤ ਹੁੰਦੀ ਹੈ ਅਤੇ ਭਾਰਤ ਵਿੱਚ ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ। ਇਸਨੂੰ ਵੇਖਦੇ ਹੋਏ ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰ-ਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਪਾਤ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿ-ਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਪਾਤ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਪਾਤ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਨੂੰ ਲਾਗੂ ਹੋਇਆ ਅੱਧੀ ਸਦੀ ਬੀਤ ਰਹੀ ਹੈ ਅਤੇ ਇਸ ਦੌਰਾਨ ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਸਰਕਾਰ ਵਲੋਂ ਗਰਭਪਾਤ ਕਰਵਾਉਣ ਦੀ ਸਮਾਂ ਸੀਮਾ ਵਿੱਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਨੇ ਐਮ ਟੀ ਪੀ ਐਕਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਅਤੇ ਪੀਸੀਪੀ-ਐਨਡੀਟੀ ਐਕਟ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਹਾਜਰ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਜਰੂਰਤ ਪੈਣ ਤੇ ਸਿਰਫ ਸੁਰੱਖਿਅਤ ਗਰਭਪਾਤ ਹੀ ਕਰਵਾਇਆ ਜਾਵੇ ਤਾਂ ਜੋ ਮਾਂ ਦੀ ਸਿਹਤ ਨੂੰ ਹੋਣ ਵਾਲੇ ਖਤਰਿਆਂ ਤੋਂ ਬਚਾਇਆ ਜਾ ਸਕੇ। ਇਸ ਮੌਕੇ ਮੈਡਮ ਪੂਜਾ, ਪ੍ਰਧਾਨ ਜੋਗਿੰਦਰ ਸਿੰਘ, ਰਮੇਸ਼ ਚੰਦਰ, ਰੀਮਾ ਧਿਮਾਨ, ਮੈਡਮ ਸੁਨੀਤਾ ਦੇਵੀ, ਅੰਜਲੀ, ਭਾਰਤੀ, ਮਮਤਾ, ਸ਼ਿਵਾਨੀ, ਮੁਸਕਾਨ, ਸੋਨੀਆ, ਰਾਜਵੀਰ ਕੌਰ, ਸ਼ਿਫਾ, ਰਮਨਾ, ਸੀਮਾ, ਰੀਨਾ, ਸੀਮਾ, ਮੀਨਾ, ਸੋਨਾ ਦੇਵੀ, ਮੋਨਿਕਾ, ਮੁਸਕਾਨ, ਰੀਨਾ ਰਾਣੀ, ਸ਼ਿਵਾਨੀ, ਕੁਸੁਮ, ਸੁਨੀਤਾ ਦੇਵੀ, ਅਮਨਦੀਪ ਕੌਰ, ਰਾਜਵਿੰਦਰ ਕੌਰ, ਰਜਨੀ ਆਦਿ ਹਾਜਰ ਸਨ।




**ਕੁਲਦੀਪ ਚੰਦ 91-94175-63054**

ਗਲਾਸਗੋ/ ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਗਲਾਸਗੋ ਦੇ ਲਾਰਡ ਪ੍ਰੋਵੋਸਟ ਫਿਲਿਪ ਬਰਾਟ ਸੈਂਟਰਲ ਗੁਰਦੁਆਰਾ ਸਾਹਿਬ ਵਿਖੇ ਭਾਈਚਾਰੇ ਦਾ ਧੰਨਵਾਦ ਕਰਨ ਪਹੁੰਚੇ

## ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਦਾ ਨਾਂ 'ਗੁਰੂ ਨਾਨਕ ਰੋਡ' ਰੱਖਣ ਦੀ ਲਾਰਡ ਪ੍ਰੋਵੋਸਟ ਨੂੰ ਕੀਤੀ ਮੰਗ








**ਗਲਾਸਗੋ–** ਉਸ ਵੇਲੇ ਖੁਸ਼ੀ ਹੋਣੀ ਸੁਭਾਵਿਕ ਹੈ ਜਦੋਂ ਤੁਹਾਡੇ ਕੀਤੇ ਗਏ ਨਿਸ਼ਕਾਮ ਕਾਰਜਾਂ ਨੂੰ ਕੋਈ ਤੁਹਾਡੇ ਘਰ ਆ ਕੇ ਸਲਾਹੇ। ਸਕਾਟਲੈਂਡ ਦੇ ਸਭ ਤੋਂ ਵੱਡੇ ਗੁਰੂਘਰ ਵਜੋਂ ਜਾਣੇ ਜਾਂਦੇ ਗੁਰਦੁਆਰਾ ਸਿੰਘ ਸਭਾ ਨੂੰ ਅਜਿਹਾ ਹੀ ਮਾਣ ਦੇਣ ਲਈ ਗਲਾਸਗੋ ਦੇ ਲਾਰਡ ਪ੍ਰੋਵੋਸਟ ਫਿਲਿਪ ਬਰਾਟ ਵਿਸ਼ੇਸ਼ ਤੌਰ 'ਤੇ ਪਹੁੰਚੇ। ਲਾਰਡ ਪ੍ਰੋਵੋਸਟ ਵੱਲੋਂ ਗੁਰਦੁਆਰਾ ਸਾਹਿਬ ਪਹੁੰਚ ਕੇ ਸੰਗਤਾਂ ਦੇ ਸਨਮੁੱਖ ਹੋਣ ਲਈ ਉਲੀਕੀ ਗਈ ਇਹ ਵਿਸ਼ੇਸ਼ ਫੇਰੀ ਕੋਵਿਡ ਦੇ ਬੁਰੇ ਦੌਰ ਵਿੱਚ ਭਾਈਚਾਰੇ ਵੱਲੋਂ ਨਿਭਾਈਆਂ ਸੇਵਾਵਾਂ ਦਾ ਧੰਨਵਾਦ ਕਰਨ ਲਈ ਸੀ। ਲਾਰਡ ਪ੍ਰੋਵੋਸਟ ਨੇ ਬੇਹੱਦ ਸਲੀਕੇ ਨਾਲ ਨਤਮਸਤਿਕ ਹੋਣ ਉਪਰੰਤ ਆਪਣੇ ਸੰਬੋਧਨ ਦੌਰਾਨ ਸਿੱਖ ਭਾਈਚਾਰੇ ਵੱਲੋਂ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਗੁਰੂ ਦੇ ਲੰਗਰ ਨਿਰੰਤਰ ਵਰਤਾਏ ਜਾਂਦੇ ਰਹਿਣ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮੇਂ ਉਹਨਾ ਨੇ ਕੋਵਿਡ ਕਾਰਨ ਜਾਨਾਂ ਗਵਾ ਗਏ ਭਾਈਚਾਰੇ ਦੇ ਲੋਕਾਂ ਲਈ ਗੁਰੂ ਘਰ ਦੇ ਮੰਚ ਤੋਂ ਹਮਦਰਦੀ ਦਾ ਪ੍ਰਗਟਾਵਾ ਕੀਤਾ। ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦੀ ਤਰਫੋਂ ਪ੍ਰਧਾਨ ਸੁਰਜੀਤ ਸਿੰਘ ਚੌਧਰੀ ਤੇ ਜਸਪਾਲ ਸਿੰਘ ਖਹਿਰਾ ਵੱਲੋਂ ਲਾਰਡ ਪ੍ਰੋਵੋਸਟ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਸੁਖਬੀਰ ਸਿੰਘ ਤੇ ਭਾਈ ਭਲਵਿੰਦਰ ਸਿੰਘ ਦੇ ਜੱਥੇ ਵੱਲੋਂ ਕੀਰਤਨ ਤੇ ਕਥਾ ਵਿਚਾਰਾਂ ਕੀਤੀਆਂ ਗਈਆਂ।

ਇਸ ਸਮੇਂ ਸੰਬੋਧਨ ਦੌਰਾਨ ਸੁਰਜੀਤ ਸਿੰਘ ਚੌਧਰੀ ਨੇ ਜਿੱਥੇ ਲਾਰਡ ਪ੍ਰੋਵੋਸਟ ਵੱਲੋਂ ਸਿੱਖ ਭਾਈਚਾਰੇ ਦੇ ਕਾਰਜਾਂ ਦੀ ਸ਼ਲਾਘਾ ਕਰਨ ਲਈ ਧੰਨਵਾਦ ਕੀਤਾ ਉੱਥੇ ਉਹਨਾਂ ਲਾਰਡ ਪ੍ਰੋਵੋਸਟ ਨੂੰ ਬੇਨਤੀ ਕੀਤੀ ਕਿ ਉਹ ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਦਾ ਨਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਰੱਖਣ ਲਈ ਵਿੱਢੀ ਜਾਣ ਵਾਲੀ ਮੁਹਿਮ ਵਿੱਚ ਸਹਿਯੋਗ ਦੇਣ। ਸਮਾਗਮ ਦੌਰਾਨ ਬਖਸ਼ੀਸ਼ ਸਿੰਘ ਦੀਹਰੇ, ਹਰਬੰਸ ਸਿੰਘ ਖਹਿਰਾ, ਡਾਕਟਰ ਇੰਦਰਜੀਤ ਸਿੰਘ, ਮੇਲਾ ਸਿੰਘ ਧਾਮੀ, ਗੁਰਨਾਮ ਸਿੰਘ ਧਾਮੀ, ਦਰਸ਼ਨ ਸਿੰਘ ਆਦਿ ਸਮੇਤ ਭਾਰੀ ਗਿਣਤੀ ਵਿੱਚ ਸਿੱਖ ਸੰਗਤ ਹਾਜ਼ਰ ਸੀ। ਸਮਾਗਮ ਦੌਰਾਨ ਮੰਚ ਸੰਚਾਲਕ ਦੇ ਫਰਜ਼ ਬਖਸ਼ੀਸ ਸਿੰਘ ਦੀਹਰੇ ਨੇ ਅਦਾ ਕੀਤੇ।

# 90% ਪੈਟਰੋਲ ਸਟੇਸ਼ਨ ਕਰ ਰਹੇ ਹਨ ਤੇਲ ਦੀ ਕਿੱਲਤ ਦਾ ਸਾਹਮਣਾ

**ਗਲਾਸਗੋ–** ਯੂਕੇ ਵਿੱਚ ਪਿਛਲੇ ਦਿਨਾਂ ਦੌਰਾਨ ਤੇਲ ਸਪਲਾਈ ਕਰਨ ਵਾਲੇ ਵਾਹਨ ਡਰਾਈਵਰਾਂ ਦੀ ਘਾਟ ਹੋਣ ਕਾਰਨ ਪੈਟਰੋਲ ਪੰਪਾਂ 'ਤੇ ਤੇਲ ਦੀ ਕਮੀ ਹੋ ਰਹੀ ਹੈ। ਇਸ ਸਮੱਸਿਆ ਕਰਕੇ ਕੁੱਝ ਪੈਟਰੋਲ ਪੰਪ ਬੰਦ ਹੋਣ ਤੋਂ ਬਾਅਦ ਤੇਲ ਮੁੱਕਣ ਦੇ ਡਰ ਤੋਂ ਲੋਕਾਂ ਨੇ ਪੰਪਾਂ ਅੱਗੇ ਲਾਈਨਾਂ ਲਗਾ ਲਈਆਂ ਸਨ। ਜਿਆਦਾਤਰ ਪੈਟਰੋਲ ਪੰਪਾਂ 'ਤੇ ਲੋਕਾਂ ਨੂੰ ਕੈਨਾਂ ਆਦਿ ਵਿੱਚ ਵੀ ਤੇਲ ਲਿਜਾਂਦਿਆਂ ਵੇਖਿਆ ਗਿਆ। ਇਸ ਸੰਕਟ ਦੇ ਚਲਦਿਆਂ ਤਕਰੀਬਨ 50% ਤੋਂ 90% ਪੈਟਰੋਲ ਪੰਪ ਤੇਲ ਦੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ। ਤੇਲ ਟੈਂਕਰ ਚਾਲਕਾਂ ਦੀ ਰਾਸ਼ਟਰੀ ਕਮੀ ਦੇ ਦੌਰਾਨ ਲੋਕਾਂ ਵਿੱਚ ਹਫੜਾ -ਦਫੜੀ




ਮੱਚ ਗਈ ਹੈ, ਜਦਕਿ ਸਰਕਾਰ ਜ਼ੋਰ ਦੇ ਰਹੀ ਹੈ ਕਿ ਤੇਲ ਦੀ ਘਾਟ ਨਹੀਂ ਹੈ। ਲਗਭਗ 5,500 ਸੁਤੰਤਰ ਪੈਟਰੋਲ ਪੰਪਾਂ ਦੀ ਪ੍ਰਤੀ-ਨਿਧਤਾ ਕਰਨ ਵਾਲੇ ਪੈਟਰੋਲ ਰਿਟੇਲਰ ਐਸੋਸੀਏਸ਼ਨ ਦੇ ਚੇਅਰਮੈਨ ਬ੍ਰਾਇਨ ਮੈਡਰਸਨ ਨੇ ਚੇਤਾਵਨੀ ਦਿੱਤੀ ਹੈ ਕਿ ਤੇਲ ਮੁੱਕਣ ਦੇ ਡਰੋਂ ਕੀਤੀ ਖਰੀਦਦਾਰੀ ਨੇ ਗੰਭੀਰ ਸਮੱਸਿਆਵਾਂ ਪੈਦਾ ਕੀਤੀਆਂ ਹਨ। ਯੂਕੇ ਵਿੱਚ ਲਗਭਗ 8,000 ਪੈਟਰੋਲ ਸਟੇਸ਼ਨ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੁਤੰਤਰ ਰਿਟੇਲਰਾਂ ਦੁਆਰਾ ਚਲਾਏ ਜਾਂਦੇ ਹਨ। ਪੈਦਾ ਹੋਈ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਵੱਲੋਂ ਵਿਦੇਸ਼ੀ ਕਾਮਿਆਂ ਨੂੰ ਅਸਥਾਈ ਵੀਜੇ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ।

# ਕਾਰ ਮਾਲਕਾਂ ਵੱਲੋਂ ਕਾਰਾਂ ਵਿੱਚੋਂ ਤੇਲ ਚੋਰੀ ਹੋਣ ਦਾ ਦਾਅਵਾ



**ਗਲਾਸਗੋ–** ਯੂਕੇ ਵਿੱਚ ਪੈਦਾ ਹੋਏ ਤੇਲ ਸੰਕਟ ਦੌਰਾਨ ਜਿੱਥੇ ਲੋਕ ਪੈਟਰੋਲ ਪੰਪਾਂ 'ਤੇ ਲੰਬੀਆਂ ਕਤਾਰਾਂ ਲਗਾ ਕੇ ਆਪਣੇ ਵਾਹਨਾਂ ਦੀਆਂ ਟੈਂਕੀਆਂ ਫੁੱਲ ਕਰਵਾ ਰਹੇ ਹਨ, ਉੱਥੇ ਹੀ ਰਾਜਧਾਨੀ ਲੰਡਨ ਵਿੱਚ ਕੁੱਝ ਕਾਰ ਮਾਲਕਾਂ ਵੱਲੋਂ ਉਹਨਾਂ ਦੀਆਂ ਕਾਰਾਂ ਵਿੱਚੋਂ ਤੇਲ ਚੋਰੀ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਸਬੰਧੀ ਲੰਡਨ ਦੇ ਇੱਕ ਵਿਅਕਤੀ ਨੇ ਦੱਸਿਆ ਯੂਕੇ ਵਿੱਚ ਵਧੇ ਤੇਲ ਸੰਕਟ ਦੌਰਾਨ ਚੋਰਾਂ ਨੇ ਉਸਦੀ ਕਾਰ ਦਾ ਡੀਜ਼ਲ ਟੈਂਕ ਪੂਰਾ ਖਾਲੀ ਕਰ ਦਿੱਤਾ। ਇਸ ਵਿਅਕਤੀ ਅਨੁਸਾਰ ਚੋਰਾਂ ਵੱਲੋਂ ਉਸਦੀ ਕਾਰ ਦੇ ਤੇਲ ਟੈਂਕੀ ਵਿੱਚ ਸੁਰਾਖ ਕਰਕੇ ਤੇਲ ਕੱਢਿਆ ਗਿਆ, ਜਿਸ ਦੌਰਾਨ ਕੁੱਝ ਮਾਤਰਾ ਵਿੱਚ ਤੇਲ ਬਾਹਰ ਡੁੱਲਿਆ ਹੋਇਆ ਵੀ ਪਾਇਆ ਗਿਆ। ਇਸ ਘਟਨਾ ਦੇ ਮੱਦੇਨਜ਼ਰ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ। ਰਾਜਧਾਨੀ ਲੰਡਨ ਵਿੱਚ ਤੇਲ ਸੰਕਟ ਦੇ ਚਲਦਿਆਂ ਲੰਡਨ ਦੇ ਮੇਅਰ ਸਾਦਿਕ ਖਾਨ ਦੇ ਅਨੁਸਾਰ ਐੱਨ ਐੱਚ ਐੱਸ ਸਟਾਫ, ਟੈਕਸੀ ਡਰਾਈਵਰਾਂ ਸਮੇਤ ਹੋਰ ਪ੍ਰਮੁੱਖ ਕਰਮਚਾਰੀਆਂ ਲਈ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ।

# ਇਕੱਲੇ ਸਾਬਕਾ ਸੈਨਿਕ ਨੇ ਪਾਰ ਕੀਤਾ ਐਟਲਾਂਟਿਕ ਮਹਾਂਸਾਗਰ





**ਗਲਾਸਗੋ–** ਨੂੰ ਇਕੱਲੇ ਨੇ ਬਿਨਾਂ ਕਿਸੇ ਦੀ ਸਹਾਇਤਾ ਦੇ ਪਾਰ ਕੀਤਾ ਹੈ। ਡੇਵ "ਡਿੰਗਰ" ਬੈੱਲ ਨਾਮ ਦੇ ਇਸ ਵਿਅਕਤੀ ਨੇ ਐਟਲਾਂਟਿਕ ਮਹਾਂਸਾਗਰ ਨੂੰ ਪਾਰ ਕਰਨ ਲਈ ਨਿਊਯਾਰਕ ਤੋਂ ਯੂਕੇ ਦੀ ਯਾਤਰਾ ਕਰਦਿਆਂ 119 ਦਿਨ ਬਿਤਾਏ। ਆਪਣਾ ਸਫਰ ਪੂਰਾ ਕਰਦਿਆਂ ਡੇਵ ਐਤਵਾਰ ਦੁਪਹਿਰ ਨੂੰ ਨਿਊਲਿਨ, ਕੌਰਨਵਾਲ ਵਿਖੇ ਪਹੁੰਚਿਆ।

ਇੱਥੇ ਪਹੁੰਚਣ 'ਤੇ ਡੇਵ ਦਾ ਉਸਦੇ ਪਰਿਵਾਰ, ਦੋਸਤਾਂ ਅਤੇ ਹੋਰਾਂ ਵੱਲੋਂ ਨਿਊਲਿਨ ਹਾਰਬਰ ਵਿਖੇ ਧੂਮਧਾਮ ਨਾਲ ਸਵਾਗਤ ਕੀਤਾ ਗਿਆ। ਆਪਣੀ ਇਸ ਚੁਣੌਤੀਆਂ ਭਰੀ ਯਾਤਰਾ ਦੌਰਾਨ ਡੇਵ ਨੇ ਕਾਫੀ ਸੰਘਰਸ਼ ਕੀਤਾ। ਜਿਸ ਵਿੱਚ ਉਸਨੇ ਤੂਫਾਨਾਂ, ਜੈਲੀਫਿਸ਼ ਦੇ ਡੰਗਾਂ ਆਦਿ ਦਾ ਸਾਹਮਣਾ ਕੀਤਾ। ਡੇਵ ਨੇ ਆਪਣੇ ਆਖਰੀ ਪੜਾਵਾਂ 'ਤੇ ਤੇਜ਼ ਹਵਾਵਾਂ ਦਾ ਸਾਹਮਣਾ ਕੀਤਾ ਜਿਸ ਕਾਰਨ ਉਸਨੂੰ ਆਪਣੀ ਮੰਜ਼ਲਿ ਨੂੰ ਫਾਲਮਾਊਥ ਤੋਂ ਨਿਊਲਿਨ ਵੱਲ ਬਦਲਣਾ ਪਿਆ।

ਆਪਣੇ ਸਫਰ ਦੇ ਆਖਰੀ 40 ਘੰਟੇ ਉਸਨੇ ਬਿਨਾਂ ਰੁਕੇ ਸਫਰ ਕੀਤਾ ਅਤੇ ਪਿਛਲੇ ਤਿੰਨ ਮੀਲ ਦੇ ਲਈ, ਇੱਕ ਰਾਇਲ ਨੈਸ਼ਨਲ ਲਾਈਫਬੋਟ ਇੰਸਟੀਚਿਊਸ਼ਨ ਦੀ ਲਾਈਫਬੋਟ ਉਸਨੂੰ ਮਾਰਗ ਦਰਸ਼ਨ ਕਰਨ ਲਈ ਭੇਜੀ ਗਈ। ਡੇਵ ਅਨੁਸਾਰ ਉਸਦੀ ਇਸ ਕੋਸ਼ਿਸ਼ ਦਾ ਉਦੇਸ਼ ਦੋ ਚੈਰਿਟੀਜ਼ ਸਪੈਸ਼ਲ ਬੋਟ ਸਰਵਿਸ ਐਸੋਸੀਏਸ਼ਨ ਅਤੇ ਰੌਕ 2 ਰਿਕਵਰੀ, ਯੂਕੇ ਲਈ ਫੰਡ ਇਕੱਠਾ ਕਰਨ ਦਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com
Prem. K. Chumber
Contact in USA: 1-916-947-8920

# ਪੰਜਾਬ ਦੀਆਂ ਪ੍ਰਮੁੱਖ ਮਸੀਹੀ ਸ਼ਖਸੀਅਤਾਂ ਪੁਸਤਕ ਰਲੀਜ਼

**ਲੁਧਿਆਣਾ –** "ਪੰਜਾਬ ਦੀਆਂ ਪ੍ਰਮੁਖ ਮਸੀਹੀ ਸ਼ਖਸੀਅਤਾਂ" ਇੱਥੇ ਵਿਲੀਅਮ ਕੇਰੀ ਅਵਾਰਡ ਕਮੇਟੀ ਦੇ ਮੁਖ ਪੈਟਰਨ ਸ਼੍ਰੀ ਸਵਿੰਦਰ ਮਸੀਹ ਨੇ ਰਲੀਜ਼ ਕੀਤੀ। ਇਸ ਮੌਕੇ ਤੇ ਬੋਲਦਿਆਂ ਪੁਸਤਕ ਦੇ ਲੇਖਕ ਸ਼੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ ਨੇ ਕਿਹਾ ਕਿ ਪੰਜਾਬ ਦੇ ਈਸਾਈ ਵਿਦਵਾਨਾਂ ਅਤੇ ਮਸੀਹਅਤ ਦੀ ਖਾਤਿਰ ਮਹਾਨ ਕੁਰਬਾਨੀਆਂ ਕਰਨ ਵਾਲੇ ਲੋਕਾਂ ਬਾਰੇ ਇਹ ਆਪਣੀ ਕਿਸਮ ਦੀ ਪਹਿਲੀ ਪੁਸਤਕ ਹੈ। ਪੰਜਾਬ ਦੇ ਮਸੀਹੀ ਸਮਾਜ ਵਿੱਚ ਵਿਦਵਾਨਾਂ ਅਤੇ ਕੌਮ ਲਈ ਕੁਰਬਾਨੀ ਕਰਨ ਵਾਲੇ ਲੋਕਾਂ ਦੀ ਬੇਹੱਦ ਘਾਟ ਹੈ ਅਤੇ ਜਿੱਨੇ ਕੁ ਲੋਕ ਹਨ ਵੀ ਉਨ੍ਹਾਂ ਦਾ ਰਿਕਾਰਡ ਰੱਖਣਾ ਕਿਸੇ ਦੀ ਵੀ ਚਿੰਤਾ ਨਹੀਂ ਹੈ। ਸਾਰੀਆਂ ਕੌਮਾਂ ਦੇ ਲੋਕ ਆਪਣੇ ਵਿਦਵਾਨਾਂ ਅਤੇ ਕੁਰਬਾਨੀ ਵਾਲੇ ਲੋਕਾਂ ਦਾ ਰਿਕਾਰਡ ਰੱਖਦੀਆਂ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਸੇਧ ਲੈ ਸਕਣ ਪਰ ਈਸਾਈਆਂ ਵਿਚੋਂ ਇਹ ਕੰਮ ਕਰਨ ਦੀ ਜਿਨ੍ਹਾਂ ਲੋਕਾਂ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਨੂੰ ਅਜੇਹੇ ਕੰਮਾਂ ਦਾ ਗਿਆਨ ਹੀ ਨਹੀਂ। ਖੁਦਾਈ ਖਿਦਮਤਗਾਰ ਨੇ ਕਿਹਾ ਕਿ ਬਹੁਤ ਕੋਸ਼ਿਸ਼ ਦੇ ਬਾਵਜੂਦ ਕੁਝ ਲੋਕਾਂ ਦੇ



ਵੇਰਵੇ ਅਸੀਂ ਪੇਸ਼ ਨਹੀਂ ਕਰ ਸਕੇ ਹਾਲਾਂਕਿ ਉਨ੍ਹਾਂ ਦੀ ਗਿਣਤੀ ਬਹੁਤ ਨਾਂ ਮਾਤਰ ਹੀ ਹੈ। ਉਨ੍ਹਾਂ ਦੇ ਵੇਰਵੇ ਪੁਸਤਕ ਦੇ ਅਗਲੇ ਐਡੀਸ਼ਨ ਵਿੱਚ ਪੇਸ਼ ਕਰਾਂਗੇ। ਵਿਲੀਅਮ ਕੇਰੀ ਅਵਾਰਡ ਕਮੇਟੀ ਦੇ ਮੈਂਬਰ ਸ਼੍ਰੀ ਸੁਰੇਸ਼ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ ਹੀ ਨਹੀਂ ਸਾਰੇ ਭਾਰਤ ਵਿੱਚ ਇਹ ਆਪਣੀ ਕਿਸਮ ਦੀ ਹੀ ਪੁਸਤਕ ਹੈ। ਇਸ ਪੁੱਸਤਕ ਨਾਲ ਜਿੱਥੇ ਈਸਾਈਆਂ ਨੂੰ ਆਪਣੇ ਵਿਦਵਾਨਾਂ ਅਤੇ ਕੌਮ ਲਈ ਕੁਰਬਾਨੀ ਕਰਨ ਵਾਲੇ ਲੋਕਾਂ ਬਾਰੇ ਜਾਣਕਾਰੀ ਮਿਲੇਗੀ, ਉਥੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਵੀ ਈਸ-ਾਈਆਂ ਦੀਆਂ ਉੱਚ ਸ਼ਖਸੀਅਤਾਂ ਬਾਰੇ ਜਾਣਕਾਰੀ ਮਿਲ ਸਕੇਗੀ। ਉਨ੍ਹਾਂ ਕਿਹਾ ਕਿ ਦੂਸਰੇ ਧਰਮਾਂ ਦੇ ਲੋਕਾਂ ਨੇ ਇਸ ਪੁਸਤਕ ਵਿੱਚ ਬਹੁਤ ਦਿਲਚਸਪੀ ਵਿਖਾਈ ਹੈ, ਸਹਿਯੋਗ ਵੀ ਦਿੱਤਾ ਹੈ, ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਵਿਲੀਅਮ ਕੇਰੀ ਅਵਾਰਡ ਕਮੇਟੀ ਦੇ ਮੈਂਬਰ ਸ਼੍ਰੀ ਹਰਨਾਮ ਦਾਸ ਮਹੇ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਲੋਕਾਂ ਦੀ ਜ਼ਿੰਮੇਵਾਰੀ ਸੀ, ਅਜੇਹੀਆਂ ਪੁਸਤਕਾਂ ਤਿਆਰ ਕਰਨ ਦੀ, ਉਨ੍ਹਾਂ ਨੂੰ ਆਪਣੇ ਜ਼ਿੰਮੇਵਾਰੀ ਦਾ ਅਹਿਸਾਸ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਨੱਥੂ ਖੈਰਾ ਟਾਈਪ ਦੇ ਲੋਕ ਆਪਣੇ ਆਪ ਨੂੰ ਈਸਾਈ ਵਿਦਵਾਨ ਕਹਾਉਂਣ ਵਿੱਚ ਫਖਰ ਮਹਿਸੂਸ ਕਰ ਰਹੇ ਹਨ ਜਦਕਿ ਉਨ੍ਹਾਂ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਹੈ ਕਿ ਕੌਮਾਂ ਅੱਗੇ ਕਿਵੇਂ ਵਧਦੀਆਂ ਹਨ।

# ਪੰਜਾਬ ਦੀ ਸਿਆਸਤ: ਨਵੇਂ ਯੁੱਗ ਦਾ ਆਗਾਜ਼?



**Ronki Ram**
Shaheed Bhagat Singh Chair
Professor of Political Science
Panjab University, Chandigarh 160014, India
E-mail: ronkiram@yahoo.co.in
Visiting Professor, Centre for Sikh and Panjabi Studies
University of Wolverhampton (UK)

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿੱਚ 2022 ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਸੰਧਰਭ ਵਿੱਚ ਰਾਜਨੀਤਕ ਸੱਤਾ ਦੀਆਂ ਅਗਲੇਰੀਆਂ ਸਫ਼ਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਭਾਗੀਦਾਰੀ ਸਬੰਧੀ ਚਰਚਾ ਕਾਫੀ ਜ਼ੋਰ ਸ਼ੋਰ ਨਾਲ ਚਲਦੀ ਰਹੀ ਹੈ। ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨੇ ਵਾਅਦੇ ਕਰ ਦਿੱਤੇ ਹਨ ਕਿ ਜੇ ਉਹ ਚੋਣਾਂ ਜਿੱਤ ਕੇ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਆਉਂਦੇ ਹਨ ਤਾਂ ਉਹ ਕਿਸੇ ਅਨੁਸੂਚਿਤ ਜਾਤੀ ਦੇ ਨੇਤਾ ਨੂੰ ਹੀ ਪੰਜਾਬ ਦਾ ਉੱਪ ਮੁੱਖ ਮੰਤਰੀ ਬਣਾ ਕੇ ਪੰਜਾਬ ਦੀ ਕੁੱਲ ਜਨਸੰਖਿਆ ਦੇ ਲਗਪਗ ਇੱਕ ਤਿਹਾਈ ਹਿੱਸੇ ਦੇ ਬਰਾਬਰ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਇਹ ਸਨਮਾਨ ਦੇਣਗੇ। ਪਰ ਕਾਂਗਰਸ ਪਾਰਟੀ ਨੇ ਇਸ ਸਬੰਧੀ ਦੂਸਰੀਆਂ ਰਾਜਸੀ ਪਾਰ-ਟੀਆਂ ਤੋਂ ਬਾਜ਼ੀ ਮਾਰ ਲਈ ਹੈ ਅਤੇ ਸ: ਚਰਨਜੀਤ ਸਿੰਘ ਚੰਨੀ ਜੋ ਚਮਕੌਰ ਸਾਹਿਬ ਰਾਖਵੇਂ ਚੋਣ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਜਿਨ੍ਹਾਂ ਦਾ ਸਬੰਧ ਰਾਮਦਾਸੀਆ ਸਿੱਖ ਵਰਗ ਨਾਲ ਹੈ ਨੂੰ ਪੰਜਾਬ ਦਾ 17ਵਾਂ ਮੁੱਖ ਮੰਤਰੀ ਬਣਾ ਦਿੱਤਾ ਹੈ।

ਚਰਨਜੀਤ ਸਿੰਘ ਚੰਨੀ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਦੇ ਕੁਝ ਮਹੀਨੇ ਪੰਜਾਬ ਦੀ ਕਾਂਗਰਸ ਪਾਰਟੀ ਵਿਚ ਕਾਫੀ ਰਾਜਨੀਤਕ ਹਲਚਲ ਅਤੇ ਖਿੱਚੋਤਾਣੀ ਵਾਲੇ ਰਹੇ। ਇਸ ਕਰਕੇ ਨਾ ਕੇਵਲ ਪੰਜਾਬ ਕਾਂਗਰਸ ਪਾਰਟੀ ਬਲਕਿ ਦਿੱਲੀ ਵਿੱਚ ਬੈਠੀ ਕਾਂਗਰਸ ਦੀ ਕੇਂਦਰੀ ਆਲਾ ਕਮਾਨ ਵੀ ਕਾਫ਼ੀ ਫ਼ਿਕਰਮੰਦ ਸੀ ਅਤੇ ਪਾਰਟੀ ਦੇ ਪ੍ਰਮੁੱਖ ਨੇਤਾ ਦਿੱਲੀ ਤੇ ਚੰਡੀਗੜ੍ਹ ਦਰਮਿਆਨ ਲਗਾਤਾਰ ਆਉਦੇ ਜਾਂਦੇ ਰਹੇ । ਪੰਜਾਬ ਕਾਂਗਰਸ ਵਿੱਚ ਇਹ ਮਸਲਾ ਉਦੋਂ ਤੋ ਭਖਣਾ ਸ਼ੁਰੂ ਹੋਇਆ ਜਦੋਂ ਨਵਜੋਤ ਸਿੰਘ ਸਿੱਧੂ ਨੇ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਦੀ ਲਗਾਤਾਰ ਨਿੱਘਰਦੀ ਆਰਥਿਕ ਸਥਿਤੀ ਅਤੇ ਅਮਨ ਕਾਨੂੰਨ ਦੀ ਵਿਗੜਦੀ ਹਾਲਾਤਾਂ ਦੇ ਮੱਦੇਨਜ਼ਰ ਤਾਬੜਤੋੜ ਹਮਲੇ ਕਰਨੇ ਸ਼ੁਰੂ ਕੀਤੇ। ਤਕਰੀਬਨ ਇਸੇ ਹੀ ਸਮੇਂ ਸ: ਚਰਨਜੀਤ ਸਿੰਘ ਚੰਨੀ ਨੇ ਵੀ ਮੁੱਖ ਮੰਤਰੀ ਦੇ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਸੀ ਅਤੇ ਮੁੱਖ ਮੰਤਰੀ ਤੇ ਵਿਧਾਨਕਾਰਾਂ ਅਤੇ ਪਾਰਟੀ ਦੇ ਸੂਬਾਈ ਨੇਤਾਵਾਂ ਨੂੰ ਮਿਲਣ ਦਾ ਸਮਾਂ ਨਾ ਦੇਣ ਅਤੇ ਅਨੁਸੂਚਿਤ ਜਾਤੀਆਂ ਦੇ ਮਸਲਿਆਂ ਸਬੰਧੀ ਵਰਤੀ ਜਾ ਰਹੀ ਲਾਪਰਵਾਹੀ ਵਿਰੁੱਧ ਆਵਾਜ਼ ਉਠਾਉਣੀ ਸ਼ੁਰੂ ਕੀਤੀ। ਸ: ਚੰਨੀ ਨੇ ਇਨ੍ਹਾਂ ਮੁੱਦਿਆਂ ਤੇ ਨਾ ਕੇਵਲ ਆਪਣਾ ਰੋਸ ਹੀ ਬਰਕਾਰ ਰੱਖਿਆ ਬਲਕਿ ਇਹ ਵੀ ਯਕੀਨੀ ਬਣਾਇਆ ਕਿ ਉਨ੍ਹਾਂ ਦੀ ਗੱਲ ਬੇਲੋੜੇ ਵਿਵਾਦਾਂ ਵਿਚ ਰੁਲ ਕੇ ਨਾ ਰਹਿ ਜਾਵੇ । ਇਸ ਤਰ੍ਹਾਂ ਉਨ੍ਹਾਂ ਨੇ ਇਸ ਨਵੀਂ ਉੱਭਰ ਰਹੀ ਸਥਿਤੀ ਨੂੰ ਕਾਫ਼ੀ ਸੂਝ ਬੂਝ ਅਤੇ ਪੁਖਤਾ ਤਰੀਕੇ ਨਾਲ ਨਿਪਟਿਆ। ਸ ਚਰਨਜੀਤ ਸਿੰਘ ਚੰਨੀ ਨੇ ਇਸ ਦੌਰਾਨ ਆਪਣੇ ਵਿਚਾਰਕ ਤੇ ਰਾਜਨੀਤਿਕ ਵਿਰੋਧੀਆਂ ਨਾਲ ਵੀ ਤਾਲਮੇਲ ਰੱਖਣ ਦੀ ਆਪਣੀ ਯੋਗਤਾ ਦਾ ਚੰਗਾ ਮੁਜ਼ਾਹਰਾ ਕੀਤਾ ਅਤੇ ਇਸ ਦਾ ਉਸ ਨੂੰ ਮੁੱਖ ਮੰਤਰੀ ਬਣਨ ਤੋਂ ਕੁਝ ਸਮਾਂ ਪਹਿਲਾਂ ਬਣਦੇ ਸੰਗੀਨ ਰਾਜਨੀਤਿਕ ਹਾਲਾਤਾਂ ਦੌਰਾਨ ਬਹੁਤ ਫਾਇਦਾ ਵੀ ਹੋਇਆ। ਜਿਸ ਤਰ੍ਹਾਂ ਚਰਨਜੀਤ ਸਿੰਘ ਚੰਨੀ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਤੇ ਸੂਬੇ ਅਤੇ ਮੁਲਕ ਦੀ ਸਿਆਸਤ ਅਤੇ ਸਮਾਜ ਦੇ ਸਭ ਵਰਗਾਂ ਵੱਲੋਂ ਸਵਾਗਤ ਹੋਇਆ ਹੈ ਇਹ ਆਪਣੇ ਆਪ ਵਿੱਚ ਉਸ ਦੀ ਆਪਣੇ ਲੋਕਾਂ ਵਿੱਚ ਹਰਮਨ ਪਿਆਰਤਾ ਅਤੇ ਵਿਰੋਧੀਆਂ ਵਿੱਚ ਉਸ ਦੀ ਪ੍ਰਵਾਨਗੀ ਦਾ ਜਿਉਂਦਾ ਜਾਗਦਾ ਸਬੂਤ ਹੈ। ਭਾਵੇਂ ਕਈਆਂ ਨੇ ਉਸ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਪਿੱਛੇ ਪ੍ਰਮੁੱਖ ਵਜ੍ਹਾ ਉਸ ਦੇ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣ ਨੂੰ ਹੀ ਗਰਦਾਨਿਆ ਹੈ ਪਰ ਸੱਚਾਈ ਇਹ ਹੈ ਕਿ ਕਾਂਗਰਸ ਪਾਰਟੀ ਦੇ ਇਸ ਇਤਿਹਾਸਕ ਫੈਸਲੇ ਦੇ ਪਿੱਛੇ ਕੇਵਲ ਇਹੀ ਇੱਕ ਵਜ੍ਹਾ ਨਹੀਂ ਹੈ। ਸਮੇਂ ਦਾ ਸੱਚ ਇਸ ਤੋਂ ਕਿਤੇ ਗਹਿਰਾ ਹੈ।

ਭਾਵੇਂ ਗ਼ੈਰ ਅਨੁਸੂਚਿਤ ਜਾਤੀਆਂ ਦੇ ਲੋਕ ਇਹੀ ਸਮਝਦੇ ਹਨ ਕਿ ਅਨੁਸੂਚਿਤ ਜਾਤੀ ਜਾਂ ਕੁਝ ਸਮਾ ਪਹਿਲਾਂਅਛੂਤ ਕਹੇ ਜਾਣ ਵਾਲੇ ਇਹ ਲੋਕ ਇੱਕ ਹੀ ਵਰਗ ਹਨ ਪਰ ਅਸਲੀਅਤ ਇਹ ਹੈ ਕਿ ਇਹ ਤਕਰੀਬਨ 39 ਵੱਖ ਵੱਖ ਜਾਤਾਂ ਦੇ ਲੋਕ ਪੰਜਾਬ ਦੇ ਹਿੰਦੂ ਸਿੱਖ ਇਸਾਈ ਅਤੇ ਬੁੱਧ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਇਸ ਤੋਂ ਇਲਾਵਾ ਇਨ੍ਹਾਂ ਵਿੱਚੋਂ ਬਹੁਤਿਆਂ ਤੇ ਕਈ ਡੇਰਿਆਂ ਅਤੇ ਹੋਰ ਕਈ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦਾ ਗਹਿਰਾ ਪ੍ਰਭਾਵ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਆਮ ਲੋਕਾਂ ਦੀ ਨਜ਼ਰ ਵਿੱਚ ਇਨ੍ਹਾਂ ਦੀ ਸਮੁੱਚੀ ਅਨੁਸੂਚਿਤ ਜਾਤੀ ਵਜੋਂ ਪਹਿਚਾਣ ਦੇ ਵੱਡੇ ਦਾਇਰੇ ਦੇ ਅੰਦਰ ਹੀ ਕਈ ਹੋਰ ਛੋਟੇ ਛੋਟੇ ਜਾਤੀ ਆਧਾਰਿਤ ਦਾਇਰੇ ਵੀ ਹਨ। ਪਰ ਇਨ੍ਹਾਂ ਸਭ ਦੇ ਬਾਵਜੂਦ ਸ ਚਰਨਜੀਤ ਸਿੰਘ ਚੰਨੀ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਨਾਲ ਆਉਣ ਵਾਲੇ ਸਮੇਂ ਵਿੱਚ ਅਨੁਸੂਚਿਤ ਜਾਤੀ ਵਰਗ ਦੀ ਪਹਿਚਾਣ ਵਧੇਰੇ ਪ੍ਰਮੁੱਖਤਾ ਨਾਲ ਉਭਰੇਗੀ। ਕਾਂਗਰਸ ਪਾਰਟੀ ਵੱਲੋਂ ਉਸ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਨਾਲ, ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਫ਼ੀ ਤਾਦਾਦ ਵਿੱਚ ਅਨੁਸੂਚਿਤ ਜਾਤੀ ਵੋਟ ਕਾਂਗਰਸ ਪਾਰਟੀ ਵੱਲ ਝੁਕਣ ਦੇ ਚੰਗੇ ਆਸਾਰ ਹਨ ਕਿਉਂਕਿ ਚੰਨੀ ਦਾ ਪੰਜਾਬ ਦਾ ਪਹਿਲਾ ਦਲਿਤ ਮੁੱਖ ਮੰਤਰੀ ਬਣਨਾ ਇਨ੍ਹਾਂ ਸਾਰੇ ਸਦੀਆਂ ਤੋਂ ਦੁਤਕਾਰੇ ਅਤੇ ਦੱਬੇ ਕੁਚਲੇ ਲੋਕਾਂ ਦੇ ਨਜ਼ਰੀਏ ਤੋਂ ਆਪਣੇ ਆਪ ਵਿੱਚ ਇੱਕ ਯੁੱਗ ਪਰਿਵਰਤਨ ਦੀ ਸ਼ੁਰੂਆਤ ਤੋਂ ਹੋਣ ਵਾਲੀ ਸੰਤੁਸ਼ਟੀ ਵਜੋਂ ਦੇਖਿਆ ਜਾ ਰਿਹਾ ਹੈ।

ਚੰਨੀ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਪਿੱਛੇ ਭਾਵੇਂ ਉਸ ਦਾ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣ ਦਾ ਵੀ ਰੋਲ ਹੈ ਪਰ ਮੁੱਖ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਹੋਣ ਲਈ ਉਹ ਚੰਗੀ ਰਾਜਨੀਤਕ ਅਤੇ ਵਿੱਦਿਅਕ ਯੋਗਤਾ ਵੀ ਰੱਖਦਾ ਹੈ। ਆਪਣੇ ਰਾਜਨੀਤਕ ਜੀਵਨ ਦੇ ਸ਼ੁਰੂਆਤ ਵਿੱਚ ਉਹ ਲਗਾਤਾਰ ਤਿੰਨ ਵਾਰ ਖਰੜ ਨਗਰਪਾਲਿਕਾ ਦੇ ਕੌਂਸਲਰ ਵਜੋਂ ਚੋਣਾਂ ਜਿੱਤਦਾ ਰਿਹਾ । ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹ ਚਮਕੌਰ ਸਾਹਿਬ ਰਾਖਵੇਂ ਹਲਕੇ ਤੋਂ ਬਤੌਰ ਆਜ਼ਾਦ ਉਮੀਦਵਾਰ ਆਪਣੇ ਮੁਖਾਲਿਫ ਅਕਾਲੀ ਅਤੇ ਕਾਂਗਰਸੀ ਉਮੀਦਵਾਰਾਂ ਨੂੰ ਹਰਾ ਕੇ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦਾ ਮੈਂਬਰ ਬਣਿਆ । ਇਸ ਤੋਂ ਬਾਅਦ ਉਹ ਕਾਂਗਰਸ ਪਾਰਟੀ ਵਿਚ ਆ ਗਿਆ ਅਤੇ 2012 ਅਤੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਉਹ ਕਾਂਗਰਸ ਦੇ ਉਮੀਦਵਾਰ ਵਜੋਂ ਲਗਾਤਾਰ ਚੋਣ ਜਿੱਤਿਆ। ਇਹ ਉਸ ਦੀ ਆਪਣੇ ਇਲਾਕੇ ਦੇ ਲੋਕਾਂ ਦੀ ਸੇਵਾ ਅਤੇ ਵਧੀਆ ਸਬੰਧਾਂ ਦੀ ਇੱਕ ਮਿਸਾਲ ਹੈ। ਸਾਲ 2015 ਤੋਂ 2017 ਤਕ ਉਹ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਸੀ। ਸਾਲ 2017 ਵਿੱਚ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਬਣਨ ਵਾਲੀ ਪੰਜਾਬ ਸਰਕਾਰ ਵਿੱਚ ਉਹ ਤਕਨੀਕੀ ਸਿੱਖਿਆ ਵਿਭਾਗ ਦਾ ਕੈਬਨਿਟ ਮੰਤਰੀ ਬਣਾਇਆ ਗਿਆ । ਉਸ ਦੀ ਵਿੱਦਿਅਕ ਯੋਗਤਾ ਵੀ ਕਿਸੇ ਪੱਖੋਂ ਘੱਟ ਨਹੀਂ ਹੈ। ਉਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ.ਏ. ; ਐੱਲ. ਐੱਲ.ਬੀ. ਅਤੇ ਐੱਮ.ਬੀ.ਏ. ਦੀ ਉੱਚ ਵਿੱਦਿਆ ਹਾਸਿਲ ਕੀਤੀ ਹੋਈ ਹੈ। ਇਸ ਤੋਂ ਇਲਾਵਾ ਉਹ ਯੂਨੀਵਰਸਿਟੀ ਪੱਧਰ ਦਾ ਖਿਡਾਰੀ ਅਤੇ ਯੂਨੀਵਰਸਿਟੀ ਵਿਚ ਪ੍ਰਮੁੱਖ ਭੰਗੜਾ ਕਲਾਕਾਰ ਵੀ ਰਿਹਾ ਹੈ। ਇਸ ਤੋਂ ਇਲਾਵਾ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹੀ ਪੁਲੀਟੀਕਲ ਸਾਇੰਸ ਵਿਚ ਪੀਐੱਚ ਡੀ ਕਰ ਰਹੇ ਹਨ




ਉਨ੍ਹਾਂ ਦਾ ਖੋਜ ਦਾ ਕੰਮ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸਬੰਧਤ ਹੈ ਅਤੇ ਅਗਲੇ ਕੁੱਝ ਹੀ ਮਹੀਨਿਆਂ ਵਿੱਚ ਮੁਕੰਮਲ ਹੋਣ ਵਾਲਾ ਹੈ । ਉਸ ਦੀਆਂ ਇਹ ਸਭ ਪ੍ਰਾਪਤੀਆਂ ਉਸ ਦੇ ਪਰਿਵਾਰ ਦੀ ਅਤਿ ਦੀ ਆਰਥਿਕ ਗ਼ਰੀਬੀ ਦੇ ਬਾਵਜੂਦ ਉਸ ਦੀ ਸਖ਼ਤ ਮਿਹਨਤ ਦਾ ਨਤੀਜਾ ਹਨ। ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਸ ਨੇ ਭਾਵੁਕ ਹੁੰਦੇ ਹੋਏ ਨਮ ਅੱਖਾਂ ਨਾਲ ਯਾਦ ਕੀਤਾ ਕਿ ਕਿਵੇਂ ਉਹ ਆਪਣੀ ਮਾਂ ਨਾਲ ਜਾ ਕੇ ਪਿੰਡ ਦੇ ਛੱਪੜ ਵਿਚੋਂ ਗਾਰਾ ਲਿਆਉਣ ਵਿਚ ਮਦਦ ਕਰਦਾ ਸੀ ਤਾਂ ਜੋ ਆਪਣੇ ਕੱਚੇ ਘਰ ਦੀ ਮੁਰੰਮਤ ਅਤੇ ਲਿਪਾਈ ਕੀਤੀ ਜਾ ਸਕੇ । ਸ: ਚੰਨੀ ਦਾ ਸੁਭਾਅ ਕਾਫੀ ਮਿਲਣਸਾਰ ਹੈ ਅਤੇ ਆਮ ਲੋਕਾਂ ਵਿਚ ਬਹੁਤ ਹਰਮਨ ਪਿਆਰਾ ਹੈ । ਭਾਵੇਂ ਉਸ ਦੇ ਰਾਜਨੀਤਕ ਜੀਵਨ ਵਿੱਚ ਉਸ ਤੇ ਕੁਝ ਇਲਜ਼ਾਮ ਵੀ ਲੱਗੇ ਅਤੇ ਕੁਝ ਵਿਵਾਦ ਵੀ ਪੈਦਾ ਹੋਏ ਪਰ ਉਸਨੇ ਹਮੇਸ਼ਾਂ ਪਾਰਦਰਸ਼ਿਤਾ ਵਿੱਚ ਵਿਸ਼ਵਾਸ ਰੱਖਿਆ ਅਤੇ ਇਨ੍ਹਾਂ ਮਾਮਲਿਆਂ ਸਬੰਧੀ ਕਾਨੂੰਨੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

ਅੱਜ ਸ: ਚੰਨੀ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਨਾਲ ਭਾਵੇਂ ਅਨੁਸੂਚਿਤ ਜਾਤੀ ਸਿੱਖਾਂ ਦਾ ਪੰਜਾਬ ਦੇ ਰਾਜਨੀਤਕ ਬਿਆਨੀਏ ਵਿੱਚ ਪ੍ਰਮੁੱਖਤਾ ਨਾਲ ਜ਼ਿਕਰ ਹੋ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਬਹੁਤੇ ਲੋਕਾਂ ਨੂੰ ਪੰਜਾਬ ਦੀਆਂ ਕੁਝ ਸਮਾਜਿਕ ਹਕੀਕਤਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ। ਅਜਿਹੇ ਲੋਕ ਅਨੁਸੂਚਿਤ ਜਾਤੀ ਸਿੱਖ ਸ਼ਬਦ ਦੇ ਪ੍ਰਯੋਗ ਤੇ ਹੈਰਾਨੀ ਪ੍ਰਗਟਾਉਂਦੇ ਹਨ। ਉਧਰ ਇਹਨਾਂ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਿੱਖਾਂ ਨੂੰ ਵੀ ਹਮੇਸ਼ਾਂ ਇਹ ਮਲਾਲ ਰਿਹਾ ਹੈ ਕਿ ਉਨ੍ਹਾਂ ਦੇ ਨੀਵੇਂ ਸਮਾਜਿਕ ਰੁਤਬੇ ਕਾਰਨ ਹੀ ਪੰਜਾਬ ਵਿਚ, ਜੋ ਕਿ ਇੱਕੋ ਇੱਕ ਸਿੱਖ ਬਹੁਤਾਤ ਵਾਲਾ ਸੂਬਾ ਹੈ, ਵਿੱਚ ਉਹ ਹੁਣ ਤੱਕ ਰਾਜਨੀਤਕ ਸੱਤਾ ਦੇ ਹਾਸ਼ੀਏ ਤੇ ਹੀ ਰਹੇ ਹਨ। ਭਾਵੇਂ ਸਿੱਖ ਧਰਮ ਵਿੱਚ ਭਿੰਨ ਭਿੰਨ ਜਾਤਾਂ ਦੀ ਹੋਂਦ ਜਿਸ ਵਿੱਚ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਿੱਖ ਵੀ ਸ਼ਾਮਿਲ ਹਨ, ਕਾਫ਼ੀ ਅਖਰਦੀ ਹੈ ਕਿਉਂਕਿ ਇਸ ਧਰਮ ਦੀ ਬੁਨਿਆਦ ਹੀ ਇਕ ਅਜਿਹੇ ਜ਼ਾਤ-ਪਾਤ ਰਹਿਤ ਸਮਾਜ ਜਿਸ ਵਿੱਚ ਔਰਤਾਂ ਦਾ ਵੀ ਸਮਾਨਤਾ ਦਾ ਰੁਤਬਾ ਪ੍ਰਚਾਰਿਆ ਜਾਂਦਾ ਹੈ, ਦੇ ਆਧਾਰ ਤੇ ਰੱਖੀ ਗਈ ਸੀ । ਇਸ ਧਰਮ ਵਿੱਚ ਕਿਰਤ ਕਰੋ ਅਤੇ ਵੰਡ ਛਕੋ ਦੀ ਗੱਲ ਕੀਤੀ ਗਈ ਹੈ, ਸਾਂਝੀਵਾਲਤਾ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਇਸ ਦੇ ਨਾਲ ਨਾਲ ਇਕ ਨਿਰਾਕਾਰ ਪ੍ਰਮਾਤਮਾ ਦੇ ਨਾਮ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ । ਇਸ ਧਰਮ ਦੇ ਅਜਿਹੇ ਮਨੁੱਖਵਾਦੀ ਵਿਚਾਰਾਂ ਅਨੁਸਾਰ ਰੋਜ਼ਮੱਰਾ ਦਾ ਜੀਵਨ ਜਿਊਣ ਦੇ ਉਪਰਾਲੇ ਕਾਰਨ ਹੀ ਬਾਬਾ ਨਾਨਕ ਦੇ ਸਮੇਂ (1469 ਤੋਂ 1539 ਈ: ਪੂ:) ਤੋਂ ਹੀ ਬਹੁਤ ਸਾਰੇ ਲੋਕ ਇਸ ਧਰਮ ਦੇ ਪੈਰੋਕਾਰ ਬਣੇ ਇਨ੍ਹਾਂ ਵਿਚ ਬਹੁਤਾਤ ਹਿੰਦੂ ਸਮਾਜ ਦੇ ਉਨ੍ਹਾਂ ਵਰਗਾਂ ਦੇ ਲੋਕਾਂ ਦੀ ਹੈ ਜੋ ਸਦੀਆਂ ਤੋਂ ਜਾਤੀ ਪ੍ਰਥਾ ਕਾਰਨ ਭਾਰਤੀ ਸਮਾਜ ਦੀ ਮੁੱਖ ਧਾਰਾ ਦੇ ਦਾਇਰੇ ਤੋਂ ਬਾਹਰ ਰਹੇ ਅਤੇ ਸਦੀਆਂ ਤਕ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਰਹੇ ਸਨ। ਸਿਧਾਂਤਿਕ ਰੂਪ ਵਿਚ ਸਿੱਖ ਧਰਮ ਕਿਸੇ ਕਿਸਮ ਦੇ ਸਮਾਜਿਕ ਭੇਦਭਾਵ ਅਤੇ ਜਾਤ ਪਾਤ ਨੂੰ ਨਹੀਂ ਮੰਨਦਾ। ਇਸੇ ਕਾਰਨ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਲੋਕ ਵੱਡੀ ਗਿਣਤੀ ਵਿਚ ਇਸ ਧਰਮ ਦੇ ਪੈਰੋਕਾਰ ਬਣੇ ਅਤੇ ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਨੂੰ ਏਥੇ ਸਮਾਜਿਕ ਸਮਾਨਤਾ ਅਤੇ ਹੋਰ ਬਣਦਾ ਮਾਣ ਇੱਜ਼ਤ ਮਿਲੇਗਾ । ਪਰ ਸਦੀਆਂ ਤੋਂ ਚਲਦੇ ਆ ਰਹੇ ਇਸ ਜ਼ਾਤ ਪਾਤ ਦੇ ਕੋਹੜ ਦਾ ਗਲਬਾ ਇੰਨੀ ਛੇਤੀ ਪਿੱਛਾ ਨਹੀਂ ਸੀ ਛੱਡਣ ਵਾਲਾ ਅਤੇ ਸਿੱਖ ਧਰਮ ਅਪਨਾਉਣ ਤੋਂ ਬਾਅਦ ਵੀ ਸਮਾਜਿਕ ਤ੍ਰਿਸਕਾਰ ਨੇ ਇਨ੍ਹਾਂ ਦਾ ਪਿੱਛਾ ਨਾ ਛੱਡਿਆ। ਕਈ ਕਾਰਨਾਂ ਕਰਕੇ ਸਿੱਖ ਧਰਮ ਦਾ ਫ਼ਲਸਫ਼ਾ ਸਾਂਝੀਵਾਲਤਾ ਦੇ ਸਿਧਾਂਤ ਤੇ ਆਧਾਰਿਤ ਹੋਣ ਦੇ ਬਾਵਜੂਦ ਸਿੱਖ ਸਮਾਜ ਜ਼ਾਤ ਪਾਤ ਦੇ ਪ੍ਰਭਾਵ ਤੋਂ ਹਾਲੇ ਤੱਕ ਵੀ ਪੂਰੀ ਤਰ੍ਹਾਂ ਉੱਭਰ ਨਹੀਂ ਸਕਿਆ ਹੈ। 1881 ਅਤੇ 1931 ਦੀ ਜਨਗਣਨਾ ਦੌਰਾਨ ਸਿੱਖ ਸਮਾਜ ਵਿੱਚ ਕਈ ਜ਼ਾਤ ਬਿਰਾਦਰੀਆਂ ਦੀ ਹੋਂਦ ਦਰਜ ਕੀਤੀ ਗਈ । ਇਨ੍ਹਾਂ ਵਿੱਚ ਅਰੋੜਾ, ਆਹਲੂਵਾਲੀਆ,ਬੱਤਰਾ, ਜੱਟ,ਝਿਉਰ, ਖੱਤਰੀ, ਕੰਬੋਅ,ਲੁਬਾਣਾ, ਲੁਹਾਰ, ਮਹਾਤਮ, ਮਜ਼੍ਹਬੀ, ਨਾਈ, ਰਾਮਗੜ੍ਹੀਆ, ਰਾਮਦਾਸੀਆ ਰੰਗਰੇਟਾ ਅਤੇ ਸੈਣੀ ਆਦਿ ਦਰਜ ਕੀਤੇ ਗਏ। ਇਨ੍ਹਾਂ ਵਿਚੋਂ 11 ਤਾਂ ਪ੍ਰਮੁੱਖ ਜਾਤੀਆਂ ਹਨ ; ਜੱਟ ਅਤੇ ਕੰਬੋਅ (ਖੇਤੀਬਾੜੀ) ਖੱਤਰੀ ਅਤੇ ਅਰੋੜਾ (ਵਪਾਰ) ਤਰਖਾਣ ਲੁਹਾਰ ਨਾਈ ਅਤੇ ਛੀਂਬਾ (ਕਾਰੀਗਰ) ਕਲਾਲ (ਸ਼ਰਾਬ ਬਣਾਉਣ ਅਤੇ ਵੇਚਣ ਵਾਲੇ) ਅਤੇ ਚਮਾਰ ਅਤੇ ਚੂੜਾ (ਅਨੁਸੂਚਿਤ ਜਾਤੀ )। ਆਖ਼ਰੀ ਦੋ ਜਾਤਾਂ ਸਿੱਖ ਧਰਮ ਵਿਚ ਸ਼ਾਮਿਲ ਹੋਣ ਤੋਂ ਬਾਅਦ ਨਵੇਂ ਨਾਮ ਨਾਲ ਜਾਣੀਆਂ ਜਾਣ ਲੱਗੀਆਂ। ਇਨ੍ਹਾਂ ਵਿੱਚੋਂ ਜੁਲਾਹੇ, ਅਤੇ ਚਮੜੇ ਦਾ ਕੰਮ ਕਰਨ ਵਾਲੇ ਰਵਿਦਾਸੀਆ ਅਤੇ ਰਾਮਦਾਸੀਆ ਕਹਾਏ ਅਤੇ ਸਫ਼ਾਈ ਦਾ ਕੰਮ ਕਰਨ ਵਾਲਿਆਂ ਨੂੰ ਮਜ਼੍ਹਬੀ ਅਤੇ ਰੰਗਰੇਟਾ ਕਿਹਾ ਗਿਆ। ਕੁਝ ਹੋਰ ਅਨੁਸੂਚਿਤ ਜਾਤੀਆਂ ਦੇ ਸਿੱਖ ਰਾਏ ਸਿੱਖ, ਅਤੇ ਸੈਂਸੀ ਦੇ ਨਾਮ ਨਾਲ ਜਾਣੇ ਗਏ। ਇਸ ਤਰ੍ਹਾਂ ਰਾਮਦਾਸੀਆ,ਰਵਿਦਾਸੀਆ, ਮਜ਼੍ਹਬੀ, ਰੰਗਰੇਟਾ, ਰਾਏਸਿੱਖ, ਅਤੇ ਸੈਂਸੀ ਸਿੱਖ ਸਮਾਜ ਵਿੱਚ ਸਭ ਤੋਂ ਹੇਠਲੇ ਪੱਧਰ ਤੇ ਗਿਣੇ ਜਾਂਦੇ ਹਨ। ਜਦੋਂ ਕਿ ਜੱਟ ਖੱਤਰੀ ਅਤੇ ਅਰੋੜਾ ਸਿੱਖ ਸਿੱਖ ਸਮਾਜ ਵਿਚ ਮੋਹਰੀ ਜਾਤਾਂ ਵਜੋਂ ਗਿਣੀਆਂ ਜਾਂਦੀਆਂ ਹਨ। ਅਨੁਸੂਚਿਤ ਜਾਤੀ ਵਾਲੇ ਸਿੱਖਾਂ ਦਾ ਰੁਤਬਾ ਸਿੱਖ ਸਮਾਜ ਵਿੱਚ ਰਾਮਗੜ੍ਹੀਆ ਅਤੇ ਆਹਲੂਵਾਲੀਆ ਜਾਤੀਆਂ ਤੋਂ ਵੀ ਨੀਵਾਂ ਹੈ। ਇਸ ਤਰ੍ਹਾਂ ਸਿੱਖ ਧਰਮ ਵਿੱਚ ਪਰਿਵਰਤਿਤ ਹੋਣ ਤੋਂ ਬਾਅਦ ਵੀ ਇਨ੍ਹਾਂ ਦਾ ਸਮਾਜਿਕ ਦਰਜਾ ਅਤੇ ਦੁਖਾਂਤ ਹਿੰਦੂ ਧਰਮ ਵਾਲਾ ਹੀ ਰਿਹਾ । ਪਰ ਇਹ ਵੀ ਸੱਚ ਹੈ ਕਿ ਇਨ੍ਹਾਂ ਨੇ ਖ਼ੁਦ ਵੀ ਸਿੱਖ ਧਰਮ ਦੇ ਸਾਂਝੀਵਾਲਤਾ ਅਤੇ ਸਮਾਨਤਾ ਦੇ ਨਿਯਮਾਂ ਨੂੰ ਅੱਖੋਂ ਪਰੋਖੇ ਕੀਤਾ ਅਤੇ ਖ਼ੁਦ ਆਪ ਵੀ ਕਈ ਵੱਖ ਵੱਖ ਜ਼ਾਤ ਬਿਰਾਦਰੀਆਂ ਵਿਚ ਵੰਡੇ ਰਹੇ ਹਨ। ਇਨ੍ਹਾਂ ਵਿੱਚ ਵਿਆਹ ਸ਼ਾਦੀਆਂ ਆਪਣੀ ਜ਼ਾਤ ਬਿਰਾਦਰੀ ਵਿਚ ਹੀ ਕੀਤੀਆਂ ਜਾਂਦੀਆਂ ਹਨ। ਰਵੀਦਾਸੀਆ ਅਤੇ ਰਾਮਦਾਸੀਆ ਸਿੱਖ ਆਪਣੇ ਆਪ ਨੂੰ ਮਜ਼੍ਹਬੀ ਅਤੇ ਰੰਘਰੇਟੇ ਸਿੱਖਾਂ ਨਾਲੋਂ ਉੱਪਰ ਸਮਝਦੇ ਹਨ ਭਾਵੇਂ ਰਵਿਦਾਸੀਆ ਅਤੇ ਰਾਮਦਾਸੀਆ ਸਿੱਖਾਂ ਦਾ ਪਿਛੋਕੜ ਚਮਾਰ ਸਮਾਜ ਤੋਂ ਹੀ ਹੈ ਪਰ ਉਹ ਆਪਣੇ ਆਪ ਨੂੰ ਇਸ ਤੋਂ ਉੱਪਰਲੇ ਦਰਜੇ ਦਾ ਗਿਣਦੇ ਹਨ। ਸੈਂਸੀ ਅਤੇ ਚਮਾਰ ਜ਼ਾਤ ਨੂੰ ਮਜ਼੍ਹਬੀ ਸਿੱਖਾਂ ਤੋਂ ਵੀ ਹੇਠਾਂ ਮੰਨਿਆ ਜਾਂਦਾ ਹੈ। ਪਰ ਸੱਚ ਤਾਂ ਇਹ ਹੈ ਕਿ ਗ਼ੈਰ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ ਨਜ਼ਰ ਵਿਚ ਅਨੁਸੂਚਿਤ ਜਾਤੀ ਸਿੱਖਾਂ ਵਿਚਲੀ ਇਹ ਅੰਦਰੂਨੀ ਜ਼ਾਤ ਬਿਰਾਦਰੀ ਦੀ ਦਰਜਾਬੰਦੀ ਕੋਈ ਮਾਅਨੇ ਨਹੀਂ ਰੱਖਦੀ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਰਵਿਦਾਸੀਏ, ਰਾਮਦਾਸੀਏ, ਸੈਂਸੀ, ਚਮਾਰ, ਰੰਗਰੇਟੇ, ਜਾਂ ਮਜ਼੍ਹਬੀ ਸਭ ਸਮਾਨ ਹਨ ਅਤੇ ਸਮਾਜ ਦੇ ਸਭ ਤੋਂ ਹੇਠਲੇ ਦਰਜੇ ਦੇ ਹਨ।

ਪੰਜਾਬ ਦੀ ਖੇਤੀ ਯੋਗ ਜ਼ਮੀਨ ਵਿੱਚ ਦਲਿਤਾਂ ਦਾ ਸਭ ਤੋਂ ਘੱਟ ਹਿੱਸਾ ਹੈ ਭਾਵੇਂ ਉਨ੍ਹਾਂ ਦੀ ਪੰਜਾਬ ਵਿੱਚ ਤਾਦਾਦ ਕਾਫ਼ੀ ਜ਼ਿਆਦਾ ਹੈ, ਲਗਪਗ ਇਕ ਤਿਹਾਈ, ਪਰ ਉਨ੍ਹਾਂ ਵਿੱਚੋਂ ਖੇਤੀਬਾੜੀ ਦੇ ਧੰਦੇ ਨਾਲ ਸਬੰਧਿਤ ਲੋਕਾਂ ਕੋਲ ਪੰਜਾਬ ਵੀ ਕੇਵਲ ਪੰਜ ਫ਼ੀਸਦੀ ਹੀ ਖੇਤੀਯੋਗ ਭੂਮੀ ਹੈ। ਕੋਈ ਹੈਰਾਨੀ ਨਹੀਂ ਹੈ ਕਿ ਇਸੇ ਕਾਰਨ ਪੰਜਾਬ ਵਿਧਾਨ ਸਭਾ ਵਿੱਚ ਉਨ੍ਹਾਂ ਦੀ ਮੌਜੂਦਗੀ ਕੋਈ ਕੋਈ ਵਧੇਰੇ ਮਹੱਤਵਪੂਰਨ ਜਾਂ ਅਸਰਦਾਇਕ ਸਾਬਤ ਨਹੀਂ ਹੋ ਸਕੀ। ਭਾਵੇਂ ਕਾਨੂੰਨੀ ਤੌਰ ਤੇ ਪੰਜਾਬ ਦੀ ਵਿਧਾਨ ਸਭਾ ਦੇ ਕੁੱਲ 117 ਹਲਕਿਆਂ ਵਿੱਚੋਂ 34 ਹਲਕੇ ਇਨ੍ਹਾਂ ਲਈ ਰਾਖਵੇਂ ਹਨ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਹਲਕਿਆਂ ਤੋਂ ਚੁਣ ਕੇ ਆਉਣ ਵਾਲੇ ਦਲਿਤ ਲੋਕ ਆਪਣੀ ਆਪਣੀ ਰਾਜਨੀਤਕ ਪਾਰਟੀ ਦੇ ਪ੍ਰੋਗਰਾਮਾਂ ਮੁਤਾਬਿਕ ਹੀ ਚਲਦੇ ਹਨ । ਇਸੇ ਹੀ ਕਾਰਨ ਉਨ੍ਹਾਂ ਦੀ ਕਾਫ਼ੀ ਤਾਦਾਦ ਚੁਣ ਕੇ ਆਉਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਅਕਸਰ ਬਹੁਤੇ ਮਹੱਤਵਪੂਰਨ ਮੰਤਰੀ ਪਦ ਜਾਂ ਅਫ਼ਸਰਸ਼ਾਹੀ ਦੀਆਂ ਮਹੱਤਵ ਪੂਰਣ ਨਿਯੁਕਤੀਆਂ ਨਹੀਂ ਮਿਲਦੀਆਂ ਰਹੀਆਂ। ਪਰ ਇਹ ਵੀ ਸੱਚ ਹੈ ਕਿ ਪੰਜਾਬ ਦੇ ਦਲਿਤਾਂ ਨੇ ਕਦੇ ਵੀ ਆਪਣੇ ਅਖੌਤੀ ਨੀਵੇਂ ਦਰਜੇ ਨਾਲ ਸਮਝੌਤਾ ਨਹੀਂ ਕੀਤਾ। ਇਕ ਪਾਸੇ ਸਿੱਖ ਧਰਮ ਦੇ ਸਾਂਝੀਵਾਲਤਾ, ਸਮਾਨਤਾ ਅਤੇ ਨਿਰਾਕਾਰ ਪਰਮਾਤਮਾ ਦੀ ਭਗਤੀ ਦੇ ਸਿਧਾਂਤ ਅਤੇ ਦੂਸਰੇ ਪਾਸੇ ਆਦਿ-ਧਰਮ, ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਅਤੇ ਬਾਬੂ ਕਾਂਸ਼ੀ ਰਾਮ ਦੁਆਰਾ ਚਲਾਈ ਗਈ ਬਹੁਜਨ ਲਹਿਰ ਸਦਕਾ ਉਨ੍ਹਾਂ ਨੇ ਆਪਣੇ ਲੋਕਾਂ ਵਿੱਚ ਸਮਾਜਿਕ ਅਤੇ ਰਾਜਨੀਤਕ ਚੇਤਨਾ ਜਗਾਉਣ ਅਤੇ ਦਲਿਤਾਂ ਦੇ ਸਸ਼ਕਤੀਕਰਨ ਅਤੇ ਤਰੱਕੀ ਵਾਸਤੇ ਲਗਾਤਾਰ ਸੰਘਰਸ਼ ਕੀਤਾ।

ਨਿਸ਼ਚੇ ਹੀ ਸ: ਚਰਨਜੀਤ ਸਿੰਘ ਚੰਨੀ ਦਾ ਪੰਜਾਬ ਦਾ ਮੁੱਖ ਮੰਤਰੀ ਬਣਨਾ ਅਨੁਸੂਚਿਤ ਜਾਤੀ ਸਮਾਜ ਤੇ ਸਸ਼ਕਤੀਕਰਨ ਦੇ ਇਕ ਨਵੇਂ ਯੁੱਗ ਦੀ ਆਮਦ ਵੱਲ ਇਸ਼ਾਰਾ ਕਰਦਾ ਹੈ। ਭਾਵੇਂ ਕਈ ਵਿਰੋਧੀ ਰਾਜਨੀਤਿਕ ਹਲਕਿਆਂ ਵਿਚ ਚੰਨੀ ਦੇ ਮੁੱਖ ਮੰਤਰੀ ਬਣਨ ਨੂੰ ਮਹਿਜ਼ ਇਕ ਅਜਿਹੀ ਪ੍ਰਤੀਕਾਤਮਕ ਕਾਰਵਾਈ ਵਜੋਂ ਹੀ ਦੇਖਿਆ ਜਾ ਰਿਹਾ ਹੈ ਜਿਹੜੀ ਕਿਸੇ ਬਾਕਾਇਦਾ ਯੋਜਨਾਬੱਧ ਤਰੀਕੇ ਦੀ ਬਜਾਏ ਕਿਸੇ ਵਕਤੀ ਮਜ਼ਬੂਰੀ ਤਹਿਤ ਕੀਤੀ ਗਈ ਹੋਵੇ । ਪਰ ਇਸ ਤਰਾਂ ਅਜਿਹੇ ਲੋਕ ਪੰਜਾਬ ਦੀ ਰਾਜਨੀਤੀ ਵਿੱਚ ਇਸ ਮੁਸ਼ਕਿਲ ਸਮੇਂ ਹੋ ਰਹੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਢੁੱਕਵੀਂ ਇਤਿਹਾਸਕ ਤਬਦੀਲੀ ਨੂੰ ਅੱਖੋਂ ਪਰੋਖੇ ਕਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਰਾਜ ਸਰਕਾਰ ਨੂੰ ਆਪਣੇ ਪੂਰੇ ਨਾ ਕੀਤੇ ਗਏ ਚੋਣ ਵਾਅਦਿਆਂ ਕਾਰਨ ਰਾਜਨੀਤਕ ਸੰਕਟ ਦਾ ਸਾਹਮਣਾ ਕਰਨਾ ਪਿਆ ਅਤੇ ਇਹ ਵੀ ਸੱਚ ਹੈ ਕਿ ਪੰਜਾਬ ਦੇ ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਤੋਂ ਚੰਗੀ ਸਰਕਾਰ ਬਣਾਉਣ ਸਬੰਧੀ ਉੱਠਿਆ ਹੋਇਆ ਭਰੋਸਾ ਹਾਲੇ ਤੱਕ ਬਹਾਲ ਨਹੀਂ ਹੋਇਆ। ਅਜਿਹੇ ਸਮੇਂ ਹੁਣ ਨਵੇਂ ਸਿਰੇ ਤੋਂ ਇਕ ਲੋਕ ਪੱਖੀ ਸਰਕਾਰ ਦੇ ਗਠਨ ਦੀ ਆਸ ਬੱਝਦੀ ਹੋਈ ਨਜ਼ਰ ਆਉਂਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਕਾਰਨਾਂ ਕਰਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਪਤਨ ਹੋਇਆ ਉਨ੍ਹਾਂ ਦਾ ਹੱਲ ਅਜੇ ਹੋਣਾ ਬਾਕੀ ਹੈ ਪਰ ਸ ਚਰਨਜੀਤ ਸਿੰਘ ਚੰਨੀ ਤੋਂ ਉਮੀਦ ਹੈ ਕਿ ਉਸ ਦੀ ਅਗਵਾਈ ਵਾਲੀ ਸਰਕਾਰ ਵਾਸਤਵਿਕਤਾ ਵਿਚ ਕੰਮ ਕਰਦੀ ਹੋਈ ਨਜ਼ਰ ਆਵੇਗੀ ਅਤੇ ਲੋਕਾਂ ਦੇ ਗੰਭੀਰ ਹੁੰਦੇ ਜਾ ਰਹੇ ਮਸਲਿਆਂ ਦਾ ਕੁਝ ਹੱਦ ਤੱਕ ਕੋਈ ਹੱਲ ਜ਼ਰੂਰ ਦੇਵੇਗੀ। ਸ: ਚੰਨੀ ਦੇ ਸਾਹਮਣੇ ਬਹੁਤ ਵੱਢੀਆਂ ਚੁਣੌਤੀਆਂ ਹਨ ਅਤੇ ਉਸ ਨੂੰ ਬਹੁਤ ਹੀ ਸੀਮਿਤ ਸਮੇਂ ਵਿੱਚ ਨਾ ਕੇਵਲ ਆਮ ਲੋਕਾਂ ਦੇ ਸ਼ਿਕਵੇ-ਸ਼ਿਕਾਇਤਾਂ ਹੀ ਦੂਰ ਕਰਨੇ ਪੈਣਗੇ ਬਲਕਿ ਆਪਣੀ ਪਾਰਟੀ ਵਿਚਲੀ ਬੇਕਾਬੂ ਹੁੰਦੀ ਜਾਪਦੀ ਧੜੇਬੰਦੀ ਨੂੰ ਵੀ ਕਾਬੂ ਵਿੱਚ ਲਿਆਉਣਾ ਪਵੇਗਾ।

ਜ਼ਾਹਿਰ ਹੈ ਕਿ ਸ: ਚੰਨੀ ਲਈ ਜਿੱਥੇ ਇਹ ਆਪਣੇ ਲਈ ਇੱਕ ਵੱਡੀ ਪ੍ਰਾਪਤੀ ਹੈ, ਓਥੇ ,ਨਾਲ ਹੀ ਨਾਲ ਇੱਕ ਬਹੁਤ ਵੱਡੀ ਚੁਣੌਤੀ ਦਾ ਵੀ ਸਮਾਂ ਹੈ। ਪਰ ਇੱਕ ਗੱਲ ਬਹੁਤ ਸਪਸ਼ਟ ਹੈ: ਕੈਪਟਨ ਅਮਰਿੰਦਰ ਸਿੰਘ ਤੋਂ ਤਾਂ ਨਾ ਕੇਵਲ ਆਮ ਜਨਤਾ ਬਲਕਿ ਵਿਧਾਨ ਸਭਾ ਅਤੇ ਸੰਸਦ ਦੇ ਮੈਂਬਰਾਂ ਨੂੰ ਵੀ ਇਹ ਸ਼ਿਕਾਇਤ ਰਹਿੰਦੀ ਸੀ ਕਿ ਉਹ ਮਿਲਣ ਲਈ ਸਮਾਂ ਨਹੀਂ ਦਿੰਦਾ ਪਰ ਹੁਣ ਘੱਟੋ ਘੱਟ ਸ ਚਰਨਜੀਤ ਸਿੰਘ ਚੰਨੀ ਦੇ ਸਮੇਂ ਅਜਿਹਾ ਤਾਂ ਨਹੀਂ ਹੋਵੇਗਾ। ਉਮੀਦ ਹੈ ਕੇ ਸ: ਚਰਨਜੀਤ ਸਿੰਘ ਚੰਨੀ ਦੀ ਰਹਿਨੁਮਾਈ ਵਿੱਚ ਪੰਜਾਬ ਇੱਕ ਬੇਹਤਰ ਭਵਿੱਖ ਵੱਲ ਦੇ ਰਾਹ ਤੇ ਪੈ ਜਾਵੇਗਾ।



**Prof. P S Bhogal**
ਇਸ ਲੇਖ ਦੇ ਪੰਜਾਬੀ ਅਨੁਵਾਦਕ

# ਮੁੱਖ ਮੰਤਰੀ ਪੰਜਾਬ ਸ. ਚਰਨਜੀਤ ਸਿੰਘ ਚੰਨੀ - ਇੱਕ ਸਮੀਖਿਆ



ਜਗਦੀਸ਼ ਰਾਏ
91-98557-22733

ਭਾਰਤ ਦੇਸ਼ ਦੀ ਸਭ ਤੋਂ ਵੱਡੀ ਤ੍ਰਾਸਦੀ ਇੱਥੇ ਦਾ ਭਰਿਸ਼ਟ ਹੋ ਚੁੱਕਾ ਰਾਜਨੀਤਕ ਢਾਂਚਾ ਹੀ ਹੈ। ਬਾਕੀ ਸਾਰੇ ਪੱਖ ਇਸ ਤੋਂ ਥੱਲੇ ਹੀ ਹਨ। ਦੇਸ਼ ਹਿੱਤ ਅਤੇ ਸਾਫ ਸੁਥਰੀ ਦਿੱਖ ਵਾਲੇ ਰਾਜਨੇਤਾ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ। ਬਾਕੀ ਰਾਜਨੀਤਕ ਪਾਰਟੀਆਂ ਦੀ ਗੱਲ ਨਾ ਕਰਦੇ ਹੋਏ ਪੰਜਾਬ ਵਿੱਚ ਮੁੱਖ ਮੰਤਰੀ ਦੀ ਚੋਣ ਕਰਦੇ ਸਮੇਂ ਹੋਇਆ ਇਤਿਹਾਸਕ ਬਦਲ ਕਾਂਗਰਸ ਪਾਰਟੀ ਦੀ ਕਾਰਗੁਜਾਰੀ ਵਲ ਧਿਆਨ ਕੇਂਦਰਤ ਕਰਦਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਬਾਰ ਬਾਰ ਕਹਿਣਾ ਕਿ ਉਸਨੂੰ ਜਲੀਲ ਕੀਤਾ ਗਿਆ ਹੈ, ਬਿਲਕੁਲ ਸੱਚ ਹੈ। ਪਰ ਉਸ ਦਾ ਇਹ ਬਾਰ ਬਾਰ ਕਹਿਣਾ ਸ਼ਾਇਦ ਉਸ ਦੀ ਰਾਜਨੀਤਕ ਸੂਝ ਦੀ ਕਮਜ਼ੋਰੀ ਦਿਖਾਉਂਦਾ ਹੈ। ਇਸ ਵਿੱਚ ਵੀ ਕੋਈ ਦੂਜੀ ਰਾਇ ਨਹੀਂ ਕਿ ਉਹ ਵਿਸ਼ੇਸ਼ ਤੌਰ ਤੇ ਦੂਜੀ ਟਰਮ ਵਿੱਚ ਇੱਕ ਅਸਫਲ ਮੁੱਖ ਮੰਤਰੀ ਸਾਬਿਤ ਹੋਇਆ ਹੈ। ਪਰ ਇਸ ਸਮੇਂ ਜਦ ਕਿ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਬਹੁਤ ਘੱਟ ਸਮਾਂ ਰਹਿ ਗਿਆ ਹੈ ਅਜਿਹੇ ਵਿੱਚ ਉਸਨੂੰ ਮੱਖਣ ਵਿੱਚੋਂ ਬਾਲ ਦੀ ਤਰਾਂ ਬਾਹਰ ਕੱਢ ਦੇਣਾ ਕੋਈ ਵਧੀਆ ਗਲ ਨਹੀਂ ਹੋਈ। ਇੱਥੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਕਾਂਗਰਸ ਹਾਈ ਕਮਾਂਡ ਆਪਣੀਆਂ ਚਲ ਰਹੀਆਂ ਸਰਕਾਰਾਂ ਤੇ ਪੈਨੀ ਦ੍ਰਿਸ਼ਟੀ ਨਾ ਰੱਖਦੇ ਹੋਏ ਕਾਟੋ ਕਲੇਸ਼ ਵਿੱਚ ਹੀ ਫਸੀ ਹੋਈ ਹੈ। ਪੰਜਾਬ ਵਿੱਚ ਆ ਰਹੇ ਨਿਘਾਰ ਵਲ ਬਹੁਤ ਪਹਿਲਾਂ ਤੋਂ ਹੀ ਧਿਆਨ ਦੇਣ ਦੀ ਲੋੜ ਸੀ।ਬਹੁਤ ਪਹਿਲਾਂ ਹੀ ਅਮਰਿੰਦਰ ਸਿੰਘ ਨੂੰ ਹਾਈ ਕਮਾਂਡ ਵਲੋਂ ਸੁਚੇਤ ਕਰ ਦੇਣਾ ਚਾਹੀਦਾ ਸੀ। ਰਜਵਾੜਾਸ਼ਾਹੀ ਸੋਚ ਵਿੱਚ ਪਰਿਵਰਤਨ ਨਾ ਦੇਖਦੇ ਹੋਏ ਉਸ ਨੂੰ ਬਹੁਤ ਸਮਾਂ ਪਹਿਲਾਂ ਹੀ ਸੱਤਾ ਤੋਂ ਬਾਹਰ ਕਰ ਦੇਣਾ ਚਾਹੀਦਾ ਸੀ। ਇਸ ਸਮੇਂ ਜਦ ਸਰਕਾਰ ਡੈਲਟਾ ਵਲ ਜਾ ਰਹੀ ਹੈ, ਅਮਰਿੰਦਰ ਸਿੰਘ ਦਾ ਕੱਢਿਆ ਜਾਣਾ ਉਸ ਦੀ ਸਿਆਸੀ ਮੌਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕੁਝ ਸਮਾਂ ਪਹਿਲਾਂ ਪੰਜਾਬ ਦਾ ਕਾਂਗਰਸ ਪ੍ਰਧਾਨ ਬਦਲਿਆ ਗਿਆ ਜੋ ਕਿ ਬਹੁਤ ਹੀ ਦੁਖਦਾਈ ਘਟਨਾ ਹੋ ਨਿੱਬੜਿਆ। ਅਗਰ ਸੁਨੀਲ ਜਾਖੜ ਆਪਣੀ ਕਾਰਜ ਸ਼ੈਲੀ ਉੱਤੇ ਠੀਕ ਨਹੀਂ ਉੱਤਰ ਰਿਹਾ ਸੀ ਤਾਂ ਪਹਿਲਾਂ ਉਸਨੂੰ ਨੋਟਿਸ ਦਿੱਤੇ ਜਾਣੇ ਚਾਹੀਦੇ ਸਨ । ਨਿੱਜੀ ਤੌਰ ਤੇ ਉਹ ਵਧੀਆ ਦਿੱਖ ਦਾ ਮਾਲਕ ਹੈ।ਇਹ ਉਸਦੀ ਰਾਜਨੀਤਕ ਸੂਝਬੂਝ ਹੈ ਕਿ ਉਸ ਨੇ ਵਧੀਆ ਧੀਰਜ ਬਣਾਈ ਰੱਖੀ। ਕਹਿਣ ਸੁਣਨ ਵਿੱਚ ਆਉਂਦਾ ਹੈ ਕਿ ਨਵਜੋਤ ਸਿੰਘ ਸਿੱਧੂ ਬਹੁਤ ਤੇਜ਼-ਤਰਾਰ ਹੈ। ਵਧੀਆ ਬੁਲਾਰਾ ਅਤੇ ਵਿਅੰਗਕਾਰ ਹੈ। ਵਧੀਆਂ ਖਿਲਾੜੀ ਰਿਹਾ ਹੈ। ਪਰ ਉਹ ਤਾਂ ਭਾਰਤੀ ਜਨਤਾ ਪਾਰਟੀ ਦੀ ਉਪਜ ਸੀ। ਉਹ ਕਿਹੜੇ ਕਾਰਣ ਹਨ ਜਿਹਨਾਂ ਕਰਕੇ ਇਹ ਸਾਂਝ ਟੁੱਟ ਗਈ। ਕਾਂਗਰਸ ਨੇ ਕਿਸ ਮੈਰਿਟ ਦੇ ਅਧਾਰ ਤੇ ਉਸ ਨੂੰ ਸਵੀਕਾਰ ਕੀਤਾ। ਪੰਜਾਬ ਦਾ ਕਾਂਗਰਸ ਪ੍ਰਧਾਨ ਬਣਾਉਣਾ ਵੀ ਹਾਈ ਕਮਾਂਡ ਵਲੋਂ ਜਲਦਬਾਜ਼ੀ ਵਿੱਚ ਲਿਆ ਗਿਆ ਫੈਸਲਾ ਲੱਗਦਾ ਹੈ।ਕਈ ਵਾਰ ਅਜਿਹਾ ਵੀ ਲਗਦਾ ਹੈ ਕਿ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਉਸ ਤੋਂ ਭਾਵਨਾਤਮਕ ਤੌਰ ਤੇ ਪ੍ਰਭਾਵਿਤ ਹੋ ਜਾਂਦੇ ਹਨ। ਪਰ ਲੀਡਰਸ਼ਿਪ ਨੂੰ ਬਹੁਤ ਹੀ ਦੂਰਦ੍ਰਿਸ਼ਟਾ ਹੋਣ ਦੀ ਲੋੜ ਹੁੰਦੀ ਹੈ। ਪਾਰਟੀਆਂ ਨੂੰ ਲੋਕ ਤੰਤਰਿਕ ਕਦਰਾਂ ਕੀਮਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਰ ਇਹ ਗੱਲ ਤਾਂ ਛਿੱਕੇ ਤੇ ਟੰਗੀ ਜਾਪਦੀ ਹੈ।






20 ਸਤੰਬਰ 2021 ਪੰਜਾਬ ਲਈ ਇੱਕ ਇਤਿਹਾਸਕ ਦਿਨ ਹੋ ਨਿੱਬੜਿਆ ਜਿਸ ਦਿਨ ਪਹਿਲੀ ਵਾਰ ਅਨੁਸੂਚਿਤ ਜਾਤੀ ਨਾਲ ਸੰਬੰਧਤ ਚਰਨਜੀਤ ਸਿੰਘ ਚੰਨੀ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ। ਭਾਰਤ ਦੇਸ਼ ਵਿੱਚ ਜਾਤ ਪੈਰਣਾਲੀ ਇੰਨੀ ਭਾਰੂ ਹੈ ਕਿ ਅਗਰ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਚੋਣਾਂ ਤੋਂ ਪਹਿਲਾਂ ਕਿਸੇ ਅਨੁਸੂਚਿਤ ਜਾਤੀ ਦੇ ਵਿਅਕਤੀ ਨੂੰ ਮੁੱਖ ਮੰਤਰੀ ਵਜੋਂ ਉਤਾਰਨਾ ਪੈ ਜਾਵੇ ਤਾਂ ਉਹ ਅੱਕ ਚੱਬਣ ਦੇ ਬਰਾਬਰ ਹੋਵੇਗਾ। ਇਸ ਵਾਰ ਵੀ ਅਖਰੀ ਸਮੇਂ ਤੱਕ ਅਜਿਹਾ ਹੀ ਹੋ ਰਿਹਾ ਸੀ। ਚਰਨਜੀਤ ਸਿੰਘ ਚੰਨੀ ਦਾ ਨਾਂ ਲਿਸਟ ਵਿੱਚ ਕਿਤੇ ਨਾ ਹੁੰਦਾ ਹੋਇਆ ਵੀ ਅਖੀਰ ਵਿੱਚ ਪਹਿਲਾ ਨਾਂ ਬਣ ਕੇ ਸਾਹਮਣੇ ਆ ਗਿਆ। ਬਹੁਤ ਸਾਰੇ ਪਾਸਿਆਂ ਤੋਂ ਇਸ ਨੂੰ ਹੈਰਾਨੀ ਨਾਲ ਦੇਖਿਆ ਜਾ ਰਿਹਾ ਹੈ। ਪਰ ਹੈਰਾਨੀ ਵਾਲੀ ਕਿਹੜੀ ਗੱਲ ਹੈ। ਅਜਿਹਾ ਤਾਂ ਹੋਇਆ ਨਹੀਂ ਕਿ ਕੇਵਲ ਅਨੁਸੂਚਿਤ ਜਾਤੀ ਦੇ ਵਿਧਾਇਕਾਂ ਵਿੱਚੋਂ ਹੀ ਚੋਣ ਹੋਣੀ ਸੀ। ਜਿਹਨਾਂ ਵਿੱਚ ਉਸਦੀ ਮੈਰਿਟ ਵਧੀਆ ਸੀ। ਇਹ ਚੋਣ ਤਾਂ ਕਾਂਗਰਸ ਦੇ ਸਾਰੇ ਵਿਧਾਇਕਾਂ ਵਿੱਚੋਂ ਕੀਤੀ ਜਾਣੀ ਸੀ। ਪੰਜਾਬ ਕਾਂਗਰਸ ਅਤੇ ਰਾਸ਼ਟਰੀ ਕਾਂਗਰਸ ਦੇ ਮੁਲੰਕਣ ਵਿੱਚ ਉਹ ਮੈਰਿਟ ਵਿੱਚ ਪਹਿਲਾ ਸਥਾਨ ਲੈ ਗਿਆ ਅਤੇ ਮੁੱਖ ਮੰਤਰੀ ਬਣ ਗਿਆ। ਪਰ ਬੜੇ ਦੁੱਖ ਦੀ ਗੱਲ ਹੈ ਕਿ ਰਾਜਨੀਤੀ ਵਿੱਚ ਵਿਅਕਤੀ ਦੀ ਯੋਗਤਾ ਅਤੇ ਸੀਨੀਆਰਤਾ ਨਹੀਂ ਦੇਖੀ ਜਾਂਦੀ ਬਲਕਿ ਇਹ ਦੇਖਿਆ ਜਾਂਦਾ ਹੈ ਕਿ ਇਹ ਵਿਅਕਤੀ ਕਿੰਨੀ ਵੱਡੀ ਵੋਟ ਸੰਖਿਆ ਨੂੰ ਪ੍ਰਭਾਵਿਤ ਕਰਦਾ ਹੈ।

ਜਿੱਥੋਂ ਤੱਕ ਵਰਤਮਾਨ ਮੁੱਖ ਮੰਤਰੀ ਦਾ ਸੰਬੰਧ ਹੈ ਉਹ ਯੂਨੀਵਰਸਟੀ ਪੱਧਰ ਤੱਕ ਪੜਿਆ ਲਿਖਿਆ, ਵਧੀਆ ਖਿਡਾਰੀ, ਖੇਡਾਂ ਵਿੱਚ ਗੋਲਡ ਮੈਡਲਿਸਟ, ਵਕੀਲ, ਛੋਟੀ ਇਕਾਈ ਤੋਂ ਰਾਜਨੀਤੀ ਨਾਲ ਜੁੜਿਆ ਹੋਇਆ ਆਪਣੀ ਯੋਗਤਾ ਨਾਲ ਕੈਬਨਿਟ ਮੰਤਰੀ ਤੱਕ ਪਹੁੰਚਣ ਵਿੱਚ ਸਫਲ ਹੋਇਆ ਇਨਸਾਨ ਹੈ।ਵਾਰ ਵਾਰ ਦਲਿਤ ਸ਼ਬਦ ਦਾ ਪ੍ਰਯੋਗ ਕਰਕੇ ਸ਼ਾਇਦ ਕਿਸੇ ਨੂੰ ਮਾਨਸਿਕ ਤੌਰ ਤੇ ਕਮਜ਼ੋਰ ਕਰਨਾ ਹੀ ਹੁੰਦਾ ਹੈ। ਭਾਰਤੀ ਸੰਵਿਧਾਨ ਅਨੁਸਾਰ ਉਹ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦਾ ਹੈ। ਬਸ ਇੰਨਾ ਹੀ ਕਾਫੀ ਹੈ। ਕਈ ਵਾਰੀ ਬੜੇ ਸਿਆਣੇ ਰਾਜਨੀਤਕ ਵਿਅਕਤੀ ਵੀ ਜਾਣੇ ਅਣਜਾਣੇ ਵਿੱਚ ਬੋਲ ਚਾਲ ਵਿੱਚ ਗਲਤੀ ਕਰ ਜਾਂਦੇ ਹਨ। ਜਦ ਕਿ ਉਨ੍ਹਾਂ ਦੀ ਨੀਅਤ ਤੇ ਸ਼ੱਕ ਨਹੀਂ ਕੀਤੀ ਜਾ ਸਕਦੀ। ਹਰੀਸ਼ ਰਾਵਤ ਦਾ ਇਹ ਕਹਿਣਾ ਕਿ ਅਗਲੀਆਂ ਚੋਣਾਂ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਿੱਚ ਹੀ ਲੜੀਆਂ ਜਾਣਗੀਆਂ। ਜੋ ਕਿ ਸੱਚ ਹੈ। ਪਰ ਪੂਰੀ ਗੱਲ ਸਪਸ਼ਟ ਨਹੀਂ ਕੀਤੀ ਜਾ ਸਕੀ। ਹਰ ਪਾਰਟੀ ਵਿੱਚ ਪਾਰਟੀ ਪ੍ਰਧਾਨ ਅਤੇ ਮੁੱਖ ਮੰਤਰੀ ਦੋ ਅਲਗ-ਅਲਗ ਅਹੁਦੇ ਹਨ। ਨਵਜੋਤ ਸਿੰਘ ਸਿੱਧੂ ਜੋ ਕਿ ਕਾਂਗਰਸ ਦੇ ਪਾਰਟੀ ਪ੍ਰਧਾਨ ਹਨ, ਉਨ੍ਹਾਂ ਦੀ ਅਗਵਾਈ ਵਿੱਚ ਹੀ ਚੋਣ ਲੜੀ ਜਾਏਗੀ। ਪਰ ਕਾਂਗਰਸ ਵਲੋਂ ਐਲਾਨੇ ਜਾਣ ਮੁੱਖ ਮੰਤਰੀ ਦੇ ਚਿਹਰੇ ਵਜੋਂ ਲੋਕਾਂ ਨੇ ਹੁਣ ਚਰਨਜੀਤ ਸਿੰਘ ਚੰਨੀ ਅੰਦਰੀਆਂ ਯੋਗਤਾਵਾਂ ਨੂੰ ਘੋਖਣਾ ਸ਼ੁਰੂ ਕਰ ਦੇਣਾ ਹੈ। ਇੱਕ ਮਹਿਲਾ ਆਈ ਏ ਐਸ ਅਧਿਕਾਰੀ ਵਲੋਂ ਕੀਤੀ ਗਈ ਸ਼ਿਕਾਇਤ ਇੱਕ ਵੱਡਾ ਪੈਰਸ਼ਨ ਚਿੰਨ ਹੈ। ਇਹ ਗੰਭੀਰਤਾ ਨਾਲ ਸੋਚਣ ਅਤੇ ਆਪਣੇ ਆਪ ਨੂੰ ਸੁਧਾਰਨ ਦਾ ਸਮਾਂ ਹੈ। ਕਮਜੋਰ ਵਰਗਾਂ, ਲੋੜਵੰਦਾਂ ਅਤੇ ਔਰਤਾਂ ਵਿੱਚ ਇਮਾਨਦਾਰੀ ਨਾਲ ਵਿਸ਼ਵਾਸ ਬਣਾਉਣ ਨਾਲ ਇੱਕ ਸਥਾਪਤ ਵਿਅਕਤੀਤਵ ਬਣਦਾ ਹੈ। ਅਗਰ ਉਹ ਮਿਲੇ ਥੋੜੇ ਜਿਹੇ ਸਮੇਂ ਵਿੱਚ ਵਧੀਆ ਰਾਜ ਦੇਣ ਵਿੱਚ ਸਫਲ ਹੋ ਜਾਂਦਾ ਹੈ ਤਾਂ ਕਾਂਗਰਸ ਨੂੰ ਇਸ ਚਿਹਰੇ ਨੂੰ ਬਦਲ ਦੇਣਾ ਮਹਿੰਗਾ ਪੈ ਸਕਦਾ ਹੈ। ਹਰੀਸ਼ ਰਾਵਤ ਦੇ ਬਿਆਨ ਤੇ ਪੈਰਤੀ ਕਿਰਆ ਦਿੰਦਿਆਂ ਸੁਨੀਲ ਜਾਖੜ ਦਾ ਇਹ ਕਹਿਣਾ ਕਿ ਅਜਿਹੇ ਬਿਆਨ ਮੁੱਖ ਮੰਤਰੀ ਨੂੰ ਕਮਜ਼ੋਰ ਕਰ ਸਕਦੇ ਹਨ, ਬਿਲਕੁਲ ਤਰਕਸੰਗਤ ਹਨ।

ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਲਈ ਜਿੱਥੇ ਇਹ ਰੁੱਤਵਾ ਬਹੁਤ ਖੁਸ਼ੀ ਦੇਣ ਵਾਲਾ ਹੈ, ਉੱਥੇ ਇਹ ਸਮਾਂ ਬਹੁਤ ਹੀ ਸੰਘਰਸ਼, ਚੈਲੰਜ, ਸਹੀ ਦਿਸ਼ਾ ਵਿੱਚ ਕੀਤੀ ਜਾਣ ਵਾਲੀ ਸਖਤ ਮਿਹਨਤ, ਤੇਜ਼ ਚਾਲ, ਦੂਰ ਅੰਦੇਸ਼ੀ, ਧੀਰਜ, ਨਿਰਪੱਖ ਸੋਚ ਬਣਾਈ ਰੱਖਣ ਦਾ ਹੈ। ਕਿਸੇ ਵਿਸ਼ੇਸ਼ ਜਾਤੀ ਅਤੇ ਧਰਮ ਦਾ ਮੋਹ ਭੰਗ ਕਰਦੇ ਹੋਏ ਆਮ ਲੋਕਾਂ ਦੀ ਲੋੜ ਪੂਰਤੀ ਵੱਲ ਧਿਆਨ ਦੇਣਾ ਪਵੇਗਾ।ਚੋਣ ਮੈਨੀਫੈਸਟੋ ਵਿੱਚ ਪਾਰਟੀ ਵਲੋਂ ਕੀਤੇ ਵਾਇਦੇ ਪੂਰੇ ਕਰਨ ਲਈ ਯਤਨਸ਼ੀਲ ਹੋਣ ਦੀ ਲੋੜ ਹੈ।ਇਹ ਸਭ ਨੂੰ ਪਤਾ ਹੈ ਕਿ ਸਮੇਂ ਦੀ ਘਾਟ ਕਾਰਣ ਸਭ ਕੁੱਝ ਨਹੀਂ ਹੋ ਸਕਦਾ। ਪਰ ਇਮਾਨਦਾਰੀ ਨਾਲ ਕੀਤੇ ਗਏ ਯਤਨ ਉਸਦੀ ਵਧੀਆ ਪਛਾਣ ਬਨਣਗੇ। ਅਫਸਰਸ਼ਾਹੀ ਤੇ ਕਾਬੂ ਰੱਖਣਾ, ਉਸਨੂੰ ਸੰਵਿਧਾਨਕ ਮਰਯਾਦਾ ਅਨੁਸਾਰ ਨਿਰਦੇਸ਼ ਦੇਣਾ, ਹੁਕਮ ਅਦੂਲੀ ਲਈ ਸਖਤ ਤਾੜਨਾ ਅਤੇ ਤੁਰੰਤ ਬਣਦੀ ਸਜ਼ਾ, ਲੋਕਾਂ ਨਾਲ ਜਮੀਨੀ ਪੱਧਰ ਤੇ ਰਾਬਤਾ ਬਣਾਈ ਰੱਖਣਾ ਮੁੱਖ ਮੰਤਰੀ ਦੀ ਕੁਰਸੀ ਨਾਲ ਇਨਸਾਫ ਹੋਵੇਗਾ। ਹਰ ਕੰਮ ਦੀ ਸਫਲਤਾ ਲਈ ਚੰਗੇ ਅਤੇ ਸੂਝਵਾਨ ਸਲਾਹਕਾਰਾਂ ਦੀ ਲੋੜ ਹੁੰਦੀ ਹੈ ਜਦ ਕਿ ਖੁਸ਼ਾਮਦੀ ਲੋਕ ਆਪਣਾ ਉੱਲੂ ਸਿੱਧਾ ਕਰਨ ਲਈ ਕੋਈ ਮੌਕਾ ਹੱਥੋਂ ਜਾਣ ਨਹੀਂ ਦਿੰਦੇ। ਕਾਂਗਰਸ ਵਲੋਂ ਬਣਾਏ ਗਏ ਮੁੱਖ ਮੰਤਰੀ ਨਾਲ ਪੰਜਾਬ ਦੀਆਂ ਦੂਜੀਆਂ ਰਾਜਨੀਤਕ ਪਾਰਟੀਆਂ ਦੀ ਰਾਜਨੀਤਕ ਜੰਗ ਸਖਤ ਹੋ ਜਾਵੇਗੀ। ਇਹ ਯਕੀਨੀ ਹੈ।

# ਕਿਸਾਨੀ ਅੰਦੋਲਨ, ਸਰਕਾਰ ਅਤੇ ਬਰਾਬਰ ਸੰਵਿਧਾਨਕ ਹੱਕ

**ਜਗਦੀਸ਼ ਰਾਏ**

ਲੰਬੇ ਸਮੇਂ ਤੋਂ ਪੂਰੇ ਭਾਰਤ ਦੇਸ਼ ਵਿੱਚ ਕਿਸਾਨੀ ਅੰਦੋਲਨ ਚੱਲ ਰਿਹਾ ਹੈ। ਮਸਲਾ ਗੁੰਝਲਦਾਰ ਬਣਿਆ ਹੋਇਆ ਹੈ। ਸਰਕਾਰ ਦੀ ਅੜੀ ਅਤੇ ਕਿਸਾਨਾਂ ਦਾ ਜੋਸ਼ ਟਸ ਤੋਂ ਮਸ ਨਹੀਂ ਹੋ ਰਹੇ। ਮੁੱਖ ਕਿੱਤਾ ਕਿਸਾਨੀ ਵਾਲੇ ਪ੍ਰਦੇਸ਼ ਇਸ ਅੰਦੋਲਨ ਕਾਰਣ ਹਰ ਪੱਖੋਂ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋਏ ਹਨ। ਇਸ ਸਮੱਸਿਆ ਨੂੰ ਭਾਰਤ ਸਰਕਾਰ ਨੂੰ ਬਹੁਤ ਹੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ। ਦੂਜੇ ਪਾਸੇ ਕਿਸਾਨ ਆਗੂਆਂ ਦੀ ਵੀ ਬਹੁਤ ਵੱਡੀ ਜ਼ਿੰਮੇਦਾਰੀ ਬਣ ਜਾਂਦੀ ਹੈ, ਕਿਉਂਕਿ ਲੰਬਾ ਸਮਾਂ ਚੱਲਣ ਵਾਲੇ ਸੰਘਰਸ਼ ਉਕਤਾਊ ਬਣ ਜਾਂਦੇ ਹਨ। ਇਸ ਤੋਂ ਵੀ ਵੱਡੀ ਸਮੱਸਿਆ ਸੰਘਰਸ਼ ਵਿੱਚ ਦੇਸ਼ ਦੀ ਏਕਤਾ ਅਖੰਡਤਾ ਅਤੇ ਸ਼ਾਂਤੀ ਨੂੰ ਭੰਗ ਕਰਨ ਵਾਲੇ ਲੋਕਾਂ ਦਾ ਦਾਖਲਾ ਰੋਕਿਆ ਨਹੀਂ ਜਾ ਸਕਦਾ। ਜਿੱਥੇ ਆਮ ਕਿਸਾਨ ਦੀ ਖੱਜਲ ਖੁਆਰੀ ਹੋ ਰਹੀ ਹੈ ਉੱਥੇ ਕਿਸਾਨ ਆਗੂ ਪੂਰੇ ਮਾਨਸਿਕ ਦਬਾਓ ਵਿੱਚ ਚਲ ਰਹੇ ਹਨ ਕਿਉਂਕਿ ਉਦੇਸ਼ ਦੀ ਪੂਰਤੀ ਲਈ ਸਮੇਂ ਸਿਰ ਅਤੇ ਉਚਿੱਤ ਫੈਸਲੇ ਲੈਣੇ ਕੋਈ ਖਾਲਾ ਜੀ ਦਾ ਘਰ ਨਹੀਂ ਹੁੰਦਾ। ਰਸਤੇ ਤੋਂ ਭੜਕਾਉਣ ਵਾਲਿਆਂ ਤੋਂ ਸੰਭਲ ਕੇ ਰਹਿਣਾ ਦੂਰ ਅੰਦੇਸ਼ੀ ਅਤੇ ਧੀਰਜ ਦੀ ਮੰਗ ਕਰਦੇ ਹਨ। ਕਈ ਵਾਰ ਲੀਡਰ ਵੀ ਨਿੱਜੀ ਫਾਇਦਿਆਂ ਲਈ ਅੰਦਰ ਖਾਤੇ ਸਰਕਾਰ ਦੇ ਭਾਈਵਾਲ ਬਣ ਜਾਂਦੇ ਹਨ ਅਤੇ ਭੋਲੀ ਭਾਲੀ ਜਨਤਾ ਦਾ ਸ਼ੋਸ਼ਣ ਅਤੇ ਘਾਣ ਕਰ ਦਿੱਤਾ ਜਾਂਦਾ ਹੈ।

ਭਾਵੇਂ ਦੁਨੀਆਂ ਭਰ ਵਿੱਚ ਇਹ ਭਖਵਾਂ ਵਿਸ਼ਾ ਬਣਿਆ ਹੋਇਆ ਹੈ ਅਤੇ ਜ਼ਿਆਦਾ ਵਿਆਖਿਆ ਦੀ ਮੰਗ ਨਹੀਂ ਕਰਦਾ, ਫਿਰ ਵੀ ਲੜੀ ਜੋੜਨ ਲਈ ਇਸ ਦੀ ਪਿੱਠ ਭੂਮੀ ਵਿੱਚ ਜਾਣਾ ਜਰੂਰੀ ਹੈ। ਇਹ ਖੇਤੀ ਕਾਨੂੰਨ ਜੂਨ 2020 ਦੇ ਪਹਿਲੇ ਹਫਤੇ ਆਰਡੀਨੈਂਸ ਦੇ ਰੂਪ ਵਿੱਚ ਸਾਹਮਣੇ ਆਏ।17 ਸਿਤੰਬਰ 2020 ਨੂੰ ਇਸ ਆਰਡੀਨੈਂਸ ਨੂੰ ਕਾਨੂੰਨੀ ਰੂਪ ਦੇਣ ਲਈ ਲੋਕ ਸਭਾ ਵਿੱਚ ਪਾਸ ਕਰਵਾਇਆ ਗਿਆ ਅਤੇ 20 ਸਿਤੰਬਰ 2020 ਨੂੰ ਰਾਜ ਸਭਾ ਵਿੱਚ ਪਾਸ ਕਰਵਾ ਲਿਆ ਜਾਦਾ ਹੈ। 27 ਸਿਤੰਬਰ 2020 ਨੂੰ ਰਾਸ਼ਟਰਪਤੀ ਤੋਂ ਹਸਤਾਖਰ ਕਰਵਾ ਕੇ ਇਹ ਕਾਨੂੰਨ ਉਨ੍ਹਾਂ ਲੋਕਾਂ ਤੇ ਥੋਪ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਕਦੇ ਅਜਿਹੀ ਮੰਗ ਹੀ ਨਹੀਂ ਕੀਤੀ। ਉਸ ਸਮੇਂ ਪੂਰਾ ਦੇਸ਼ ਕੋਵਿਡ ਮਹਾਂਮਾਰੀ ਦਾ ਸਾਹਮਣਾ ਕਰ ਰਿਹਾ ਸੀ। ਅਜਿਹੇ ਕਿਹੜੇ ਗੰਭੀਰ ਹਾਲਾਤ ਸਨ ਜਿਨ੍ਹਾਂ ਕਰਕੇ ਇਹ ਆਰਡੀਨੈਂਸ ਲਿਆਉਣਾ ਪਿਆ। ਦੇਸ਼ ਦੇ ਹਾਲਾਤ ਠੀਕ ਹੋ ਜਾਣ ਬਾਦ ਇਨ੍ਹਾਂ ਨੂੰ ਕਾਨੂੰਨ ਬਣਾਉਣ ਦੀ ਸਹੀ ਪ੍ਰਕਿਰਿਆ ਰਾਹੀਂ ਪਾਸ ਕਰਵਾਇਆ ਜਾ ਸਕਦਾ ਸੀ। ਖੇਤੀਬਾੜੀ ਤੇ ਕਾਨੂੰਨ ਬਣਾਉਣਾ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਪਰ ਕੇਂਦਰ ਸਰਕਾਰ ਇਸ ਵਿੱਚ ਬਹੁਤ ਹੀ ਉਤਸਕ ਬਣੀ ਹੋਈ ਹੈ। ਕਿਹਾ ਇਹ ਜਾ ਰਿਹਾ ਹੈ ਕਿ ਇਨ੍ਹਾ ਨਾਲ ਕਿਸਾਨਾਂ ਦੀ ਆਰਥਿਕਤਾ ਮਜਬੂਤ ਹੋ ਜਾਵੇਗੀ। ਪਰ ਉਸ ਸਮੇਂ ਤੋਂ ਹੀ ਸੰਘਰਸ਼ ਜਾਰੀ ਹੈ।ਇਹ ਕਾਨੂੰਨ ਹਨ: 1.ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹੂਲਤ) ਐਕਟ 2020. ਇਸ ਦੀ ਧਾਰਾ 15 ਅਨੁਸਾਰ "ਕਿਸੇ ਵੀ ਦਿਵਾਨੀ ਅਦਾਲਤ ਕੋਲ ਅਜਿਹੇ ਕਿਸੇ ਵੀ ਮਾਮਲੇ ਦੇ ਸੰਬੰਧ ਵਿਚ ਕੋਈ ਵੀ ਦਾਵਾ ਜਾਂ ਅਰਜੀ ਦਾਖਲ ਕਰਨ ਦਾ ਕੋਈ ਅਧਿਕਾਰ ਖੇਤਰ ਨਹੀਂ ਹੋਵੇਗਾ ਜੋ ਇਸ ਕਾਨੂੰਨ ਅਧੀਨ ਜਾਂ ਇਸ ਦੇ ਨੇਮਾਂ ਤਹਿਤ ਅਧਿਕਾਰਤ ਕਿਸੇ ਅਥਾਰਟੀ ਦੇ ਧਿਆਨ ਵਿੱਚ ਲਿਆਂਦਾ ਜਾ ਸਕਦਾ ਜਾਂ ਨਿਬੇੜਿਆ ਜਾ ਸਕਦਾ ਹੈ "।2. ਕਿਸਾਨ ( ਸਸ਼ਕਤੀਕਰਣ ਤੇ ਸੁਰੱਖਿਆ) ਮੁੱਲ ਭਰੋਸਗੀ ਅਤੇ ਖੇਤੀ ਸੇਵਾਵਾਂ ਸਮਝੌਤਾ ਐਕਟ 2020. ਇਸ ਵਿੱਚ ਪੀੜਤ ਕੇਵਲ ਐਸ ਡੀ ਐਮ ਤੱਕ ਹੀ ਪਹੁੰਚ ਕਰ ਸਕਦਾ ਹੈ। ਇਨਸਾਫ ਦਾ ਕੋਈ ਭਰੋਸਾ ਨਹੀਂ। 3. ਜ਼ਰੂਰੀ ਵਸਤਾਂ (ਸੋਧ) ਐਕਟ 2020. ਇਸ ਵਿੱਚ ਸਰਮਾਏਦਾਰ ਨੂੰ ਜਮ੍ਹਾਂਖੋਰੀ ਦੀ ਪੂਰੀ ਖੁੱਲ ਹੈ। ਕਿਸਾਨ ਅਤੇ ਉਪਭੋਗਤਾ ਦਾ ਪੂਰਾ ਸੋਸ਼ਣ ਹੁੰਦਾ ਦਿਖਾਈ ਦਿੰਦਾ ਹੈ। ਘੱਟੋ-ਘੱਟ ਸਮਰਥਨ ਮੁੱਲ ਦਾ ਰੇੜਕਾ ਜਾਰੀ ਹੈ। ਅਗਰ ਘੱਟੋ-ਘੱਟ ਸਮਰਥਨ ਮੁੱਲ ਯਕੀਨੀ&; ਹੋ ਵੀ ਜਾਏ ਤਾਂ ਵੀ ਸਮੱਸਿਆ ਦਾ ਹਲ ਦਿਖਾਈ ਨਹੀਂ ਦਿੰਦਾ। ਅਗਰ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਤੇ ਆਪਣੀ ਫਸਲ ਵੇਚਣ ਲੈ ਜਾਵੇ ਤਾਂ ਗੋਦਾਮ ਵਿੱਚ ਥਾਂ ਨਾਂ ਹੋਣ ਦੇ ਬਹਾਨੇ ਬੇਰੰਗ ਵਾਪਸੀ ਅਤੇ ਮਜਬੂਰਨ ਘੱਟ ਕੀਮਤ ਤੇ ਬਾਹਰ ਵਿਉਪਾਰੀ ਕੋਲ ਸੋਸ਼ਣ।ਸੁਪਰੀਮ ਕੋਰਟ ਨੇ 12 ਜਨਵਰੀ 2021 ਨੂੰ ਇਨ੍ਹਾਂ ਕਾਨੂੰਨਾਂ ਤੇ ਰੋਕ ਲਗਾ ਦਿੱਤੀ ਹੈ ਅਤੇ ਮੁੜ ਵਿਚਾਰਨ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ ਹੈ। ਪਰ ਕਿਸਾਨਾਂ ਵਿੱਚ ਕੋਈ ਵਿਸ਼ਵਾਸ ਨਹੀਂ ਬਣ ਸਕਿਆ ਹੈ।ਸਰਕਾਰ ਦਾ ਇਹ ਕਹਿਣਾ ਕਿ ਕਾਨੂੰਨ ਰੱਦ ਕਰਨ ਦੀ ਕੀਮਤ ਤੇ ਕੋਈ ਗੱਲ ਨਹੀਂ, ਕੇਵਲ ਸੋਧ ਹੋ ਸਕਦੀ ਹੈ, ਮਹੌਲ ਵਿੱਚ ਅਸਥਿਰਤਾ ਬਨਣ ਦਾ ਕਾਰਣ ਹੈ।



ਇਨ੍ਹਾਂ ਖੇਤੀ ਕਾਨੂੰਨਾ ਵਿੱਚੋਂ ਕਿਸਾਨਾਂ ਨੂੰ ਜੋ ਸਪਸ਼ਟ ਲੱਗਦਾ ਹੈ ਕਿ ਹੌਲੀ ਹੌਲੀ ਜੀਮੀਂਦਾਰ ਦਾ ਵਿਸ਼ੇਸ਼ ਤੌਰ ਤੇ ਛੋਟੇ ਕਿਸਾਨ ਦਾ ਗਲਾ ਘੁੱਟਿਆ ਜਾਣਾ ਹੈ ਅਤੇ ਜਮੀਨ ਦੀ ਮਾਲਕੀ ਤੋਂ ਹੱਥ ਧੋਣੇ ਪੈਣੇ ਹਨ। ਇਹ ਉਸਦਾ ਕਿੱਤਾ ਹੈ। ਉਹ ਬੇਰੁਜਗਾਰ ਵੀ ਹੋ ਜਾਵੇਗਾ ਅਤੇ ਉਸਦਾ ਸਵੈਮਾਣ ਵੀ ਨਸ਼ਟ ਹੋ ਜਾਵੇਗਾ। ਇਸ ਲਈ ਉਸਨੂੰ ਆਪਣੇ ਅਧਿਕਾਰਾਂ ਦੀ ਰਾਖੀ ਲਈ ਸੰਵਿਧਾਨਿਕ ਦਾਇਰੇ ਵਿੱਚ ਰਹਿੰਦੇ ਹੋਏ ਸੰਘਰਸ਼ ਕਰਨ ਦਾ ਅਧਿਕਾਰ ਹੈ। ਪਰ ਉਸ ਸਮੇਂ ਲੋਕਤੰਤਰ ਦਾ ਗਲਾ ਘੁੱਟਿਆ ਗਿਆ ਜਦੋਂ ਹਰਿਆਣਾ ਸਰਕਾਰ ਨੇ ਸ਼ਾਂਤਮਈ ਲੋਕਾਂ ਤੇ ਤਸ਼ੱਦਤ ਕੀਤਾ। ਇਸ ਨਾਲ ਭਾਰਤੀ ਲੋਕਤੰਤਰ ਦੀ ਵਿਦੇਸ਼ਾਂ ਵਿੱਚ ਵੀ ਕਿਰਕਿਰੀ ਹੋਈ ਹੈ। ਅਗਰ ਇਹ ਲੋਕ ਸ਼ੁਰੂ ਤੋਂ ਹੀ ਹਿੰਸਕ ਰਸਤਾ ਅਖਤਿਆਰ ਕਰਦੇ ਤਾਂ ਸਰਕਾਰਾਂ ਦੀ ਸਖਤੀ ਨੂੰ ਵੀ ਮਾਨਤਾ ਮਿਲ ਜਾਣੀ ਸੀ। ਬਹੁਤ ਸਾਰੇ ਸਧਾਰਣ ਖਾਸ ਕਰਕੇ ਵਡੇਰੀ ਉਮਰ ਦੇ ਲੋਕ ਜੀਵਨ ਤੋਂ ਹੱਥ ਧੋ ਬੈਠੇ ਹਨ। ਇਨ੍ਹਾਂ ਘਟਨਾਵਾਂ ਨਾਲ ਸੱਭ ਦਾ ਮਨ ਦੁਖੀ ਹੋਇਆ ਹੈ। ਇੱਕ ਸੰਤ ਮਹਾਂਪੁਰਸ਼ ਆਤਮ-ਹੱਤਿਆ ਵੀ ਕਰ ਚੁੱਕੇ ਹਨ ਇਸ ਤੋਂ ਬਿਨਾਂ ਹੋਰ ਵੀ ਅਤੇ ਕਈ ਵਾਰ ਅਜਿਹੇ ਯਤਨ ਵੀ ਕੀਤੇ ਗਏ ਹਨ। ਭਾਵੇਂ ਮੈਂ ਨਿੱਜੀ ਤੌਰ ਤੇ ਆਤਮ ਹੱਤਿਆ ਜਿਹੀ ਘਟਨਾ ਦਾ ਸਮਰਥਕ ਨਹੀਂ ਹਾਂ ਅਤੇ ਨਾਂ ਹੀ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਪਰ ਇੱਕ ਗੱਲ ਜਰੂਰ ਹੈ ਕਿ ਇਸ ਲੰਬੇ ਸੰਘਰਸ਼ ਨੇ ਅੰਦੋਲਨਕਾਰੀਆਂ ਦੀ ਮਾਨਸਿਕ ਸਿਹਤ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੋਇਆ ਹੈ। ਆਮ ਲੋਕਾਂ ਨੂੰ ਜੋ ਝਰੋਖੇ ਚੋਂ ਦਿਸਦਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਇੱਕਾ ਦੁੱਕਾ ਵਿਉਪਾਰੀ ਘਰਾਂ ਨੂੰ ਅਣ ਦਿੱਸੇ ਢੰਗਾਂ ਰਾਹੀਂ ਲਾਭ ਪਹੁੰਚਾਉਣ ਲਈ ਖੇਡ ਖੇਡੀ ਜਾ ਰਹੀ ਹੈ। ਇਨਸਾਨੀਅਤ ਮੰਗ ਕਰਦੀ ਹੈ ਕਿ ਉਹ ਸਵੈ ਪੜਚੋਲ ਕਰਨ, ਅਗਰ ਅੰਤਰ ਆਤਮਾ ਅਜਿਹੀ ਕੁੱਝ ਹਾਮੀ ਭਰੇ ਤਾਂ ਇਸ ਦਾ ਤੁਰੰਤ ਹਲ ਹੋ ਸਕਦਾ ਹੈ। ਉਹ ਸ਼ਬਦਾਂ ਅਤੇ ਨੀਤੀ ਦੇ ਇੰਨੇ ਸਮਰਥ ਹਨ ਕਿ ਨਜਾਕਤ ਨੂੰ ਭਾਂਪਦੇ ਹੋਏ ਵਧੀਆ ਫੈਸਲਾ ਲੈ ਸਕਦੇ ਹਨ। ਸੱਪ ਵੀ ਮਰ

(ਬਾਕੀ ਅਗਲੇ ਸਫੇ 'ਤੇ)

# ਵਾਟਰ ਸਾਇੰਸ ਦੇ ਖੇਤਰ 'ਚ ਕਰੀਅਰ ਦੀਆਂ ਸੰਭਾਵਨਾਵਾਂ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਪਾਣੀ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਤਾਂ ਸਾਰੇ ਜਾਣਦੇ ਹਨ ਪਰ ਘੱਟ ਹੀ ਲੋਕਾਂ ਨੂੰ ਪਤਾ ਹੋਵੇਗਾ ਕਿ ਜਲ ਚੱਕਰ, ਭਾਵ ਵਾਟਰ ਸਾਈਕਲ ਦਾ ਚੰਗੀ ਤਰ੍ਹਾਂ ਅਧਿਐਨ ਕਰਕੇ ਰਿਸਰਚ ਕਰਕੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਕੰਮ ਨੂੰ ਕਰਦੇ ਹਨ ਵਾਟਰ ਸਾਇੰਟਿਸਟ ਅੱਜ ਪੂਰੀ ਦੁਨੀਆਂ ਪਾਣੀ ਨਾਲ ਜੁੜੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਅਜਿਹੇ 'ਚ ਵਾਟਰ ਸਾਇੰਸ ਦੇ ਖੇਤਰ ਵਿਚ ਕਰੀਅਰ ਦੀਆਂ ਸੰਭਾਵਨਾਵਾਂ ਦੀ ਕੋਈ ਘਾਟ ਨਹੀਂ ਹੈ।

ਵਾਟਰ ਸਾਇੰਸ ਭਾਵ ਜਲ ਵਿਗਿਆਨ ਆਪਣੇ ਆਪ ਵਿਚ ਸਾਇੰਸ ਦੀ ਇੱਕ ਵੱਡੀ ਸ਼ਾਖ਼ਾ ਹੈ। ਇਸ ਵਿਚ ਨਾ ਸਿਰਫ ਵਾਟਰ ਸਾਈਕਲ ਦਾ ਅਧਿਐਨ ਕੀਤਾ ਜਾਂਦਾ ਹੈ ਸਗੋਂ ਰਿਸਰਚ ਕਰਕੇ ਵੱਖ-ਵੱਖ ਥਾਵਾਂ 'ਤੇ ਪਾਣੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਬਦਲ ਖੋਜੇ ਜਾਂਦੇ ਹਨ। ਅੱਜ ਦੁਨੀਆ ਦਾ ਸ਼ਾਇਦ ਹੀ ਅਜਿਹਾ ਕੋਈ ਦੇਸ਼ ਹੋਵੇ ਜੋ ਪਾਣੀ ਨਾਲ ਜੁੜੀ ਕਿਸੇ ਸਮੱਸਿਆ ਤੋਂ ਪੀੜਤ ਨਾ ਹੋਵੇ ਅਜਿਹੇ 'ਚ ਇੱਕ ਵਾਟਰ ਸਾਇੰਟਿਸਟ ਲਈ ਹਰ ਜਗ੍ਹਾ ਸੰਭਾਵਨਾਵਾਂ ਹਨ। ਇਹ ਇੱਕ ਅਜਿਹਾ ਖੇਤਰ ਹੈ ਜੋ ਤੁਹਾਡੇ ਕਰੀਅਰ ਨੂੰ ਚਾਰ ਚੰਨ ਲਾ ਸਕਦਾ ਹੈ। ਜੇਕਰ ਤੁਹਾਨੂੰ ਰਿਸਰਚ ਆਧਾਰਿਤ ਕਰੀਅਰ ਵਿਚ ਦਿਲਚਸਪੀ ਹੈ ਤਾਂ ਤੁਸੀਂ ਇਸ ਖੇਤਰ 'ਚ ਕਰੀਅਰ ਬਣਾ ਸਕਦੇ ਹੋ ਤੁਹਾਨੂੰ ਜਿੰਨਾ ਤਜ਼ਰਬਾ ਹੋਵੇਗਾ, ਅੱਗੇ ਵਧਣ ਦੇ ਉਨੇ ਹੀ ਮੌਕੇ ਮਿਲਣਗੇ।

### ਕੀ ਹੈ ਵਾਟਰ ਸਾਇੰਸ?

ਵਾਟਰ ਸਾਇੰਸ ਪਾਣੀ ਦੀ ਜ਼ਮੀਨ ਅਤੇ ਭੂਮੀਗਤ ਪ੍ਰੋਸੈੱਸ ਨਾਲ ਸਬੰਧਤ ਵਿਗਿਆਨ ਹੈ। ਇਸ ਵਿਚ ਧਰਤੀ 'ਤੇ ਮੌਜੂਦ ਪਹਾੜਾਂ ਅਤੇ ਖਣਿੱਜਾਂ ਦੇ ਨਾਲ ਪਾਣੀ ਦੀ ਭੌਤਿਕ, ਰਸਾਇਣਕ ਅਤੇ ਜੈਵਿਕ ਕ੍ਰਿਆ ਅਤੇ ਵੱਖ-ਵੱਖ ਜੀਵਾਂ ਦੇ ਨਾਲ ਇਸਦੀ ਐਨਾਲਸਿਸ ਸ਼ਾਮਲ ਹੈ। ਵਾਟਰ ਸਾਇੰਸ ਦਾ ਅਧਿਐਨ ਕਰਨ ਵਾਲੇ ਮਾਹਿਰ ਹੀ ਵਾਟਰ ਸਾਇੰਟਿਸਟ ਕਹਾਉਂਦੇ ਹਨ। ਵਾਟਰ ਸਾਇੰਸ ਦੇ ਖੇਤਰ 'ਚ ਹਾਈਡ੍ਰੋਮਿਟ ਯੂਰੋਲਾੱਜੀ, ਭੂਮੀਗਤ ਵਾਟਰ ਸਾਇੰਸ, ਹਾਈਡ੍ਰੋਜਿਓਲੋਜੀ, ਡ੍ਰੇਨੇਜ ਬੇਸਿਨ ਮੈਨੇਜ਼ਮੈਂਟ ਅਤੇ ਪਾਣੀ ਗੁਣਵੱਤਾ ਨਾਲ ਜੁੜੇ ਵਿਸ਼ੇ ਆਉਂਦੇ ਹਨ ਇਸਦੀਆਂ ਕਈ ਸ਼ਾਖਾਵਾਂ ਹਨ, ਜਿਵੇਂ ਕੈਮੀਕਲ ਵਾਟਰ ਸਾਇੰਸ, ਈਕੋਲਾਜ਼ਿਕਲ ਵਾਟਰ ਸਾਇੰਸ, ਹਾਈਡ੍ਰੋ ਇੰਫਾਰਮੈਜਟਕਸ ਵਾਟਰ ਸਾਇੰਸ।

### ਭਵਿੱਖ ਦੀਆਂ ਸੰਭਾਵਨਾਵਾਂ

ਵਾਟਰ ਸਾਇੰਟਿਸਟ ਬਣ ਕੇ ਤੁਸੀਂ ਵੱਖ-ਵੱਖ ਤਰ੍ਹਾਂ ਦੇ ਅਦਾਰਿਆਂ ਲਈ ਕੰਮ ਕਰਕੇ ਚੰਗੀ ਸੈਲਰੀ ਪਾ ਸਕਦੇ ਹੋ। ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ 'ਚ ਵਾਟਰ ਸਾਇੰਟਿਸਟ ਨੂੰ ਚੰਗੇ ਪੈਕੇਜ 'ਤੇ ਨਿਯੁਕਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਤੁਸੀਂ ਕਾਊਂਸਲਰ ਦੇ ਰੂਪ 'ਚ ਵੀ ਕੰਮ ਕਰ ਸਕਦੇ ਹੋ ਜਿਵੇਂ ਸਿਵਿਲ ਇੰਜੀਨੀਅਰਿੰਗ, ਐਨਵਾਇਰਮੈਂਟਲ ਮੈਨੇਜ਼ਮੈਂਟ ਅਤੇ ਇਵੈਲਿਊਏਸ਼ਨ 'ਚ ਸੇਵਾਵਾਂ ਮੁਹੱਈਆ ਕਰਵਾਉਣਾ। ਇਸ ਤੋਂ ਇਲਾਵਾ ਤੁਸੀਂ ਨਵੀਂ ਐਨਾਲਿਟਿਕਲ ਤਕਨੀਕ ਜ਼ਰੀਏ ਟੀਚਿੰਗ ਅਤੇ ਰਿਸਰਚ ਵੀ ਕਰ ਸਕਦੇ ਹੋ। ਯੂਟੀਲਿਟੀ ਕੰਪਨੀਆਂ ਅਤੇ ਜਨਤਕ ਅਥਾਰਟੀਆਂ ਨਾਲ ਜੁੜ ਕੇ ਪਾਣੀ ਸਪਲਾਈ ਅਤੇ ਸੀਵਰੇਜ ਸਬੰਧੀ ਸੇਵਾਵਾਂ ਪ੍ਰਦਾਨ ਕਰ ਸਕਦੇ ਹੋ।

### ਜ਼ਰੂਰੀ ਸਕਿੱਲਜ਼

ਵਾਟਰ ਰਿਸੋਰਸੇਜ ਡਿਵੈਲਪਮੈਂਟ ਅਤੇ ਮੈਨੇਜਮੈਂਟ 'ਚ ਕਰੀਅਰ ਬਣਾਉਣ ਲਈ ਤੁਹਾਡੇ 'ਚ ਹੌਂਸਲਾ, ਦ੍ਰਿੜ ਵਿਸ਼ਵਾਸ, ਚੰਗੀ ਐਨਾਲਿਟਿਕਲ ਸਕਿੱਲ ਹੋਣਾ ਬਹੁਤ ਜ਼ਰੂਰੀ ਹੈ। ਇਸਦੇ ਨਾਲ ਹੀ ਟੀਮ ਵਰਕ ਦੀ ਭਾਵਨਾ ਅਤੇ ਪ੍ਰਭਾਵੀ ਕਮਿਊਨੀਕੇਸ਼ਨ ਇਸ ਖੇਤਰ 'ਚ ਬਣੇ ਰਹਿਣ ਲਈ ਜ਼ਰੂਰੀ ਹੈ।

### ਕਿਹੜਾ ਕੋਰਸ ਕਰੀਏ?

ਦੇਸ਼ ਭਰ ਦੀਆਂ ਕਈ ਯੂਨੀਵਰਸਿਟੀਆਂ ਵਾਟਰ ਸਾਇੰਸ ਅਤੇ ਰਿਸਰਚ ਜਿਹੇ ਵਿਸ਼ਿਆਂ 'ਚ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕੋਰਸ ਕਰਵਾਉਂਦੀਆਂ ਹਨ। ਵਾਟਰ ਸਾਇੰਸ 'ਚ ਕਰੀਅਰ ਬਣਾਉਣ ਲਈ ਤੁਸੀਂ ਇਸ ਵਿਸ਼ੇ ਨਾਲ ਬੀਐਸਸੀ ਕਰਨ ਤੋਂ ਬਾਅਦ ਐਮਐਸਸੀ ਤੇ ਫਿਰ ਪੀਐਚਡੀ ਜਾਂ ਐਮ. ਫਿਲ ਕਰ ਸਕਦੇ ਹੋ।

### ਸੈਲਰੀ

ਵਾਟਰ ਸਾਈਇੰਟਿਸਟ ਦੇ ਰੂਪ 'ਚ ਆਪਣੇ ਕਰੀਅਰ ਦੀ ਸ਼ੁਰੂਆਤ 'ਚ ਤੁਸੀਂ 18 ਤੋਂ 20 ਹਜ਼ਾਰ ਰੁਪਏ ਤੱਕ ਕਮਾ ਸਕਦੇ ਹੋ। ਇਸ ਖੇਤਰ 'ਚ ਤਜ਼ਰਬਾ ਬਹੁਤ ਅਹਿਮੀਅਤ ਰੱਖਦਾ ਹੈ।

# ਕਿਸਾਨੀ ਅੰਦੋਲਨ, ਸਰਕਾਰ ਅਤੇ ਬਰਾਬਰ ਸੰਵਿਧਾਨਕ ਹੱਕ

(ਸਫਾ 20 ਦੀ ਬਾਕੀ)

ਸਕਦਾ ਹੈ ਅਤੇ ਲਾਠੀ ਵੀ ਟੁੱਟਣ ਤੋਂ ਬਚਾਈ ਜਾ ਸਕਦੀ ਹੈ।ਆਪਣੀ ਅਤੇ ਅਤੇ ਆਪਣੀ ਪਾਰਟੀ ਦੀ ਸਾਖ ਨੂੰ ਅੱਗੇ ਲਈ ਹੋਰ ਉੱਚੀ ਕਰ ਸਕਦੇ ਹਨ।

ਰਹੀ ਗੱਲ ਕਿਸਾਨ ਅੰਦੋਲਨ ਵਿੱਚਲੀ ਰੂਪਰੇਖਾ ਦੀ। ਸ਼ੁਰੂਆਤੀ ਦੌਰ ਪ੍ਰਸ਼ੰਸਾਯੋਗ ਅਤੇ ਹਮਦਰਦੀ ਭਰਿਆ ਬਣਿਆ ਰਿਹਾ। ਲੰਬਾ ਸਮਾਂ ਪੈਣ ਕਾਰਣ ਖੜੋਤ ਅਤੇ ਊਣਤਾਈਆਂ ਸਾਹਮਣੇ ਆ ਰਹੀਆਂ ਹਨ।ਬਲਾਤਕਾਰ ਦੀ ਘਟਨਾ ਦੁੱਖਦਾਈ ਹੋ ਨਿੱਬੜੀ। ਲੀਡਰਸ਼ਿਪ ਇਸ ਤੋਂ ਆਪਣਾ ਪੱਲਾ ਨਹੀਂ ਛੁਡਵਾ ਸਕਦੀ। ਇਹ ਕਿਸਾਨੀ ਸੰਘਰਸ਼ ਉੱਤੇ ਬਹੁਤ ਬੜਾ ਕਲੰਕ ਹੈ।ਕਈ ਸ਼ੁਰੂਆਤੀ ਲੀਡਰ ਨਿੱਕਲ ਗਏ ਜਾਂ ਕੱਢ ਦਿੱਤੇ ਗਏ।

ਅਗਰ ਅੰਦੋਲਨਕਾਰੀਆਂ ਲਈ ਰੋਟੀ, ਕੱਪੜਾ, ਦਵਾਈ ਅਤੇ ਸਿਰ ਢੱਕਣ ਜਿਹੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਦੀ ਲਗਾਤਾਰਤਾ ਨਾ ਟੁੱਟਣ ਦਿੱਤੀ ਜਾਂਦੀ ਤਾਂ ਵਧੀਆ ਪ੍ਰਭਾਵ ਰਹਿਣਾ ਸੀ।ਪਰ ਇਸ ਨੂੰ ਹੋਟਲ ਕਲਚਰ ਦਾ ਰੰਗ ਦਿੱਤਾ ਜਾਂਦਾ ਰਿਹਾ ਹੈ।ਵਿਦੇਸ਼ਾਂ ਚੋਂ ਮਿਲੀ ਆਰਥਿਕ ਸਹਾਇਤਾ ਨੂੰ ਲੀਡਰਸ਼ਿਪ ਨੂੰ ਯੋਜਨਾਬੱਧ ਢੰਗ ਨਾਲ ਪ੍ਰਯੋਗ ਕਰਨ ਦੀ ਲੋੜ ਸੀ। ਪਰ ਇੱਥੇ ਕਿਤੇ ਆਪ ਹੁਦਰਾਪਨ ਭਾਰੂ ਰਿਹਾ ਹੈ। ਹਉਮੈ ਅਤੇ ਰਜਵਾੜਾਸ਼ਾਹੀ ਦੀ ਭਾਵਨਾ ਦਿਖਾਈ ਦਿੱਤੀ ਹੈ। ਕਿਸਾਨ ਮਜਦੂਰ ਏਕਤਾ ਦੇ ਸ਼ਬਦ ਫਸਲੀ ਬਟੇਰੇ ਦੀ ਤਰ੍ਹਾਂ ਹੀ ਹਨ। ਅਸਲ ਵਿੱਚ ਜੀਮੀਂਦਾਰ, ਵੱਡਾ ਕਿਸਾਨ ਅਤੇ ਮਜਦੂਰ ਦੀ ਮਾਨਸਿਕਤਾ ਵਿੱਚ ਲੱਖਾਂ ਕੋਹਾਂ ਦਾ ਫਰਕ ਹੈ। ਇਹ ਪਾੜਾ ਦੂਰ ਕਰਨਾ ਹਿਮਾਲਿਆ ਪਰਬਤ ਦੀ ਚੋਟੀ ਤੇ ਚੜ੍ਹਨ ਦੇ ਬਰਾਬਰ ਹੈ। ਜਦ ਕਿ ਮਜਦੂਰ ਕਿਸਾਨ ਦੇ ਚੁੰਗਲ ਚੋਂ ਨਿੱਕਲ ਕੇ ਖੇਤੀ ਲਈ ਬਣਨ ਵਾਲੀਆਂ ਕੰਪਨੀਆਂ ਵਿੱਚ ਕੰਮ ਕਰਕੇ ਜ਼ਿਆਦਾ ਫਾਇਦੇਮੰਦ ਰਹਿ ਸਕੇਗਾ। ਕਿਸਾਨ ਨੂੰ ਅੰਨ ਦਾਤਾ ਕਹਿਣਾ ਢੁੱਕਵਾਂ ਨਹੀਂ ਲਗਦਾ। ਇਸ ਵਿੱਚ ਕੋਈ ਛੱਕ ਨਹੀਂ ਕਿ ਕਿਸਾਨ ਦੀ ਪ੍ਰਕਿਰਤੀ ਤੇ ਨਿਰਭਰਤਾ ਕਰਕੇ ਬੜੀ ਸਖਤ ਮਿਹਨਤ ਹੈ। ਪਰ ਅਨਾਜ ਮੁਫਤ ਨਹੀਂ ਦਿੱਤਾ ਜਾਂਦਾ। ਇਸ ਲਈ ਅੰਨ ਦਾਤਾ ਕਹਿਣਾ ਠੀਕ ਨਹੀਂ।ਇੱਥੋਂ ਤੱਕ ਕਿ ਕਿਸਾਨ ਨਾਲ ਕੰਮ ਕਰ ਰਹੇ ਮਜਦੂਰ ਨੂੰ ਖੇਤੀ ਮਜਦੂਰ ਕਿਹਾ ਜਾਂਦਾ ਹੈ ਨਾ ਕਿ ਅੰਨ ਦਾਤਾ।

ਬਾਕੀ ਕਿੱਤਿਆਂ ਵਾਂਗ ਖੇਤੀ ਵੀ ਇਕ ਕਿੱਤਾ ਹੈ। ਜਿੱਥੇ ਕੇਂਦਰ ਸਰਕਾਰ, ਵਿਸ਼ੇਸ਼ ਤੌਰ ਤੇ ਹਰਿਆਣਾ ਸਰਕਾਰ ਨੇ ਅੰਦੋਨਕਾਰੀਆਂ ਤੇ ਤਸ਼ੱਦਤ ਕਰਕੇ ਮਨੁੱਖੀ ਅਧਿਕਾਰਾਂ ਦਾ ਗਲਾ ਘੁੱਟਿਆ ਹੈ ਉੱਥੇ ਕਿਸਾਨ ਜਥੇਬੰਦੀਆ ਵਲੋਂ ਸੰਘਰਸ਼ ਵਿੱਚ ਜਾ ਰਹੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਵਰਕਰਾਂ ਨਾਲ ਕੀਤਾ ਜਾ ਰਿਹਾ ਦੁਰ ਵਿਵਹਾਰ ਵੀ ਨਿੰਦਣਯੋਗ ਹੈ।ਕਿਸਾਨਾਂ ਵਲੋਂ ਰਾਜਨੀਤਕ ਪਾਰਟੀਆਂ ਨੂੰ ਪਿੰਡਾਂ ਵਿੱਚ ਆਪਣੀ ਚੋਣ ਮੁਹਿੰਮ ਲਈ ਜਾਣ ਤੋਂ ਰੋਕਣਾ ਅਤੇ ਦੁਰਵਿਵਹਾਰ ਕਰਨਾ ਗੈਰ ਸੰਵਿਧਾਨਿਕ ਹੈ।ਕਿਸਾਨਾਂ ਨੂੰ ਦੂਰ ਅੰਦੇਸ਼ੀ ਨਾਲ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਦੀ ਹੋਈ ਇਹ ਜਮੀਨੀ ਜਾਇਦਾਦ ਆਟੇ ਵਿੱਚ ਲੂਣ ਦੇ ਬਰਾਬਰ ਰਹਿ ਜਾਵੇਗੀ।ਇਸ ਲਈ ਇਸ ਤੇ ਪੂਰੀ ਟੇਕ ਨਾ ਰੱਖਦੇ ਹੋਏ ਇਸ ਦੇ ਬਦਲ ਲਈ ਟੈਕਨੀਕਲ ਕਿੱਤਿਆਂ ਦੀ ਹੁਣ ਤੋਂ ਹੀ ਭਾਲ ਅਤੇ ਸਿਖਲਾਈ ਲੈਣੀ ਸੁਰੂ ਕਰ ਦੇਣੀ ਚਾਹੀਦੀ ਹੈ। ਅੰਤ ਵਿੱਚ ਸਰਕਾਰ ਨੂੰ ਅਪੀਲ ਹੈ ਕਿ ਅੜੀਅਲ ਰੁੱਖ ਨਾ ਅਪਣਾਉਂਦੇ ਹੋਏ ਸੁਹਿਰਦਤਾ ਤੋਂ ਕੰਮ ਲੈਣ ਦੀ ਲੋੜ ਹੈ। ਸੱਚ-ਮੁਚ ਹੀ ਖੇਤੀ ਧੰਦੇ ਵਿੱਚ ਮੌਲਿਕਤਾ, ਵਿਗਿਆਨਕ ਢੰਗ ਅਪਣਾਉਂਦੇ ਹੋਏ ਅਤੇ ਕਿਸਾਨ ਦੇ ਹਿੱਤਾਂ ਅਤੇ ਸਵੀਕ੍ਰਿਤੀ ਦਾ ਧਿਆਨ ਰੱਖਦੇ ਹੋਏ ਨਵਾਂ ਕਾਨੂੰਨ ਬਣਾਓਣ ਦੀ ਲੋੜ ਹੈ। ਜਿਸ ਨਾਲ ਭਾਰਤ ਦਾ ਪ੍ਰਧਾਨ ਮੰਤਰੀ ਦੁਨੀਆ ਪੱਧਰ ਤੇ ਕਿਸੇ ਵਿਸ਼ੇਸ਼ ਸਨਮਾਨ ਦਾ ਹੱਕਦਾਰ ਬਣ ਸਕਦਾ ਹੈ। ਕਿਸਾਨ ਲੀਡਰਾਂ ਨੂੰ ਵੀ ਪ੍ਰਧਾਨ ਮੰਤਰੀ ਦੀ ਪਿੱਠ ਲਾਉਣ ਦੀ ਥਾਂ ਉਸ ਦੀ ਗਰਿਮਾ ਦਾ ਧਿਆਨ ਰੱਖਦਿਆਂ ਹੋਇਆਂ ਕਾਨੂੰਨ ਬਿਲਕੁਲ ਰੱਦ ਕਰਵਾਉਣ ਦੀ ਥਾਂ ਲੋੜੀਂਦੀਆਂ ਸੋਧਾਂ ਲਈ ਰਾਜੀ ਹੋ ਜਾਣਾ ਚਾਹੀਦਾ ਹੈ ਅਤੇ ਆਪਣੇ ਸਮਰਥਕਾਂ ਦਾ ਵੀ ਅੜੀਅਲ ਵਤੀਰਾ ਛੱਡਵਾਉਂਦੇ ਹੋਏ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਨਾ ਚਾਹੀਦਾ ਹੈ।

ਦੋਨਾਂ ਪਾਸਿਆਂ ਦੇ ਲੀਡਰ ਜਿੱਤ ਹਾਰ ਤੋਂ ਉੱਪਰ ਉੱਠ ਕੇ ਅਜਿਹਾ ਫੈਸਲਾ ਕਰਨ ਜੋ ਪੂਰੇ ਦੇਸ਼ ਨੂੰ ਸਵੀਕਾਰ ਹੋਵੇ ਜਿਸ ਵਿੱਚ ਕਿਸੇ ਨੂੰ ਵੀ ਸਫਲ ਜਾਂ ਅਸਫਲ ਨਾ ਮੰਨਿਆ ਜਾਵੇ ਅਤੇ ਗਲਵੱਕੜੀ ਇਸ ਦਾ ਅੰਤ ਹੋਵੇ।

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥**

ਬਹੁਤ ਹੀ ਸੁਰੀਲੇ ਤੇ ਮਸ਼ਹੂਰ ਕਲਾਕਾਰ ਸ. ਜੋਗਿੰਦਰ ਸਿੰਘ ਸ਼ੌਂਕੀ ਜੋ ਕਿ ਮਿਤੀ 22 ਸਤੰਬਰ, 2021 ਨੂੰ ਸੁਆਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਜਿਹਨਾਂ ਦਾ ਪਿਛਲਾ ਪਿੰਡ ਨਵਾਂ ਪਿੰਡ ਸ਼ੌਂਕੀਆਂ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਸੀ। ਉਹਨਾਂ ਦਾ ਅੰਤਿਮ ਸੰਸਕਾਰ ਮਿਤੀ 2 ਅਕਤੂਬਰ 2021 ਦਿਨ ਸ਼ਨਿਚਰਵਾਰ ਨੂੰ ਸਵੇਰੇ 11 ਵਜੇ VLLERY MEMORIAL CHAPEL, 817 Almond St. Yuba City 95991 ਵਿਖੇ ਹੋਵੇਗਾ। ਉਪਰੰਤ ਅਰਦਾਸ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਹੋਵੇਗੀ।



**ਦੁਖੀ ਹਿਰਦੇ**

**ਸ੍ਰੀਮਤੀ ਲਖਵੀਰ ਕੌਰ (ਪਤਨੀ) 530-755-1832**
**ਜੇਡਨ ਨਾਹਰ (ਬੇਟਾ)**
**ਜਮੀਸ਼ਾ ਤੇ ਅਮੀਸ਼ਾ (ਬੇਟੀਆਂ) ਅਤੇ**

**ਸਮੂਹ ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਤੇ ਸੰਪਾਦਕ, ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦੇ ਹਨ।**

# ਫਰਿਜ਼ਨੋ ਲਾਇਨਜ਼ ਕਲੱਬ ਨੇ ਜਿੱਤੀ ਸਾਕਰ ਚੈਂਪੀਅਨਸ਼ਿਪ






ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

**ਫਰਿਜ਼ਨੋ (ਕੈਲੀਫੋਰਨੀਆਂ)**– ਅੱਜਕੱਲ ਕੈਲੀਫੋਰਨੀਆਂ ਵਿੱਚ ਸਾਕਰ (ਫੁੱਟਬਾਲ) ਦੇ ਟੂਰਨਾਮੈਂਟ ਪੂਰੇ ਜੋਬਨ ਤੇ ਤੇ ਚੱਲ ਰਹੇ ਹਨ। ਇਹਨਾਂ ਛੋਟੇ ਟੂਰਨਾਮੈਂਟ ਵਿੱਚ ਦੋ ਪੰਜਾਬੀ ਭਰਾ ਪਰਜਿੰਦਰ ਸਿੰਘ ਅਤੇ ਇੰਦਰਪਾਲ ਸਿੰਘ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਦਾ ਸਾਕਰ ਦੀ ਦੁਨੀਆਂ ਵਿੱਚ ਖ਼ੂਬ ਨਾਮ ਰੌਸ਼ਨ ਕਰ ਰਹੇ ਹਨ। ਪਿਛਲੇ ਦਿਨੀਂ ਸਾਕਰ ਦੀ ਚੈਂਪੀਅਨਸ਼ਿਪ ਕੈਲੀਫੋਰਨੀਆਂ ਦੇ ਸ਼ਹਿਰ ਮੌਰਗਨਹਿੱਲ ਵਿਖੇ ਕਰਵਾਈ ਗਈ। ਇਸ ਚੈਂਪੀਅਨਸ਼ਿਪ ਦਾ ਫ਼ਾਈਨਲ ਬੜਾ ਜ਼ਬਰਦਸਤ ਹੋ ਨਿਬੜਿਆ। ਇਹ ਮੈਚ ਫਰਿਜ਼ਨੋ ਲਾਇਨਜ਼ ਕਲੱਬ ਅਤੇ ਸਨੀਵੇਲ ਲਾਇਨਜ਼ ਵਿੱਚਕਾਰ ਖੇਡਿਆ ਗਿਆ। ਇਸ ਮੈਚ ਵਿੱਚ ਦੋਵੇਂ ਪੰਜਾਬੀ ਭਰਾਵਾਂ ਪਰਜਿੰਦਰ ਸਿੰਘ ਅਤੇ ਇੰਦਰਪਾਲ ਸਿੰਘ ਦੀ ਜੋੜੀ ਨੇ ਜ਼ਬਰਦਸਤ ਖੇਡ ਦਾ ਮੁਜ਼ਾਹਰਾ ਕੀਤਾ ਗਿਆ ਅਤੇ ਗੋਲ਼-ਕੀਪਰ ਅਜੇਗੋ ਨੇ ਗੋਲ ਰੋਕਣ ਵਾਲੀ ਕਤਾ ਕਰ ਦਿੱਤੀ, ਅਖੀਰ ਨਿਬੇੜਾ ਪਨੱਲਟੀ ਸਟਰੋਕਾ ਨਾਲ ਹੋਇਆ। ਇਹ ਮੈਚ ਫਰਿਜ਼ਨੋ ਲਾਇਨਜ਼ ਨੇ&; 2-0 ਨਾਲ ਜਿੱਤ ਲਿਆ।

# ਚਰਨਜੀਤ ਸਿੰਘ ਚੰਨੀ ਦੀ ਵਜ਼ਾਰਤ ਵਿੱਚ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ



ਉਜਾਗਰ ਸਿੰਘ
91-94178-13072

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਫਰਵਰੀ 2022 ਦੇ ਪਹਿਲੇ ਹਫ਼ਤੇ ਹੋਣੀਆਂ ਹਨ। ਕਾਂਗਰਸ ਹਾਈ ਕਮਾਂਡ ਨੇ ਚੋਣਾ ਤੋਂ ਸਿਰਫ਼ 4 ਮਹੀਨੇ ਪਹਿਲਾਂ ਮੁੱਖ ਮੰਤਰੀ ਬਦਲਕੇ ਮਾਸਟਰ ਸਟਰੋਕ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਤਜ਼ਵੀਜ਼ 'ਤੇ ਫੁੱਲ ਚੜ੍ਹਾਉਂਦਿਆਂ ਅਗਲੀਆਂ ਵਿਧਾਨ ਸਭਾ ਚੋਣਾ ਜਿੱਤਣ ਲਈ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਅਹੁਦਾ ਦੇ ਕੇ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਵਟੋਰਨ ਦਾ ਪੈਂਤੜਾ ਚਲਿਆ ਹੈ। ਕਾਂਗਰਸ ਹਾਈ ਕਮਾਂਡ ਆਮ ਤੌਰ 'ਤੇ ਮੰਤਰੀਆਂ ਦੇ ਫ਼ੈਸਲੇ ਕਰਨ ਵਿੱਚ ਦੇਰੀ ਕਰ ਦਿੰਦੀ ਹੈ ਪ੍ਰੰਤੂ ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਹੁੰ ਚੁਕਣ ਤੋਂ ਇਕ ਹਫ਼ਤਾ ਬਾਅਦ ਕਾਂਗਰਸ ਹਾਈ ਕਮਾਂਡ ਨੇ ਪੂਰੇ ਮੰਤਰੀ ਮੰਡਲ ਦੇ ਗਠਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਨਵਾਂ ਮੰਤਰੀ ਮੰਡਲ ਬਣਾਉਣ ਲਈ ਸਲਾਹ ਕਰਨ ਵਾਸਤੇ ਚਰਨਜੀਤ ਸਿੰਘ ਚੰਨੀ ਨੂੰ 4 ਦਿਨਾ ਵਿੱਚ 3 ਵਾਰ ਦਿੱਲੀ ਸੱਦਿਆ ਗਿਆ। ਇੱਕ ਵਾਰ ਰਾਹੁਲ ਗਾਂਧੀ ਨੇ ਵੀਡੀਓ ਕਾਨਫ਼ਰੰਸ ਕਰਕੇ ਸਲਾਹ ਮਸ਼ਵਰਾ ਕੀਤਾ ਹੈ। ਦਿੱਲੀ ਜਾਣ ਸਮੇਂ ਮੁੱਖ ਮੰਤਰੀ ਦੇ ਸਹਿਯੋਗੀ ਸੱਗੀ ਹੈ। ਕਾਂਗਰਸ ਹਾਈ ਕਮਾਂਡ ਵੱਲੋਂ ਸਾਰੇ ਵਰਗਾਂ ਨੂੰ ਨੁਮਾਇੰਦਗੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਗਤ ਸਿੰਘ ਗਿਲਜੀਆਂ ਨਵਜੋਤ ਸਿੰਘ ਸਿੱਧੂ ਦੇ ਨਾਲ ਕਾਰਜਕਾਰੀ ਪ੍ਰਧਾਨ ਬਣਾਏ ਗਏ ਸਨ। ਪ੍ਰਗਟ ਸਿੰਘ ਵੀ ਨਵਜੋਤ ਸਿੰਘ ਸਿੱਧੂ ਦੇ ਸਭ ਤੋਂ ਨਜ਼ਦੀਕੀ ਦੋਸਤ ਹਨ, ਉਹ ਉਨ੍ਹਾਂ ਦੇ ਕੋਟੇ ਵਿੱਚੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਵੀ ਹਨ। ਇਨ੍ਹਾਂ 2 ਦੇ ਮੰਤਰੀ ਬਣਨ ਨਾਲ ਕੀ ਉਹ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ੇ ਦੇਣਗੇ? ਕਾਂਗਰਸ ਪਾਰਟੀ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨਵੇਂ ਅਹੁਦੇਦਾਰ ਬਣਾਏ ਜਾਣਗੇ ਕਿ ਨਹੀਂ, ਇਹ ਵੀ ਅਜੇ ਸ਼ਪਸ਼ਟ ਨਹੀਂ ਹੈ? ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਦੇ 5 ਮੰਤਰੀਆਂ ਦੀ ਛਾਂਟੀ ਕਰ ਦਿੱਤੀ ਗਈ ਹੈ, ਉਨ੍ਹਾਂ ਵਿੱਚ ਬਲਬੀਰ ਸਿੰਘ ਸਿੱਧੂ, ਸਾਧੂ ਸਿੰਘ ਧਰਮਸੋਤ, ਸ਼ਾਮ ਸੁੰਦਰ ਅਰੋੜਾ, ਰਾਣਾ ਗੁਰਮੀਤ ਸਿੰਘ ਸੋਢੀ ਅਤੇ ਗੁਰਪ੍ਰੀਤ ਸਿੰਘ ਕਾਂਗੜ ਸ਼ਾਮਲ ਹਨ। ਛਾਂਟੀ ਕੀਤੇ ਗਏ 2 ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਸ਼ੁੰਦਰ ਸ਼ਾਮ ਅਰੋੜਾ ਅੰਬਿਕਾ ਸੋਨੀ ਦੇ ਨਜ਼ਦੀਕੀ&; ਹਨ। ਦੋ ਜੱਟ ਸਿੱਖ ਮੰਤਰੀਆਂ ਨੂੰ ਬਾਹਰ ਦਾ ਰਸਤਾ ਵਿਖਾਕੇ 5 ਜੱਟ ਸਿੱਖ ਮੰਤਰੀ ਸਿੰਘ ਵਿਰੁੱਧ ਬਗ਼ਾਬਤ ਕਰਨ ਵਾਲਿਆਂ ਵਿੱਚੋਂ ਇਕ ਮੁੱਖ ਮੰਤਰੀ, ਇਕ ਡਿਪਟੀ ਮੁੱਖ ਮੰਤਰੀ ਅਤੇ 3 ਮੰਤਰੀ ਬਣ ਗਏ ਹਨ। ਭਾਵ ਬਗ਼ਾਬਤ ਕਰਨ ਵਾਲੇ 5 ਮੰਤਰੀਆਂ ਨੂੰ ਹੀ ਹਾਈ ਕਮਾਂਡ ਨੇ ਅਹੁਦੇ ਦੇ ਕੇ ਨਿਵਾਜਿਆ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਹਾਈ ਕਮਾਂਡ ਦੇ ਇਸ਼ਾਰੇ 'ਤੇ ਹੀ ਬਗ਼ਾਬਤ ਹੋਈ ਸੀ। ਇਹ ਵੀ ਧਿਆਨ ਰੱਖਿਆ ਗਿਆ ਹੈ ਕਿ ਕੈਪਟਨ ਅਮਰਿੰਦਰ ਧੜੇ ਨੂੰ ਨਰਾਜ਼ ਨਾ ਕੀਤਾ ਜਾਵੇ, ਇਸ ਕਰਕੇ ਕੈਪਟਨ ਦੇ ਵਿਸ਼ਵਾਸ਼ ਪਾਤਰਾਂ ਓਮ ਪ੍ਰਕਾਸ਼ ਸੋਨੀ, ਬ੍ਰਹਮ ਮਹਿੰਦਰਾ, ਵਿਜੈ ਇੰਦਰ ਸਿੰਗਲਾ, ਅਰੁਣਾ ਚੌਧਰੀ, ਰਜ਼ੀਆ ਸੁਲਤਾਨਾ, ਭਾਰਤ ਭੂਸ਼ਣ ਆਸ਼ੂ ਅਤੇ ਮਨਪ੍ਰੀਤ ਸਿੰਘ ਬਾਦਲ ਨੂੰ ਮੰਤਰੀ ਬਣਾਇਆ ਗਿਆ ਹੈ। ਰਜ਼ੀਆ ਸੁਲਤਾਨਾ ਭਾਵੇਂ ਨਵਜੋਤ ਸਿੰਘ ਸਿੱਧੂ ਦੇ ਰਣਨੀਤੀਕਾਰ ਮੁਹੰਮਦ ਮੁਸਤਫ਼ਾ ਦੀ ਪਤਨੀ ਹਨ ਪ੍ਰੰਤੂ ਉਹ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਹਨ। ਇਸੇ ਤਰ੍ਹਾਂ ਭਾਰਤ ਭੂਸ਼ਣ ਆਸ਼ੂ ਅਤੇ ਨਵਜੋਤ ਸਿੰਘ ਸਿੱਧੂ ਦਾ 36 ਦਾ ਅੰਕੜਾ ਸੀ ਪ੍ਰੰਤੂ ਭਾਰਤ ਭੂਸ਼ਣ ਆਸ਼ੂ ਸੋਨੀਆਂ ਗਾਂਧੀ ਦੇ ਕੋਟੇ ਵਿੱਚੋਂ ਮੰਤਰੀ ਬਣੇ ਹਨ। ਮੰਤਰੀ ਮੰਡਲ ਵਿੱਚੋਂ ਕੁਝ ਮੰਤਰੀਆਂ ਨੂੰ ਕੱਢਣ ਲਗਿਆਂ ਇਸ ਗੱਲ ਦਾ ਵੀ ਵਿੱਚੋਂ 9, ਦੁਆਬਾ ਵਿੱਚੋਂ 3 ਅਤੇ ਮਾਝਾ ਵਿੱਚੋਂ 6 ਮੰਤਰੀ ਲੈ ਕੇ ਸੁਚੱਜੀ ਪ੍ਰਤੀਨਿਧਤਾ ਦਿੱਤੀ ਗਈ ਹੈ। ਮੁੱਖ ਮੰਤਰੀ ਮਾਲਵੇ 'ਚੋਂ ਅਤੇ ਦੋਵੇਂ ਡਿਪਟੀ ਮੁੱਖ ਮੰਤਰੀ ਮਾਝੇ ਵਿੱਚੋਂ ਲਏ ਹਨ। ਮਾਝੇ ਵਿੱਚੋਂ ਹੁਣ ਤੱਕ ਇਕੋ ਇਕ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਬਣੇ ਸਨ ਅਤੇ ਉਨ੍ਹਾਂ ਤੋਂ 57 ਸਾਲ ਬਾਅਦ ਮਾਝੇ ਵਿੱਚੋਂ ਦੋ ਡਿਪਟੀ ਮੁੱਖ ਮੰਤਰੀ ਬਣੇ ਹਨ। ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤਾਂ ਪਹਿਲਾਂ








ਨਾਲ ਪਰਾਂਦਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਉਪ ਮੁੱਖ ਮੰਤਰੀ ਗਏ ਸਨ। ਪ੍ਰੰਤੂ ਜਦੋਂ ਮੰਤਰੀ ਮੰਡਲ 'ਤੇ ਹਾਈ ਕਮਾਂਡ ਨੇ ਆਖ਼ਰੀ ਮੋਹਰ ਲਗਾਈ ਉਦੋਂ ਨਵਜੋਤ ਸਿੰਘ ਸਿੱਧੂ ਨੂੰ ਦਿੱਲੀ ਦਰਬਾਰ ਨੇ ਨਹੀਂ ਬੁਲਾਇਆ। ਇਸ ਤੋਂ ਪਤਾ ਲੱਗਦਾ ਹੈ ਕਿ ਕਾਂਗਰਸ ਹਈ ਕਮਾਂਡ ਮੁੱਖ ਮੰਤਰੀ ਨੂੰ ਫਰੀ ਹੈਂਡ ਦੇਣਾ ਚਾਹੁੰਦੀ ਹੈ। ਕੈਪਟਨ ਅਮਰਿੰਦਰ ਸਿੰਘ ਵਿਰੁੱਧ ਬਗਾਬਤ ਕਰਨ ਸਮੇਂ ਇਕਮੁੱਠਤਾ ਦਾ ਸਬੂਤ ਦੇਣ ਵਾਲੇ ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਦਰਮਿਆਨ ਨਵੇਂ ਮੰਤਰੀਆਂ ਦੀ ਚੋਣ ਵਿੱਚ ਵਖਰੇਵੇਂ ਦੀਆਂ ਕਨਸੋਆਂ ਆ ਰਹੀਆਂ ਹਨ। ਨਵੇਂ ਮੰਤਰੀ ਮੰਡਲ ਉਪਰ ਕਾਂਗਰਸ ਹਾਈ ਕਮਾਂਡ ਦੀ ਛਾਪ ਸਾਫ਼ ਵਿਖਾਈ ਦਿੰਦੀ ਹੈ। ਨਵਜੋਤ ਸਿੰਘ ਸਿੱਧੂ ਪ੍ਰਗਟ ਸਿੰਘ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਓਮ ਪ੍ਰਕਾਸ਼ ਸੋਨੀ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰਵਾਉਣ ਵਿੱਚ ਸਫਲ ਹੋਏ ਹਨ। ਬਾਕੀ ਸਾਰੇ ਮੰਤਰੀ ਸੋਨੀਆਂ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੀ ਚੋਣ ਹਨ। ਮੰਤਰੀਆਂ ਦੀ ਸੂਚੀ ਤੋਂ ਪਤਾ ਲਗਦਾ ਹੈ ਕਿ ਕਾਂਗਰਸ ਦੇ ਕਿਸੇ ਇਕ ਧੜੇ ਦਾ ਨਿੱਜੀ ਪ੍ਰਭਾਵ ਬਹੁਤਾ ਵਿਖਾਈ ਨਹੀਂ ਦਿੰਦਾ। ਨਵੇਂ 7 ਮੰਤਰੀਆਂ ਵਿੱਚ ਰਾਜ ਕੁਮਾਰ ਵੇਰਕਾ ਨੂੰ ਛੱਡਕੇ ਕਾਕਾ ਰਣਦੀਪ ਸਿੰਘ, ਪ੍ਰਗਟ ਸਿੰਘ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਕੀਰਤ ਸਿੰਘ ਕੋਟਲੀ ਅਤੇ ਸੰਗਤ ਸਿੰਘ ਗਿਲਜੀਆਂ ਸਾਰੇ ਹੀ 50 ਸਾਲ ਤੋਂ ਘੱਟ ਉਮਰ ਵਾਲੇ ਨੌਜਵਾਨ ਹਨ। ਪੁਰਾਣੇ ਮੰਤਰੀਆਂ ਵਿੱਚ ਵਿਜੈ ਇੰਦਰ ਸਿੰਗਲਾ ਵੀ ਨੌਜਵਾਨਾ ਵਿੱਚ ਹੀ ਆਉਂਦੇ ਹਨ। ਨੌਜਵਾਨਾ ਅਤੇ ਬਜ਼ੁਰਗਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦਾ ਮਿਲਣਾ ਵੀ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਅਤੇ ਸੋਨੀਆਂ ਗਾਂਧੀ ਦੀ ਸਿਆਣਪ ਦਾ ਪ੍ਰਤੀਕ ਬਣਾਏ ਗਏ ਹਨ। ਹੁਣ ਨਵੇਂ ਮੰਤਰੀ ਮੰਡਲ ਵਿੱਚ 9 ਜੱਟ ਸਿੱਖ ਮੰਤਰੀ ਹਨ। ਰਾਣਾ ਗੁਰਜੀਤ ਸਿੰਘ ਪਹਿਲਾਂ ਵੀ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿੱਚ ਮੰਤਰੀ ਸਨ ਪ੍ਰੰਤੂ ਰੇਤ ਦੀਆਂ ਖੱਡਾਂ ਦੇ ਵਾਦਵਿਵਾਦ ਕਰਕੇ ਉਨ੍ਹਾਂ ਨੇ ਮੰਤਰੀ ਮੰਡਲ ਵਿੱਚੋਂ ਅਸਤੀਫ਼ਾ ਦੇ ਦਿੱਤਾ ਸੀ। 2 ਖੱਤਰੀਆਂ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸ਼ੁੰਦਰ ਸ਼ਾਮ ਅਰੋੜਾ ਦੀ ਛਾਂਟੀ ਕੀਤੀ ਗਈ ਹੈ ਪ੍ਰੰਤੂ ਪਛੜੀਆਂ ਸ਼੍ਰੇਣੀਆਂ ਵਿੱਚੋਂ ਸੰਗਤ ਸਿੰਘ ਗਿਲਜੀਆਂ ਨੂੰ ਸ਼ਾਮਲ ਕਰ ਲਿਆ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੰਤਰੀ ਮੰਡਲ ਵਿੱਚ ਪਛੜੀਆਂ ਸ਼੍ਰੇਣੀਆਂ ਨੂੰ ਪ੍ਰਤੀਨਿਧਤਾ ਨਹੀਂ ਮਿਲੀ ਸੀ। 4 ਹਿੰਦੂ ਅਤੇ ਇਕ ਮੁਸਲਿਮ ਭਾਈਚਾਰੇ ਦੇ ਮੰਤਰੀ ਹਨ। ਕੈਪਟਨ ਅਮਰਿੰਦਰ ਸਿੰਘ ਦੇ ਮੰਤਰੀ ਮੰਡਲ ਵਿੱਚੋਂ ਇਕ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ 10 ਮੰਤਰੀ ਦੁਬਾਰਾ ਲਏ ਗਏ ਹਨ, ਜਿਨ੍ਹਾਂ ਵਿੱਚ ਦੋ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਓਮ ਪ੍ਰਕਾਸ਼ ਸੋਨੀ, ਮੰਤਰੀ ਬ੍ਰਹਮ ਮਹਿੰਦਰਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਮਨਪ੍ਰੀਤ ਸਿੰਘ ਬਾਦਲ, ਵਿਜੈ ਇੰਦਰ ਸਿੰਗਲਾ, ਸੁਖਬਿੰਦਰ ਸਿੰਘ ਸੁਖ ਸਰਕਾਰੀਆ, ਰਜ਼ੀਆ ਸੁਲਤਾਨਾ, ਭਾਰਤ ਭੂਸ਼ਣ ਆਸ਼ੂ ਅਤੇ ਅਰੁਣਾ ਚੌਧਰੀ ਸ਼ਾਮਲ ਹਨ। ਅਨੁਸੂਚਿਤ ਜਾਤੀਆਂ ਵਿੱਚੋਂ ਸਾਧੂ ਸਿੰਘ ਧਰਮਸੋਤ ਦੀ ਥਾਂ 'ਤੇ ਰਾਜ ਕੁਮਾਰ ਵੇਰਕਾ ਨੂੰ ਸ਼ਾਮਲ ਕੀਤਾ ਗਿਆ ਹੈ, ਇਸ ਤਰ੍ਹਾਂ ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹੀ ਹੈ। ਕੈਪਟਨ ਅਮਰਿੰਦਰ




ਧਿਆਨ ਰੱਖਿਆ ਗਿਆ ਹੈ ਕਿ ਜਿਹੜੇ ਮੰਤਰੀਆਂ ਉਪਰ ਕਥਿਤ ਭਰਿਸ਼ਟਾਚਾਰ ਦੇ ਇਲਜ਼ਾਮ ਲੱਗੇ ਸਨ, ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚੋਂ ਕੱਢ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਸਮਾਜ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਜਿਨ੍ਹਾਂ ਉਪਰ ਅਨੁਸੂਚਿਤ ਜ਼ਾਤੀਆਂ ਦੇ ਵਿਦਿਆਰਥੀਆਂ ਦੇ ਵਜ਼ੀਫਿਆਂ ਵਿਚ ਕਥਿਤ ਘਪਲੇ ਦੇ ਦੋਸ਼ ਲੱਗੇ ਸਨ, ਸਨਅਤ ਮੰਤਰੀ ਸੁੰਦਰ ਸ਼ਾਮ ਅਰੋੜਾ, ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਉਪਰ ਵੀ ਅਜਿਹੇ ਇਲਜ਼ਾਮ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਰਹੇ ਸਨ। ਕੁਝ ਕਥਿਤ ਦੋਸ਼ਾਂ ਵਾਲੇ ਮੰਤਰੀ ਅਜੇ ਵੀ ਆਪਣੀ ਕੁਰਸੀ ਬਚਾਉਣ ਵਿੱਚ ਸਫਲ ਹੋ ਗਏ ਹਨ। ਕਾਂਗਰਸ ਹਾਈ ਕਮਾਂਡ ਨੇ ਪੰਜਾਬ ਕਾਂਗਰਸ ਦੇ ਸਾਰੇ ਧੜਿਆਂ ਨੂੰ ਪ੍ਰਤੀਨਿਧਤਾ ਦੇ ਕੇ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲੀ ਵਾਰ&; ਪੰਜਾਬ ਦੇ 3 ਖਿਤਿਆਂ ਮਾਲਵਾ ਵੀ ਮਾਝੇ ਵਿੱਚੋਂ ਬਣਦੇ ਰਹੇ ਹਨ। ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਸਭ ਤੋਂ ਵੱਧ ਪੜ੍ਹੇ ਲਿਖੇ ਹਨ। ਉਤਰੀ ਭਾਰਤ ਦੇ ਸਿਆਸੀ ਜੀਵਨ ਵਿੱਚ ਅਨੁਸੂਚਿਤ ਜਾਤੀਆਂ ਦੇ ਸਰਗਰਮ ਸਿਆਸਤਦਾਨਾ ਵਿੱਚੋਂ ਚੰਨੀ ਸਭ ਤੋਂ ਵੱਧ ਪੜ੍ਹੇ ਲਿਖੇ ਮੁੱਖ ਮੰਤਰੀ ਹਨ। ਉਨ੍ਹਾਂ ਦੇ ਮੰਤਰੀ ਮੰਡਲ ਵਿੱਚ 11 ਗ੍ਰੈਜੂਏਟ, 3 ਲਾਅ ਗ੍ਰੈਜੂਏਟ, ਰਾਜ ਕੁਮਾਰ ਵੇਰਕਾ ਪਲੱਸ ਟੂ ਅਤੇ ਰਜ਼ੀਆ ਸੁਲਤਾਨਾ, ਓਮ ਪ੍ਰਕਾਸ਼ ਸੋਨੀ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਰਾਣਾ ਗੁਰਜੀਤ ਸਿੰਘ ਦਸਵੀਂ ਪਾਸ ਹਨ। ਸੰਗਤ ਸਿੰਘ ਗਿਲਜੀਆਂ ਅੰਡਰ ਮੈਟਰਿਕ ਹਨ। ਮੰਤਰੀ ਮੰਡਲ ਵਿੱਚ 10 ਮੰਤਰੀ ਕਿਸਾਨੀ ਪਰਿਵਾਰਾਂ ਨਾਲ ਸੰਬੰਧਤ ਹਨ। ਵੇਖਣ ਵਾਲੀ ਗੱਲ ਹੈ ਕਿ ਇਹ ਕਿਸਾਨੀ ਕਿਤੇ ਨਾਲ ਸੰਬੰਧਤ ਮੰਤਰੀ ਵਰਤਮਾਨ ਕਿਸਾਨ ਅੰਦੋਲਨ ਦੇ ਚਲਦਿਆਂ ਕਿਸਾਨੀ ਦੇ ਹੱਕ ਵਿੱਚ ਪੰਜਾਬ ਸਰਕਾਰ ਤੋਂ ਕੋਈ ਫ਼ੈਸਲੇ ਕਰਵਾਉਣ ਵਿੱਚ ਸਫ਼ਲ ਹੋਣਗੇ ਜਾਂ ਨਹੀਂ। 2022 ਦੀਆਂ ਵਿਧਾਨ ਸਭਾ ਚੋਣਾ ਦੇ ਨਤੀਜਿਆਂ ਵਿੱਚ ਕਿਸਾਨੀ ਅੰਦੋਲਨ ਦਾ ਪ੍ਰਭਾਵ ਵੇਖਣ ਨੂੰ ਮਿਲੇਗਾ। ਨਵੇਂ ਮੰਤਰੀਆਂ ਨੂੰ ਪ੍ਰਬੰਧਕੀ ਪ੍ਰਣਾਲੀ ਨੂੰ ਸਮਝਣ ਵਿੱਚ ਵੀ ਥੋੜ੍ਹਾ ਸਮਾਂ ਲੱਗੇਗਾ। ਇਸ ਲਈ ਨਵੇਂ ਮੰਤਰੀਆਂ ਲਈ ਵਿਭਾਗਾਂ ਦੀ ਆਪਣੀ ਕਾਰਗੁਜ਼ਾਰੀ ਦੇ ਨਤੀਜੇ ਵਿਖਾਉਣਾ ਇਕ ਚੁਣੌਤੀ ਹੋਵੇਗੀ। ਚਰਨਜੀਤ ਸਿੰਘ ਚੰਨੀ ਨੇ ਅਧਿਕਾਰੀਆਂ ਦੀ ਚੋਣ ਹੁਣ ਤੱਕ ਤਾਂ ਮੈਰਿਟ 'ਤੇ ਕੀਤੀ ਹੈ, ਜਿਨ੍ਹਾਂ ਵਿੱਚ ਮੁੱਖ ਸਕੱਤਰ ਅਨੁਰਿਧ ਤਿਵਾੜੀ, ਡਾਇਰੈਕਟਰ ਜਨਰਲ ਪੁਲਿਸ ਇਕਬਾਲਪ੍ਰੀਤ ਸਿੰਘ ਸਹੋਤਾ ਅਤੇ ਪ੍ਰਿੰਸੀਪਲ ਸਕੱਤਰ ਮੁੱਖ ਮੰਤਰੀ ਹੁਸਨ ਲਾਲ ਤੋਂ ਇਲਾਵਾ ਮੁੱਖ ਮੰਤਰੀ ਦੇ ਦਫ਼ਤਰ ਵਿੱਚ ਤਾਇਨਾਤ ਅਧਿਕਾਰੀ ਸਾਰੇ ਹੀ ਇਮਾਨਦਾਰ ਅਤੇ ਕਾਰਜਕੁਸ਼ਲ ਹਨ।

# ਗਿੱਪੀ ਗਰੇਵਾਲ ਦੀ ਫਿਲਮ 'ਸ਼ਾਵਾ ਨੀ ਗਿਰਧਾਰੀ ਲਾਲ' 17 ਦਸੰਬਰ ਨੂੰ ਹੋਵੇਗੀ ਰਿਲੀਜ਼

ਇਸ ਸਾਲ ਦੀ ਸਭ ਤੋਂ ਉਡੀਕੀ ਜਾਣ ਵਾਲੀ ਪੰਜਾਬੀ ਫਿਲਮਾਂ ਵਿੱਚੋਂ ਇੱਕ, ਸ਼ਾਵਾ ਨੀ ਗਿਰਧਾਰੀ ਲਾਲ ਦੀ ਸ਼ੂਟਿੰਗ ਖਤਮ ਹੋ ਗਈ ਹੈ। ਓਮਜੀ ਗਰੁੱਪ ਦੇ ਸੰਸਥਾਪਕ ਅਤੇ ਚੇਅਰਮੈਨ,



ਮੁਨੀਸ਼ ਓਮਜੀ ਨੇ ਆਪਣੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਰਾਹੀਂ ਮਹੱਤਵਪੂਰਣ ਜਾਣਕਾਰੀ ਦਿੱਤੀ। ਫ਼ਿਲਮ ਵਿੱਚ ਗਿੱਪੀ ਗਰੇਵਾਲ ਅਤੇ ਨੀਰੂ ਬਾਜਵਾ ਦੇ ਨਾਲ ਹਿਮਾਂਸ਼ੀ ਖੁਰਾਨਾ ਅਤੇ ਸੁਰੀਲੀ ਗੌਤਮ ਵੀ ਹੈ। ਅਦਾਕਾਰ ਤੋਂ ਨਿਰਦੇਸ਼ਕ ਬਣੇ ਗਿੱਪੀ ਨੇ ਇੰਸਟਾਗੈਰਾਮ 'ਤੇ ਰਿਲੀਜ਼ਿੰਗ ਡੇਟ ਦੇ ਨਾਲ ਪੋਸਟਰ ਵੀ ਸਾਂਝਾ ਕੀਤਾ ਸੀ। 'ਸ਼ਾਵਾ ਨੀ ਗਿਰਧਾਰੀ ਲਾਲ' ਇਸ ਸਾਲ 17 ਦਸੰਬਰ ਨੂੰ ਰਿਲੀਜ਼ ਹੋਵੇਗੀ।'ਸ਼ਾਵਾ ਨੀ ਗਿਰਧਾਰੀ ਲਾਲ' ਦੀ ਗੱਲ ਕਰੀਏ ਤਾਂ ਇਹ 1940 ਦੇ ਦਹਾਕੇ ਦੀ ਇੱਕ ਪੀਰੀਅਡ ਕਾਮੇਡੀ ਹੈ। ਫਿਲਮ ਵਿੱਚ ਬਹੁਤ ਸਾਰੇ ਪੈਰਤਿਭਾਸ਼ਾਲੀ ਅਦਾਕਾਰ ਮੁੱਖ ਭੂਮਿਕਾਵਾਂ ਵਿੱਚ ਹਨ। ਇਸ ਤੋਂ ਇਲਾਵਾ, ਫਿਲਮ ਦੀ ਕਹਾਣੀ ਰਾਣਾ ਰਣਬੀਰ ਅਤੇ ਗਿੱਪੀ ਗਰੇਵਾਲ ਵੱਲੋਂ ਲਿਖੀ ਗਈ ਹੈ। ਇਸ ਲੇਖਕ-ਨਿਰਦੇਸ਼ਕ ਸੁਮੇਲ ਨੇ ਆਖਰੀ ਵਾਰ 2019 ਵਿੱਚ ਅਰਦਾਸ ਕਰਾਂ ਨਾਲ ਸਾਡਾ ਦਿਲ ਜਿੱਤਿਆ ਸੀ। ਨਾਲ ਹੀ, ਹੰਬਲ ਮੋਸ਼ਨ ਪਿਕਚਰਜ਼, ਪੂਜਾ ਐਂਟਰਟੇਨਮੈਂਟ ਫਿਲਮਜ਼ ਲਿਮਟਿਡ ਅਤੇ ਓਮਜੀ ਸਟਾਰ ਸਟੂਡੀਓਜ਼ ਦਾ ਸਹਿਯੋਗ ਵੀ ਦੇਖਣ ਨੂੰ ਮਿਲੇਗਾ।

ਪੈਰਸ਼ੰਸਕ ਫਿਲਮ ਲਈ ਸੱਚਮੁੱਚ ਉਤਸ਼ਾਹਿਤ ਹਨ, ਇਹ ਨਿਸ਼ਚਤ ਰੂਪ ਤੋਂ ਸਾਰੇ ਸਿਨੇਮਾ ਪੈਰੇਮੀਆਂ ਲਈ ਇੱਕ ਉਪਹਾਰ ਹੋਵੇਗਾ ਕਿਉਂਕਿ ਨਿਰਮਾਤਾ ਉੱਚ-ਕੀਮਤ ਵਾਲੀ ਮਨੋਰੰਜਕ ਸਮਗਰੀ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਨ।ਮਹਾਂਮਾਰੀ ਦੇ ਕਾਰਨ, ਬਹੁਤ ਸਾਰੀਆਂ ਪੰਜਾਬੀ ਫਿਲਮਾਂ ਦੀ ਰਿਲੀਜ਼ ਨੂੰ ਰੋਕਿਆ ਗਿਆ ਸੀ। ਹਾਲਾਂਕਿ, ਹੌਲੀ ਹੌਲੀ ਫਿਲਮ ਨਿਰਮਾਤਾ ਬਹੁਤ ਜ਼ਿਆਦਾ ਅਨੁਮਾਨਤ ਪੈਰੋਜੈਕਟਾਂ ਦੀ ਰਿਲੀਜ਼ ਤਰੀਕਾਂ ਦਾ ਐਲਾਨ ਕਰ ਰਹੇ ਹਨ। ਫਿਲਮ 'ਮਾਂ' ਦੀ ਰਿਲੀਜ਼ ਡੇਟ ਦਾ ਐਲਾਨ ਕਰਨ ਤੋਂ ਬਾਅਦ, ਹੁਣ ਅਭਿਨੇਤਾ ਗਿੱਪੀ ਗਰੇਵਾਲ ਨੇ ਹੁਣ ਆਪਣੀ ਤੀਜੀ ਨਿਰਦੇਸ਼ਕ ਫਿਲਮ 'ਸ਼ਾਵਾ ਨੀ ਗਿਰਧਾਰੀ ਲਾਲ' ਦੀ ਰਿਲੀਜ਼ ਡੇਟ ਦਾ ਖੁਲਾਸਾ ਕੀਤਾ ਸੀ।



NIRMAL SINGH BADHAN

NSB Insurance

HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

# ਸ਼ਹੀਦ ਭਗਤ ਸਿੰਘ

ਮਲਵਿੰਦਰ ਜੀਤ ਸਿੰਘ ਵੜੈਚ

ਭਗਤ ਸਿੰਘ ਦਾ ਜਨਮ 28 ਸਤੰਬਰ 1907, ਦਿਨ ਸ਼ਨਿਚਰਵਾਰ ਨੂੰ ਸੁਭਾ ਪੌਣੇ ਨੌਂ ਵਜੇ, ਲਾਇਲਪੁਰ (ਫੈਸਲਾ-ਬਾਦ, ਹੁਣ ਪਾਕਿਸਤਾਨ) ਜ਼ਿਲ੍ਹੇ ਦੇ ਪਿੰਡ ਬੰਗਾ (ਚੱਕ ਨੰ: 105) ਵਿਚ ਹੋਇਆ। ਉਸਦੇ ਦਾਦੇ ਸ. ਅਰਜਨ ਸਿੰਘ ਨੇ 1899 ਦੇ ਨੇੜ-ਤੇੜ, ਜ਼ਿਲ੍ਹਾ ਜਲੰਧਰ/ ਨਵਾਂਸ਼ਹਿਰ ਵਿਚਲੇ ਆਪਣੇ ਜੱਦੀ ਪਿੰਡ ਖਟਕੜ ਕਲਾਂ ਤੋਂ ਪਰਵਾਸ ਕਰਨ ਦਾ ਫੈਸਲਾ ਕਰ ਲਿਆ ਸੀ। ਅਸਲ ਵਿਚ, ਉਸ ਵੇਲੇ ਅਨੇਕਾਂ ਕਿਸਾਨ ਪੂਰਬੀ ਪੰਜਾਬ ਤੋਂ ਪੱਛਮੀ ਪੰਜਾਬ ਵਿਚ ਜਾ ਵੱਸੇ ਸਨ ਕਿਉਂਕਿ ਉਹਨਾਂ ਦੀਆਂ ਅੱਖਾਂ ਉਥੋਂ ਦੀਆਂ ਨਹਿਰੀ ਕਾਲੋਨੀਆਂ ਦੀ ਜਰਖੇਜ਼ ਅਤੇ ਅਛੋਹ ਪਈ ਜ਼ਮੀਨ ’ਤੇ ਲਲਚਾਈਆਂ ਹੋਈਆਂ ਸਨ, ਜਿਹੜੀ ਹੁਣ ਨਵੀਆਂ ਪੁੱਟੀਆਂ ਗਈਆਂ ਨਹਿਰਾਂ ਦੁਆਰਾ ਸਿੰਜੀ ਜਾਣ ਲੱਗ ਪਈ ਸੀ।


ਸਰਦਾਰ ਅਰਜਨ ਸਿੰਘ ਇਕ ਆਰੀਆ ਸਮਾਜੀ ਸੀ। ਕਾਂਗਰਸ ਦਾ ਇਕ ਸਰਗਰਮ ਮੈਂਬਰ ਹੋਣ ਤੋਂ ਇਲਾਵਾ ਉਹ ਰੂੜ੍ਹੀਵਾਦੀ ਸਮਾਜਿਕ ਵਿਚਾਰਾਂ, ਰਹੁ-ਰੀਤਾਂ ਅਤੇ ਖਾਸ ਕਰਕੇ ਜਾਤ-ਪਾਤ ਦਾ ਕੱਟੜ ਵਿਰੋਧੀ ਸੀ। ਇਸ ਕਰਕੇ, ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਉਸਦੇ ਤਿੰਨੇ ਪੁੱਤਰ ਸ. ਕਿਸ਼ਨ ਸਿੰਘ- ਭਗਤ ਸਿੰਘ ਦਾ ਪਿਤਾ, ਸ. ਅਜੀਤ ਸਿੰਘ ਅਤੇ ਸ. ਸਵਰਨ ਸਿੰਘ, ਆਜ਼ਾਦੀ ਸੰਘਰਸ਼ ਦੀ ਗਰਮ-ਖਿਆਲੀ ਧਾਰਾ ਵਿਚ ਸ਼ਾਮਲ ਹੋ ਗਏ। ਸ਼ਹੀਦ ਦਾ ਜਨਮ ਸਾਲ 1907, ਪੰਜਾਬ ਵਿਚ ਰਾਜਸੀ ਉਥਲ-ਪੁਥਲ ਦਾ ਸਾਲ ਸੀ। ਕੌਮੀ ਪੱਧਰ ’ਤੇ, 1905 ਵਿਚ ਹੋਈ ਬੰਗਾਲ ਦੀ ਵੰਡ, ਇਸ ਹਿਲਜੁਲ ਦਾ ਕਾਰਨ ਬਣੀ ਅਤੇ ਪੰਜਾਬ ਲਈ ਇਸ ਦਾ ਆਧਾਰ ਪੰਜਾਬ ਕੋਲੋਨਾਈਜੇਸ਼ਨ ਐਕਟ ਬਣਿਆ। ਇਸ ਐਕਟ ਰਾਹੀਂ ਹਕੂਮਤ, ਨਹਿਰੀ ਕਲੋ-ਨੀਆਂ ਵਿਚ ਆਬਾਦ ਹੋਏ ਕਿਸਾਨਾਂ ਤੋਂ, ਉਹਨਾਂ ਦੀ ਭੋਇੰ ਦੀ ਮਾਲਕੀ ਦੇ ਹੱਕ ਖੋਹ ਲੈਣਾ ਚਾਹੁੰਦੀ ਸੀ, ਉਹ ਭੋਇੰ ਜਿਹੜੀ ਉਹਨਾਂ ਕਰੜੀ ਘਾਲਣਾ ਨਾਲ ਜਾਨ ਮਾਰ ਕੇ ਵਾਹੀਯੋਗ ਬਣਾਈ ਸੀ। ਡੌਰ-ਭੌਰ ਹੋਏ ਕਿਸਾਨਾਂ ਤੋਂ, ਉਹਨਾਂ ਦੀ ਭੋਇੰ ਦੀ ਮਾਲਕੀ ਦੇ ਹੱਕ ਖੋਹ ਲੈਣਾ ਚਾਹੁੰਦੀ ਸੀ, ਉਹ ਭੋਇੰ, ਜਿਹੜੀ ਉਹਨਾਂ ਕਰੜੀ ਘਾਲਣਾ ਨਾਲ ਜਾਨ ਮਾਰਕੇ ਵਾਹੀ-ਯੋਗ ਬਣਾਈ ਸੀ। ਡੌਰ-ਭੌਰ ਹੋਏ ਕਿਸਾਨ ਆਪਣੇ ਤਿੜਕੇ ਹੋਏ ਸਵੈਮਾਣ ਨੂੰ ਗੰਢ ਮਾਰਨ ਲਈ ’ਪਗੜੀ ਸੰਭਾਲ ਓ ਜੱਟਾ’ ਗਾਉਣ ਲੱਗ ਪਏ। ਜਿਸ ਤਰ੍ਹਾਂ ਕਿ ਉਮੀਦ ਹੀ ਸੀ, ਸ. ਅਰਜਨ ਸਿੰਘ ਦਾ ਪਰਿਵਾਰ ਇਸ ਅੰ-ਦੋਲਨ ਦੀਆਂ ਮੋਹਰੀ ਸਫਾਂ ਵਿਚ ਆਣ ਡਟਿਆ, ਜਿਸਦਾ ਨਤੀਜਾ ਇਹ ਹੋਇਆ ਕਿ ਸ. ਕਿਸ਼ਨ ਸਿੰਘ ਨੂੰ ਨੇਪਾਲ ਦਾ ਦੇਸ਼-ਨਿਕਾਲਾ, ਸ. ਅਜੀਤ ਸਿੰਘ ਨੂੰ ਬਰਮਾ ਦੀ ਜਲਾਵਤਨੀ ਅਤੇ ਸ. ਸਵਰਨ ਸਿੰਘ ਨੂੰ ਕੈਦ ਹੋ ਗਈ। ਸ਼ਹੀਦ ਦਾ ਜਨਮ ਸ਼ੁੱਭ ਨਛੱਤਰਾਂ ਵਿਚ, ਉਹਨਾਂ ਤਿੰਨਾਂ ਦੇ ਵਾਪਸ ਪਰਤਣ ਦੀ ਖਬਰ ਦੇ ਨਾਲ ਹੀ ਹੋਇਆ ਅਤੇ ਉਸਦਾ ਨਿੱਕਾ-ਨਾਮ ਭਾਗਾਂਵਾਲਾ ਰੱਖਿਆ ਗਿਆ, ਜੋ ਬਾਅਦ ਵਿਚ ਭਗਤ ਸਿੰਘ ਹੋ ਗਿਆ, ਉਹ ਨਾਂ, ਜਿਸਨੇ ਇਕ ਲੋਕ-ਗਾਥਾ ਬਣਨਾ ਸੀ। ਵਿਧਮਾਤਾ ਬੱਚੇ ਨੂੰ ਵੇਖ ਕੇ ਮੁਸਕਰਾਈ ਪਰ ਇਕ ਵੱਖਰੇ ਹੀ ਅੰਦਾਜ਼ ਵਿਚ।

ਭਗਤ ਸਿੰਘ, ਜਦੋਂ ਅਜੇ ਉਹ ਬੱਚਾ ਹੀ ਸੀ ਤਾਂ ਉਹ ਘਰ ਵਿਚ ਆਪਣੀਆਂ ਦੋ ਨਿਆਸਰੀਆਂ ਚਾਚੀਆਂ ਨੂੰ ਵੇਖਦਾ-ਮਾਤਾ ਹਰਨਾਮ ਕੌਰ, ਇਹ ਸ. ਅਜੀਤ ਸਿੰਘ ਦੀ ਪਤਨੀ ਸੀ- ਜਿਸਨੂੰ ਜਲਾਵਤਨ ਕਰ ਦਿੱਤਾ ਗਿਆ ਸੀ ਅਤੇ ਕਿਸੇ ਨੂੰ ਉਸਦੇ ਜਿਉਂਦਾ ਹੋਣ ਦਾ ਯਕੀਨ ਵੀ ਨਹੀਂ ਸੀ ਅਤੇ ਮਾਤਾ ਹੁਕਮ ਕੌਰ, ਸ. ਸਵਰਨ ਸਿੰਘ ਦੀ ਘਰਵਾਲੀ ਸੀ, ਜੋ 1910 ਵਿਚ ਮਹਿਜ਼ 23 ਕੁ ਸਾਲਾਂ ਦੀ ਭਰ ਜੁਆਨੀ ਵਿਚ ਜੇਲ੍ਹ ਵਿਚ ਹੀ ਅਕਾਲ ਚਲਾਣਾ ਕਰ ਗਿਆ ਸੀ। ਉਹ ਦੋਵੇਂ ਮੁੰਡੇ ਤੋਂ ਜਾਨ ਛਿੜਕਦੀਆਂ ਸਨ, ਜਿਸਨੇ ਉਸ ਨਿੱਕੀ ਜਿਹੀ ਉਮਰੇ ਵੀ ਉਹਨਾਂ ਦੀ ਆਤਮਾ ਦੀ ਡੂੰਘੀ ਉਦਾਸੀ ਦੀ ਥਾਹ ਪਾ ਲਈ ਸੀ। ਮਰਜ਼ ਨੂੰ ਪਛਾਨਣ ਵਿਚ ਕੋਈ ਬਹੁਤਾ ਸਮਾਂ ਨਾ ਲੱਗਾ ਅਤੇ ਉਸਨੇ ਬਿਲਕੁਲ ਢੁਕਵੀਂ ਪਛਾਣ ਕੀਤੀ ਕਿ ਇਸ ਬਿਮਾਰੀ ਦੀ ਜੜ੍ਹ ਵਿਦੇਸ਼ੀਆਂ ਦਾ ਅੱਤਿਆਚਾਰੀ ਸ਼ਾਸਨ ਹੈ। ਅਕਸਰ ਹੀ, ਉਹ ਸਕੂਲੋਂ ਪੜ੍ਹ ਕੇ ਆਉਂਦਾ ਤਾਂ ਬੜੀ ਮਾਸੂਮੀਅਤ ਨਾਲ ਆਪਣੀ ਚਾਚੀ ਹਰਨਾਮ ਕੌਰ ਨੂੰ ਪੁੱਛਦਾ ਕਿ ਕੀ ਚਾਚਾ ਜੀ ਦੀ ਕੋਈ ਚਿੱਠੀ ਆਈ ਹੈ? ਉਹ ਇਹ ਨਹੀਂ ਸੀ ਜਾਣਦਾ ਕਿ ਇਸ ਸੁਆਲ ਨਾਲ ਚਾਚੀ ਦੇ ਮਨ ਵਿਚ ਜਜ਼ਬਾਤਾਂ ਦਾ ਜਵਾਲਾਮੁਖੀ ਖੌਲਣ ਲੱਗ ਪਵੇਗਾ। ਜਵਾਬ ਦੇਣ ਤੋਂ ਅਸਮਰੱਥ, ਚਾਚੀ ਦੇ ਚਿਹਰੇ ਦੇ ਉਦਾਸ ਹਾਵ-ਭਾਵ ਵੇਖ ਕੇ ਉਹ ਭੜਕ ਉੱਠਦਾ ਅਤੇ ਪੂਰੇ ਜੋਸ਼ ਵਿਚ ਆ ਕੇ ਬੋਲਦਾ ਕਿ ਜਦੋਂ ਉਹ ਵੱਡਾ ਹੋ ਗਿਆ ਤਾਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਉਹ ਬੰਦੂਕ ਲੈ ਕੇ ਅੰਗਰੇਜ਼ਾਂ ਨਾਲ ਲੜੇਗਾ ਅਤੇ ਆਪਣੇ ਚਾਚੇ ਨੂੰ ਵਾਪਸ ਲਿਆਵੇਗਾ। ਮਜ਼ਲੂਮਾਂ ਨਾਲ ਹਮਦਰਦੀ ਅਤੇ ਜ਼ਾਲਮਾਂ ਦੇ ਖਿਲਾਫ ਗੁੱਸਾ, ਉਸਦੇ ਦਿਲ ਦੀਆਂ ਡੂੰਘਾਣਾਂ ਵਿਚ ਬਹਿ ਗਿਆ ਕਿਉਂਕਿ ਉਹਨਾਂ ਦੇ ਘਰ 1914-15 ਦੇ ਗਦਰੀਆਂ ਸਮੇਤ ਹਰ ਤਰ੍ਹਾਂ ਦੇ ਗਰਮ-ਖਿਆਲੀਆਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਉਹਨਾਂ ਵਿਚੋਂ ਨੌਜਵਾਨ ਨਾਇਕ ਕਰਤਾਰ ਸਿੰਘ ਸਰਾਭਾ, ਉਸਦਾ ਆਦਰਸ਼ ਬਣ ਗਿਆ।

13 ਅਪ੍ਰੈਲ 1919 ਨੂੰ ਵਿਸਾਖੀ ਦੇ ਮੁਬਾਰਕ ਦਿਹਾੜੇ, ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੇ ਦੇਸ਼ ਨੂੰ ਧੁਰ-ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਨੌਜਵਾਨ ਭਗਤ ਸਿੰਘ, 14 ਅਪ੍ਰੈਲ ਨੂੰ ਉਸ ਖੂਨੀ ਥਾਂ ’ਤੇ ਜਾਣੋਂ ਨਾ ਰੁਕ ਸਕਿਆ ਅਤੇ ਉਥੋਂ, ਉਸਨੇ ਲਹੂ-ਭਿੱਜੀ ਮਿੱਟੀ ਚੁੱਕ ਕੇ ਸਾਰੀ ਉਮਰ ਲਈ ਇਕ ਨਿਸ਼ਾਨੀ ਵਜੋਂ ਸੰਭਾਲ ਲਈ। ਉਸ ਦਿਨ ਉਹ ਸਕੂਲ (ਲਾਹੌਰ) ਜਾਣ ਦੀ ਬਜਾਏ ਸਿੱਧਾ ਅੰਮ੍ਰਿਤਸਰ ਗਿਆ। ਉਥੋਂ ਸ਼ਾਮ ਨੂੰ ਵਾਪਸ ਆਉਂਦਿਆਂ ਕਾਫੀ ਕੁਵੇਲਾ ਹੋ ਗਿਆ ਤਾਂ ਬੁਰੀ ਤਰ੍ਹਾਂ ਘਬਰਾਏ ਅਤੇ ਬੇਚੈਨ ਹੋਏ ਪਰਿਵਾਰਕ ਮੈਂਬਰਾਂ ਦੇ ਸਾਹ ਸੁੱਕੇ ਰਹੇ। ਖੂਨ ਦੀ ਇਸ ਹੋਲੀ ਨਾਲ, ਸਾਡੇ ਆਜ਼ਾਦੀ-ਸੰਗਰਾਮ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਪਰਿਵਰਤਨ ਤਾਂ ਆਇਆ ਹੀ, ਸਗੋਂ ਸ਼ਹੀਦ ਦੀ ਜ਼ਿੰਦਗੀ ਵਿਚ ਵੀ ਇਕ ਇਕ ਤਿੱਖਾ ਮੋੜ ਸਾਬਤ ਹੋਈ। ਇਸ ਤੋਂ ਸਿਰਫ ਦੋ ਸਾਲਾਂ ਬਾਅਦ ਖੂਨ ਦੀ ਇਕ ਹੋਰ ਹੋਲੀ, ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ, ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਖੇਡੀ ਗਈ, ਜਦੋਂ 20 ਫਰਵਰੀ 1921 ਨੂੰ ਲੱਗਭੱਗ 150 ਨਿਹੱਥੇ ਸਿੱਖ ਸ਼ਰਧਾਲੂ ਕਤਲ ਕਰ ਦਿੱਤੇ ਗਏ ਅਤੇ ਉਹਨਾਂ ਦੀਆਂ ਲਾਸ਼ਾਂ ਨੂੰ ਮਿੱਟੀ ਦਾ ਤੇਲ ਛਿੜਕ ਕੇ ਸਾੜ ਦਿੱਤਾ ਗਿਆ। ਭਾਵੇਂ ਕਿ ਸਾਫ ਤੌਰ ’ਤੇ ਇਹ ਇਕ ਧਾਰਮਿਕ ਮਾਮਲਾ ਸੀ ਪਰ ਇਸਦਾ ਇਕ ਰਾਜਨੀਤਿਕ ਪਹਿਲੂ ਵੀ ਸੀ। ਅਸਲ ਵਿਚ, ਇਹ ਨਰਸੰਹਾਰ ਬਦਮਾਸ਼ ਅਤੇ ਦੁਰਾਚਾਰੀ ਮਹੰਤਾਂ ਦੁ-ਆਰਾ ਕੀਤਾ ਗਿਆ ਸੀ, ਜਿਹੜੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੇ ਸਨ ਅਤੇ ਧਾਰਮਿਕ ਅਸਥਾਨਾਂ ਦੇ ਨਾਂ ਬੇ-ਥਾਹ ਜ਼ਮੀਨ-ਜਾਇਦਾਦ ਦੀ ਦੁਰਵਰਤੋਂ ਕਰਦੇ ਸਨ। ਸਿੱਖ, ਉਹਨਾਂ ਮਹੰਤਾਂ ਨੂੰ ਅਧਰਮੀ ਮੰਨਦੇ ਸਨ ਅਤੇ ਉਹਨਾਂ ਨੂੰ ਗੁਰਦੁਆ-ਰਿਆਂ ’ਚੋਂ ਬਾਹਰ ਕੱਢਣ ਲਈ ਇਕ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ ਪਰ ਹਕੂਮਤ ਮਹੰਤਾਂ ਦੀ ਪਿੱਠ ਪੂਰ ਰਹੀ ਸੀ। ਭਗਤ ਸਿੰਘ, ਜਦੋਂ 5 ਮਾਰਚ 1921 ਨੂੰ ਉਥੇ ਰੱਖੀ ਗਈ ਇਕ ਬਹੁਤ ਵੱਡੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ, ਨਨਕ-ਾਣਾ ਸਾਹਿਬ ਗਿਆ ਤਾਂ ਉਹ ਇਥ ਵਾਰ ਫਿਰ ਧੁਰ-ਅੰਦਰੋਂ ਝੰਜੋੜਿਆ ਗਿਆ। ਉਥੋਂ ਉਹ, ਉਹਨਾਂ ਬੇ-ਰਹਿਮ ਹੱਤਿਆਵਾਂ ਦੀ ਯਾਦ ਵਿਚ ਬਣਾਇਆ ਗਿਆ ਇਕ ਕੈਲੰਡਰ ਲੈ ਕੇ ਵਾਪਸ ਆ ਗਿਆ। ਹਕੂਮਤ ਦੇ ਵਿਰੋਧ ਅਤੇ ਨਾ-ਫੁਰਮਾਨੀ ਦੇ ਚਿੰਨ੍ਹ ਵਜੋਂ, ਉਸਨੇ ਵੀ ਬਾਕੀ ਸਿੱਖਾਂ ਵਾਂਗ ਕਾਲੀ ਦਸਤਾਰ ਬੰਨ੍ਹਣੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਪੰਜਾਬੀ/ਗੁਰਮੁਖੀ ਸਿੱਖਣੀ ਵੀ ਸ਼ੁਰੂ ਕਰ ਦਿੱਤੀ, ਜਿਸ ਨੂੰ ਪ੍ਰਾਚੀਨ ਸਮੇਂ ਤੋਂ ਹੀ ਧਰਮੀ ਅਤੇ ਸਚਿਆਰ ਸਿੱਖ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਵੱਡੀ ਗਿਣਤੀ ਵਿਚ ਸਿੱਖਦੇ ਰਹੇ ਸਨ। ਦਿਲਚਸਪ ਗੱਲ ਇਹ ਹੈ ਕਿ ਭਗਤ ਸਿੰਘ ਪਹਿਲਾਂ ਹੀ ਉਰਦੂ, ਹਿੰਦੀ ਅਤੇ ਸੰ-ਸਕ੍ਰਿਤ ਵਿਚ ਚੰਗੀ ਮੁਹਾਰਤ ਹਾਸਲ ਕਰ ਚੁੱਕਾ ਸੀ, ਸਗੋਂ ਅੰਗਰੇਜ਼ੀ ਸਿੱਖਣ ਲਈ ਬਾਅਦ ਵਿਚ ਉਸਨੂੰ ਕਾਫੀ ਮਿਹਨਤ ਕਰਨੀ ਪਈ ਸੀ। ਫਿਰ ਵੀ, ਜਦੋਂ ਉਸਨੇ ’ਕਿਰਤੀ’ ਰਸਾਲੇ ਲਈ ਲੇਖ-ਲੜੀਆਂ, ਜਿਹਨਾਂ ਵਿਚ ਬਹੁਤੀਆਂ ਸ਼ਹੀਦਾਂ ਦੀਆਂ ਜੀਵਨੀਆਂ ਹੁੰਦੀਆਂ ਸਨ- ਲਿਖਣੀਆਂ ਸ਼ੁਰੂ ਕੀਤੀਆਂ ਤਾਂ ਪਹਿਲਾਂ ਪੰਜਾਬੀ ਸਿੱਖੀ ਹੋਈ ਹੋਣ ਕਰਕੇ, ਉਸ ਲਈ ਬੜਾ ਸੁਖਾਲਾ ਰਿਹਾ। ਇਸ ਤੋਂ ਬਾਅਦ ਉਸਨੇ, ਗਾਂਧੀ ਜੀ ਦੁਆਰਾ ਦਿੱਤੇ ਗਏ ਨਾ-ਮਿਲਵਰਤਨ ਲਹਿਰ ਦੇ ਸੱਦੇ ’ਤੇ, ਲਾਹੌਰ ਦਾ ਡੀ.ਏ. ਵੀ. ਸਕੂਲ ਛੱਡ ਦਿੱਤਾ। ਨਾ-ਮਿਲਵਰਤਨ ਲਹਿਰ ਦੌਰਾਨ ਗਾਂਧੀ ਜੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਸੀ ਕਿ ਉਹ, ਹਕੂਮਤ ਤੋਂ ਸਹਾਇਤਾ-ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸੰਸਥਾਵਾਂ ਨੂੰ ਛੱਡ ਕੇ ਨੈਸ਼ਨਲ ਸਕੂਲਾਂ/ਕਾਲਜਾਂ ਵਿਚ ਦਾਖਲ ਹੋ ਜਾਣ। ਭਗਤ ਸਿੰਘ ਜੋ ਅਜੇ ਨੌਵੀਂ ਜਮਾਤ ਵਿਚ ਹੀ ਸੀ- ਵੀ ਨੈਸ਼ਨਲ ਕਾਲਜ ਲਾਹੌਰ ਵਿਚ ਦਾਖਲਾ ਲੈਣਾ ਚਾਹੁੰਦਾ ਸੀ, ਜਿਸ ਲਈ ਉਸਨੂੰ ਦਾਖਲੇ ਤੋਂ ਪਹਿਲਾਂ ਇਕ ਇਮਤਿਹਾਨ ਪਾਸ ਕਰਨਾ ਪੈਣਾ ਸੀ, ਜਿਹੜਾ ਉਸਨੇ ਪਾਸ ਕਰ ਲਿਆ। ਇਸ ਕਾਲਜ ਵਿਚ ਪੜ੍ਹਦਿਆਂ ਉਹ ਸੁਖਦੇਵ, ਭਗਵਤੀ ਚਰਨ ਵੋਹਰਾ, ਯਸ਼ਪਾਲ ਅਤੇ ਕੁਝ ਹੋਰ ਦੋਸਤਾਂ ਦੇ ਸੰਪਰਕ ਵਿਚ ਆਇਆ। ਇਹ ਦੋਸਤ ਉਸਦੇ ਭਵਿੱਖ ਦੇ ਸਾਥੀ ਸਨ। ਪਾਠਕ੍ਰਮ, ਲਾਇਬ੍ਰੇਰੀ ਦੀਆਂ ਪੁਸਤਕਾਂ ਅਤੇ ਅਧਿਆਪਕਾਂ ਸਮੇਤ, ਕਾਲਜ ਦਾ ਪੂਰਾ ਮਾਹੌਲ ਹੀ ਇਸ ਢੰਗ ਨਾਲ ਸਿਰਜਿਆ ਗਿਆ ਸੀ ਕਿ ਵਿਦਿਆਰਥੀਆਂ ਵਿਚ ਗਰਮ ਖਿਆਲ ਰਾਜਸੀ ਚੇਤਨਾ ਨੂੰ ਹੁਲਾਰਾ ਮਿਲੇ। ਭਗਤ ਸਿੰਘ ਇਕ ਗੰਭੀਰ ਪਾਠਕ ਬਣ ਗਿਆ, ਇਹ ਗੁਣ ਉਸਦੇ ਸੁਭਾਅ ਦਾ ਮਾਨੋ ਦੂਸਰਾ ਪਹਿਲੂ ਸੀ। ਐਫ. ਏ. ਦਾ ਇਮਤਿਹਾਨ ਪਾਸ ਕਰਨ ਤੋਂ ਤੁਰੰਤ ਬਾਅਦ ਹੀ ਉਸਦੀ ਕਾਲਜੀ ਪੜ੍ਹਾਈ ਰੁਕ ਗਈ। ਉਹ ਘਰ ਆ ਗਿਆ ਕਿਉਂਕਿ ਘਰਦੇ ਉਸਦਾ ਵਿਆਹ ਕਰਨ ਲਈ ਬਜ਼ਿੱਦ ਸਨ। ਇਹ ਸਾਲ 1923 ਦੇ ਪਿਛਲੇ ਅੱਧ ਦੀ ਗਲ ਹੈ। ਉਸਨੇ ਆਪਣੇ ਪਰਿਵਾਰ ਤੋਂ ਅਲਹਿਦਾ ਹੋ ਕੇ ਕਰੀਬ 6 ਮਹੀਨੇ ਕਾਨ੍ਹਪੁਰ ਗੁਜ਼ਾਰੇ, ਜਿੱਥੇ ਉਸਨੇ ਇਕ ਮਸ਼ਹੂਰ ਰਾਸ਼ਟਰਵਾਦੀ ਅਤੇ ਪਰਤਾਪ ਅਖਬਾਰ ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਤੋਂ ਪੱਤਰਕਾਰੀ ਦੀ ਕਲਾ ਸਿੱਖਣੀ ਆਰੰਭ ਕੀਤੀ ਅਤੇ ਕਾਕੋਰੀ ਗਰੁੱਪ ਦੇ ਨਾਂ ਨਾਲ ਮਸ਼ਹੂਰ, ਹਿੰ-ਦੋਸਤਾਨ ਰੀਪਬਲਿਕਨ ਐਸੋਸੀਏਸ਼ਨ ਨਾਲ ਆਪਣੇ ਮੁਢਲੇ ਸੰਪਰਕ ਸਥਾਪਤ ਕੀਤੇ। ਉਹ ਸਰਗਰਮ ਇਨਕਲਾਬੀ ਲਹਿਰ ਵਿਚ ਕੁੱਦ ਪਿਆ ਅਤੇ ਬਾਅਦ ਵਿਚ ਸੁਖਦੇਵ ਦੇ ਸਹਿਯੋਗ ਨਾਲ ਪੰਜਾਬ ਵਿਚ ਹਿੰਦੋਸਤਾਨ ਰੀਪਬਲਿਕਨ ਐਸੋਸੀਏਸ਼ਨ ਦੀ ਇਕਾਈ ਕਾਇਮ ਕਰਨ ਵਿਚ ਪੂਰੀ ਸਰਗਰਮੀ ਨਾਲ ਸ਼ਾਮਲ ਹੋ ਗਿਆ। 1924 ਦੇ ਸ਼ੁਰੂ ਵਿਚ, ਘਰ ਵਾਪਸ ਆਉਣ ਤੋਂ ਤੁਰੰਤ ਬਾਅਦ ਹੀ ਅਪ੍ਰੈਲ 1924 ਵਿਚ ਉਸਨੂੰ ਰੂਪੋਸ਼ ਹੋਣਾ ਪਿਆ। ਵਜ੍ਹਾ ਇਹ ਸੀ ਕਿ ਜੈਤੋ ਦੇ ਮੋਰਚੇ ਦੇ ਸਬੰਧ ਵਿਚ 500 ਸੱਤਿਆਗ੍ਰਹੀਆਂ ਦਾ ਇਕ ਵੱਡਾ ਜਥਾ ਗੁਰਦੁਆਰਾ ਗੰਗਸਰ ਨੂੰ ਜਾ ਰਿਹਾ ਸੀ, ਜਦੋਂ ਇਹ ਜਥਾ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਬੰਗਾ (ਚੱਕ ਨੰ: 105) ਵਿਚ ਦੁਪਹਿਰ ਦੇ ਸਮੇਂ ਰੁਕਿਆ ਤਾਂ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਰਲ ਕੇ, ਉਹਨਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਸੀ। ਉਹ ਦਸੰਬਰ 1925 ਤੱਕ ਰੂਪੋਸ਼ ਰਿਹਾ। ਇਸ ਦੌਰਾਨ ਉਹ ਜ਼ਿਆਦਾਤਰ ਦਿੱਲੀ ਜਾਂ ਯੂ. ਪੀ. ਵਿਚ ਰਿਹਾ। 1926 ਦੇ ਮੁੱਢ ਵਿਚ ਹੀ ਉਸਨੇ ਰਾਮ ਚੰਦਰ, ਭਗਵਤੀ ਚਰਨ ਵੋਹਰਾ, ਸੁਖਦੇਵ ਅਤੇ ਹੋਰ ਸਾਥੀਆਂ ਨਾਲ ਰਲ ਕੇ ਨੌ-ਜਵਾਨ ਭਾਰਤ ਸਭਾ ਬਣਾ ਲਈ। ਕ੍ਰਾਂਤੀਕਾਰੀਆਂ ਵਾਸਤੇ ਇਹ ਸੰਸਥਾ ਇਕ ਖੁੱਲ੍ਹਾ ਅਤੇ ਜਨਤਕ ਮੰਚ ਸੀ। ਇਹ ਸਸਥਾ

(ਬਾਕੀ ਅਗਲੇ ਸਫੇ ’ਤੇ)

## 4 Actual Photographs of Bhagat Singh



Bhagat Singh as a child

In 1923, Bhagat Singh in a Group Photo of Dramatic Club of National College Lahore

Shahid Bhagat Singh photographed at Lahore Railway Police Station, during his first arrest (29 May - 4 July 1927) in connection with 'Lahore Dussehra Bumb Case' (25 Oct. 1926) with Gopal Singh Pannu, DSP, CID Lahore

Bhagat Singh Photographed on 03.04.1929 before Assembly Bomb Explosion



ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ



ਗੁਰਲਾਲ ਸਿੰਘ ਬਰਾੜ



ਸੀਤਾ ਰਾਮ ਮਾਧੋਪੁਰੀ, ਬਲਵਿੰਦਰ ਕੌਰ ਬਾਂਸਲ

# ਪੰਜਾਬ 'ਚ ਸਿਆਸੀ ਖਿਲਾਅ, ਸੂਬਾਈ ਨੇਤਾਵਾਂ ਦੇ ਬੱਝੇ ਹੋਏ ਹੱਥ



ਗੁਰਮੀਤ ਪਲਾਹੀ
91-98158-02070

ਪੰਜਾਬ 'ਚ ਨਵੀਂ ਸਰਕਾਰ ਬਣੀ ਨੂੰ ਇੱਕ ਹਫ਼ਤਾ ਬੀਤ ਚੁੱਕਾ ਹੈ। ਨਵੀਂ ਕਾਂਗਰਸੀ ਸਰਕਾਰ ਦਾ ਮੁਖੀ ਚਰਨਜੀਤ ਸਿੰਘ ਚੰਨੀ ਆਪਣੇ ਵਜ਼ਾਰਤੀ ਗਠਨ ਨੂੰ ਲੈ ਕੇ ਅਤੇ ਹੋਰ ਪ੍ਰਬੰਧਕੀ ਫੇਰ ਬਦਲ ਦੀਆਂ ਮਨਜ਼ੂਰੀਆਂ ਕਾਂਗਰਸੀ ਹਾਈ ਕਮਾਂਡ ਉਰਫ਼ ਗਾਂਧੀ ਪਰਿਵਾਰ ਤੋਂ ਲੈਣ ਲਈ ਦਿੱਲੀ ਦਰਬਾਰ ਦੇ ਪੰਜ ਗੇੜੇ ਉਪਰੋਂ-ਥਲੀ ਲਾ ਚੁੱਕਾ ਹੈ। ਇਸਦੇ ਕੀ ਅਰਥ ਕੱਢੇ ਜਾਣ?

ਪੰਜਾਬ ਕਾਂਗਰਸ ਦੇ ਆਪਸੀ ਕਾਟੋ-ਕਲੇਸ਼ ਨੇ ਪੰਜਾਬ ਦੀ ਕਾਂਗਰਸ ਖੱਖੜੀਆਂ-ਖੱਖੜੀਆਂ ਕਰ ਦਿੱਤੀ ਹੈ। ਇਸਦਾ ਲਾਹਾ ਹੁਣ ਕਾਂਗਰਸੀ ਹਾਈ ਕਮਾਂਡ ਲੈ ਰਹੀ ਹੈ, (ਅੱਗੋਂ ਵਿਰੋਧੀ ਧਿਰ ਲਵੇਗੀ)। ਕਾਂਗਰਸ ਹਾਈ ਕਮਾਂਡ ਨੂੰ ਲੰਮਾ ਸਮਾਂ ਪੰਜਾਬ ਦੇ ਕੈਪਟਨ ਨੇ ਪੰਜਾਬ ਵਿੱਚ ਉੱਚਾ ਸਾਹ ਨਹੀਂ ਲੈਣ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਮਨ ਆਈਆਂ ਕਰਦਿਆਂ ਪੰਜਾਬ ਸਰਕਾਰ ਦੇ ਨੌਕਰਸ਼ਾਹਾਂ,ਆਪਣੇ ਸਲਾਹਕ-ਾਰਾਂ ਬਲਬੂਤੇ ਪੰਜਾਬ ਦੀ ਚੰਗੀ ਜਾਂ ਮਾੜੀ ਸਰਕਾਰ ਸਾਢੇ ਚਾਰ ਸਾਲ ਚਲਾਈ। ਆਪਣੇ ਵਲੋਂ ਚੋਣ ਮੈਨੀਫੈਸਟੋ 'ਚ ਦਿੱਤੇ 90 ਫ਼ੀਸਦੀ ਵਾਇਦੇ ਪੂਰੇ ਕਰਨ ਦੇ ਕਸੀਦੇ ਪੜ੍ਹੇ। ਅਖ਼ਬਾਰੀ ਇਸ਼ਤਿਹਾਰ ਛਾਪਵਾਏ। ਪ੍ਰਾਪਤੀਆਂ ਦੇ ਬਿਆਨ ਜਾਰੀ ਕੀਤੇ। ਪਰ ਤਖ਼ਤ-ਪਲਟ ਉਪਰੰਤ ਚਰਨਜੀਤ ਸਿੰਘ ਚੰਨੀ ਨੇ (ਜੋ ਉਸਦੀ ਵਜ਼ਾਰਤ ਦਾ ਹੀ ਇੱਕ ਵਜ਼ੀਰ ਸੀ), ਸਾਰੇ ਇਸ਼ਤਿਹਾਰੀ ਬੋਰਡ, ਜੋ ਸ਼ਹਿਰਾਂ ਕਸਬਿਆਂ 'ਚ ਥਾਂ-ਥਾਂ ਲੱਗੇ ਹੋਏ ਸਨ, ਲੁਹਾ ਦਿੱਤੇ। ਕੈਪਟਨ ਅਮਰਿੰਦਰ ਸਿੰਘ ਦਾ ਸਰਕਾਰੇ-ਦਰਬਾਰੇ ਖੁਰਾ-ਖੋਜ ਮਿਟਾਉਣ ਲਈ ਉਸਦੀਆਂ ਤਸਵੀਰਾਂ ਦਫ਼ਤਰਾਂ ਚੋਂ ਲਾਹ ਮਾਰੀਆਂ, ਉਸਦੇ ਖ਼ਾਸ ਸਾਥੀਆਂ ਨੂੰ ਵਜ਼ਾਰਤੋਂ ਬਾਹਰ ਦਾ ਰਸਤਾ ਦਿੱਖਾ ਦਿੱਤਾ।

ਆਪ ਮੁੱਖ ਮੰਤਰੀ ਬਨਣ ਦੇ ਚਾਅ 'ਚ ਮੁੱਖ ਮੰਤਰੀ ਸੱਚੀਂ-ਮੁੱਚੀਂ ਦਾ ਭੰਗੜਾ ਪਾਉਂਦਾ ਨਜ਼ਰ ਆਇਆ। ਇਹ ਭੰਗੜੇ, ਇਹ ਚਾਅ, ਧੜਿਆਂ 'ਚ ਵੰਡੀ ਕਾਂਗਰਸ ਪਾਰਟੀ, ਮੁੱਖ ਮੰਤਰੀ ਚੰਨੀ ਨੂੰ ਕਿੰਨੇ ਦਿਨ ਪੂਰੇ ਕਰਨ ਦੇਵੇਗੀ? ਗਰੀਬ ਲੋਕ, "ਇਸ ਗਰੀਬ ਲੋਕ ਮੁੱਖ ਮੰਤਰੀ" ਨੂੰ ਕੀ ਇਸ ਤਰ੍ਹਾਂ ਦੇ ਸਵਾਲ ਨਹੀਂ ਪੁੱਛਣ ਲਗਣਗੇ ਕਿ"ਕਦੋਂ ਹੱਲ ਕਰੋਗੇ ਸਾਡੇ ਮਸਲੇ? ਕਦੋਂ ਹੱਲ ਕਰੋਗੇ ਸਾਡੀਆਂ ਸਮੱਸਿਆਵਾਂ? ਕਿਉਂਕਿ ਪੰਜਾਬ ਦੀ ਤਾਣੀ ਉਲਝੀ ਹੋਈ ਹੈ, ਕੋਈ ਵੀ ਅਸਥਿਰ ਕਿਸਮ ਦੀ ਸਰਕਾਰ ਜਾਂ ਅਸਥਿਰ ਕਿਸਮ ਦਾ ਮੁੱਖ ਮੰਤਰੀ ਬਾਕੀ ਰਹਿੰਦੇ ਲਗਭਗ 100 ਦਿਨਾਂ 'ਚ ਕੁਝ ਵੀ ਸ਼ਾਇਦ ਕਰਨ ਯੋਗ ਨਹੀਂ ਹੋਏਗਾ, ਖ਼ਾਸ ਤੌਰ 'ਤੇ ਉਦੋਂ ਜਦ ਹਰ ਗੱਲ ਲਈ ਉਸਨੂੰ ਆਪਣੇ "ਦਿੱਲੀ ਰਹਿੰਦੇ ਬੌਸ" ਤੋਂ ਹਰ ਗੱਲ ਲਈ ਆਗਿਆ ਲੇਣੀ ਪਵੇ, ਉਹ ਬੌਸ ਜਿਹੜਾ ਆਲ ਇੰਡੀਆ ਕਾਂਗਰਸ ਪਾਰਟੀ ਦਾ ਪ੍ਰਧਾਨ ਵੀ ਨਹੀਂ ਹੈ, ਪਰ ਸਾਰੇ ਫ਼ੈਸਲੇ ਕਾਂਗਰਸ ਵਿੱਚ ਉਸ ਤੋਂ ਬਿਨ੍ਹਾਂ ਨਹੀਂ ਕੀਤੇ ਜਾਂਦੇ।

ਮੁੱਖ ਮੰਤਰੀ ਦੀ ਰੱਦੋ ਬਦਲ ਤਾਂ ਚਲੋ ਇੱਕ ਉਦਾਹਰਨ ਹੈ, ਜਿਸ ਵਿੱਚ ਦਿਨੇ ਕੋਈ ਹੋਰ ਰਾਤੀਂ ਕੋਈ ਹੋਰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਆ ਬਣਿਆ, ਪਰ ਜਿਹੋ ਜਿਹਾ ਨਜ਼ਾਰਾ ਵਜ਼ਾਰਤ ਵਿੱਚ ਵਾਧੇ-ਘਾਟੇ ਦਾ ਵੇਖਣ ਨੂੰ ਮਿਲਿਆ, ਉਸਨੇ ਤਾਂ ਕਮਾਲ ਹੀ ਕਰ ਦਿੱਤੀ। ਆਖ਼ਰੀ ਵੇਲੇ ਤੱਕ ਵੀ ਉਵੇਂ ਹੀ ਰੱਦੋ ਬਦਲ ਹੋਈ, ਜਿਵੇਂ ਦੀ ਰੱਦੋ ਬਦਲ ਸੂਬਾ ਸਰਕਾਰ ਦੇ ਐਡਵੋਕੇਟ ਜਨਰਲ ਦੀ ਨਿਯੁੱਕਤੀ ਕਰਨ ਵੇਲੇ ਵੇਖਣ ਨੂੰ ਮਿਲੀ, ਜਿਥੇ ਪਹਿਲਾਂ ਨਾਮ ਐਡਵੋਕੇਟ ਡੀ.ਐਸ. ਪਟਵਾਲੀਆ ਦਾ ਆਇਆ, ਫਿਰ ਬਦਲਦੇ ਦੂਜੇ ਦਿਨ ਸੀਨੀਅਰ ਐਡਵੋਕੇਟ ਅਨਮੋਲ ਰਤਨ ਸਿੰਘ ਸਿੱਧੂ ਦਾ ਚੱਲਿਆ ਤੇ ਅਖ਼ੀਰ 'ਚ ਮੋਹਰ ਸੀਨੀਅਰ ਐਡਵੋਕਟ ਅਮਰਪ੍ਰੀਤ ਸਿੰਘ ਦੇ ਨਾਮ ਉਤੇ ਲੱਗੀ। ਇਹ ਐਡਵੋਕੇਟ ਸੂਬਾ ਸਰਕਾਰ ਵਿਰੁੱਧ ਬੇਅਦਬੀ ਮਾਮਲੇ 'ਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੇ ਪੁਲਸ ਅਫ਼ਸਰ ਪਰਮਰਾਜ ਸਿੰਘ ਉਮਰਾਨੰਗਲ ਦਾ ਕੇਸ ਵੀ ਲੜਦਾ ਰਿਹਾ ਹੈ ਅਤੇ ਉਹਨਾਂ ਦੇ ਆਮਦਨ ਤੋਂ ਜ਼ਿਆਦਾ ਜ਼ਾਇਦਾਦ ਦੇ ਮਾਮਲਿਆਂ ਬਾਰੇ ਕੇਸ ਵੀ ਲੜਦਾ ਰਿਹਾ ਹੈ। ਇਹੋ ਜਿਹੇ ਹਾਲਾਤ ਵਿੱਚ ਉਹ ਸਰਕਾਰ ਦੇ ਪੱਖ ਦੇ ਕੇਸ ਕਿਵੇਂ ਲੜੇਗਾ?

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਗੱਦੀ ਤੋਂ ਕਿਉਂ ਲਾਹਿਆ ਗਿਆ, ਸਗੋਂ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਮੌਜੂਦਾ ਤਖ਼ਤ-ਪਲਟ ਦੇ ਬਿਰਤਾਂਤ ਦੀ ਮੂਲ ਭਾਵਨਾ ਕੀ ਹੈ? ਕੀ ਮਾਇਨੇ ਹਨ ਪੰਜਾਬ 'ਚ ਸੱਤਾ ਬਦਲੀ ਦੇ? ਬਿਨ੍ਹਾਂ ਸ਼ੱਕ ਇੱਕ ਇਹੋ ਜਿਹੇ ਵਿਅਕਤੀ ਨੂੰ ਕਾਂਗਰਸ ਹਾਈ ਕਮਾਂਡ ਨੇ ਪੰਜਾਬ ਦੀ ਵਾਂਗਡੋਰ ਸੰਭਾਲੀ ਹੈ, ਜੋ ਐਸ ਸੀ ਵਰਗ ਨਾਲ ਸਬੰਧਤ ਹੈ , ਜਿਸ ਰਾਹੀਂ ਕਾਂਗਰਸ ਹਾਈ ਕਮਾਂਡ ਵਲੋਂ ਐਸ ਸੀ ਵਰਗ ਦੇ ਲੋਕਾਂ ਨੂੰ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਕਾਂਗਰਸ ਦੱਬੇ-ਕੁਚਲੇ ਲੋਕਾਂ ਲਈ ਕੰਮ ਕਰਦੀ ਰਹੀ ਹੈ ਅਤੇ ਭਵਿੱਖ 'ਚ ਵੀ ਕਰੇਗੀ। ਪਰ ਸਾਫ਼ ਤੌਰ 'ਤੇ ਕਾਂਗਰਸ ਦਾ ਅਸਲ ਮਕਸਦ ਐਸ ਸੀ ਵਰਗ ਦੀਆਂ ਵੋਟਾਂ ਹਥਿਆਉਣਾ ਹੈ। ਇਹ ਇਸ ਸਮੇਂ ਕਾਂਗਰਸ ਦੀ ਮਜ਼ਬੂਰੀ ਵੀ ਸੀ, ਕਿਉਂਕਿ ਪੰਜਾਬ ਵਿੱਚ 2022 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਸਿਆਸੀ ਸੱਤਾ ਦੀਆਂ ਅਗਲੀਆਂ ਸਫ਼ਾਂ ਵਿੱਚ ਐਸ ਸੀ ਭਾਈਚਾਰੇ ਦੀ ਭਾਗੀਦ-ਾਰੀ ਕਾਫ਼ੀ ਜ਼ੋਰ-ਸ਼ੋਰ ਨਾਲ ਚਲਦੀ ਰਹੀ ਹੈ। ਅਕਾਲੀ ਦਲ ਨੇ ਬਸਪਾ ਨਾਲ ਸਮਝੌਤਾ ਕਰਕੇ ਉਪ ਮੁੱਖ ਮੰਤਰੀ ਦਾ ਅਹੁਦਾ ਦੇਣ ਦਾ ਵਚਨ ਦਿੱਤਾ ਸੀ। ਭਾਜਪਾ ਆਪਣਾ ਮੁੱਖ ਮੰਤਰੀ ਦਾ ਚਿਹਰਾ ਪੰਜਾਬ ਦੀ ਕੁਲ ਜਨਸੰਖਿਆ ਦੇ ਲਗਭਗ ਇੱਕ ਤਿਹ-ਾਈ ਹਿੱਸੇ ਦੇ ਬਰਾਬਰ ਅਨੁਸੂਚਿਤ ਜਾਤੀ ਨੂੰ ਦੇਣ ਦਾ ਐਲਾਨ ਕਰ ਚੁੱਕੀ ਹੈ, ਭਾਵੇਂ ਕਿ ਹਾਲੀ ਤੱਕ ਉਸਦੇ ਹੱਥ-ਪੱਲੇ ਕੁਝ ਵੀ ਨਹੀਂ ਹੈ। ਪਰ ਕਾਂਗਰਸ ਹਾਈ ਕਮਾਂਡ ਦੀ ਤਖ਼ਤ-ਪਲਟ ਦੀ ਮੂਲ ਭਾਵਨਾ ਉਸ ਵਿਅਕਤੀ ਦਾ ਰਾਜ ਭਾਗ ਖ਼ਤਮ ਕਰਨਾ ਸੀ, ਜੋ ਹਾਈ ਕਮਾਂਡ ਦੀ ਪ੍ਰਵਾਹ ਨਹੀਂ ਸੀ ਕਰਦਾ ਅਤੇ ਸੂਬੇ ਸਬੰਧੀ ਫ਼ੈਸਲੇ ਆਪ ਲੈਣ ਦੇ ਰਾਹ ਪਿਆ ਹੋਇਆ ਸੀ।



ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਕੇ "ਰਾਹੁਲ ਗਾਂਧੀ" ਨੇ ਉਸੇ ਤਰ੍ਹਾਂ ਪੰਜਾਬ ਉਤੇ ਰਾਜ ਕਰਨ ਦਾ ਨਿਸ਼ਾਨਾ ਮਿਥਿਆ ਜਾਪਦਾ ਹੈ, ਜਿਵੇਂ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਉਤੇ ਕਾਂਗਰਸ ਰਾਜ ਵੇਲੇ ਮਨਮੋਹਨ ਸਿੰਘ ਬਿਰ-ਾਜਮਾਨ ਸਨ ਪਰ ਸਾਰੇ ਫ਼ੈਸਲੇ ਸੋਨੀਆ ਗਾਂਧੀ ਜਾਂ ਰਾਹੁਲ ਗਾਂਧੀ ਜਾਂ ਦੂਜੇ ਅਰਥਾਂ 'ਚ ਗਾਂਧੀ ਪਰਿਵਾਰ ਹੀ ਲਿਆ ਕਰਦਾ ਸੀ। ਅਸਲ ਵਿੱਚ ਤਾਂ ਕੇਂਦਰ ਉਤੇ ਰਾਜ ਕਰਨ ਵਾਲੇ ਹਾਕਮ ਸੂਬਿਆਂ ਦੇ ਨੇਤਾਵਾਂ ਨੂੰ ਆਪਣਾ ਹੱਥ ਟੋਕਾ ਬਣਾ ਕੇ ਰੱਖਣਾ ਚਾਹੁੰਦੇ ਹਨ ਅਤੇ ਉਹਨਾ ਨੂੰ ਸੂਬਿਆਂ ਦੀ ਲੋੜਾਂ ਅਨੁਸਾਰ ਕੰਮ ਕਰਨ ਦੀ ਖੁਲ੍ਹ ਨਹੀਂ ਦਿੰਦੇ।

ਦੇਸ਼ ਤੇ ਰਾਜ ਕਰਨ ਵਾਲੀ ਹਾਕਮ ਧਿਰ ਭਾਜਪਾ, ਜਦੋਂ ਮਹਿਸੂਸ ਕਰਦੀ ਹੈ ਕਿ ਸੂਬੇ ਦੇ ਕਿਸੇ ਮੁੱਖ ਮੰਤਰੀ ਜਾਂ ਨੇਤਾ ਦਾ ਕੱਦ-ਬੁੱਤ ਵੱਡਾ ਹੋ ਰਿਹਾ ਹੈ ਤਾਂ ਉਸ ਦੇ ਕਿਸੇ ਨਾ ਕਿਸੇ ਬਹਾਨੇ ਕਿਸੇ ਹੋਰ ਨੇਤਾ ਨੂੰ ਅੱਗੇ ਲਿਆਕੇ ਸੱਤਾ ਬਦਲੀ ਕਰ ਦਿੱਤੀ ਜਾਂਦੀ ਹੈ, ਪਿਛਲੇ ਦਿਨਾਂ 'ਚ ਭਾਜਪਾ ਵਲੋਂ ਮੁੱਖ ਮੰਤਰੀ ਦਾ ਵੱਖੋ-ਵੱਖਰੇ ਸੂਬਿਆਂ 'ਚ ਚਿਹਰਿਆਂ 'ਚ ਬਦਲਾਅ ਇਸਦੀ ਉਦਾਹਰਨ ਹੈ।

ਆਮ ਆਦਮੀ ਪਾਰਟੀ ਵਲੋਂ ਵੀ ਪੰਜਾਬ ਵਿੱਚ ਸੂਬਾਈ ਨੇਤਾਵਾਂ ਨੂੰ ਥਾਂ ਸਿਰ ਰੱਖਣ ਲਈ ਕੌਮੀ ਕਨਵੀਨਰ ਕੇਜਰੀਵਾਲ ਨੇ ਨੀਤੀ ਅਪਨਾਈ ਰੱਖੀ ਹੈ ਅਤੇ ਯਤਨ ਕੀਤਾ ਹੈ ਕਿ ਕੋਈ ਵੀ ਸੂਬਾਈ ਨੇਤਾ ਇਸ ਕਦਰ ਵੱਡਾ ਨਾ ਹੋ ਜਾਵੇ ਜਾਂ ਇਸ ਕਦਰ ਵੱਡੇ ਨਾ ਹੋ ਜਾਣ ਕੇ ਆਲਾ ਹਾਈ ਕਮਾਂਡ ਨੂੰ ਅੱਖਾਂ ਵਿਖਾਉਣ ਲੱਗਣ। ਪੰਜਾਬ ਦੇ ਅਸਲ ਹਾਲਾਤਾਂ ਬਾਰੇ ਤਸਵੀਰ ਜਦੋਂ ਪੰਜਾਬ ਦੇ ਕੁਝ ਚੋਟੀ ਦੇ ਨੇਤਾਵਾਂ ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ ਆਦਿ ਵਲੋਂ ਵਿਖਾਉਣ ਦਾ ਯਤਨ ਕੀਤਾ ਤਾਂ ਉਹਨਾ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਇਹੋ ਜਿਹੀਆਂ ਨੀਤੀਆਂ ਕਾਰਨ ਹੀ ਸੁਖਪਾਲ ਸਿੰਘ ਖਹਿਰਾ ਵਰਗੇ ਨੇਤਾ ਨੂੰ ਪਾਰਟੀ ਛੱਡਣੀ ਪਈ।

ਪੰਜਾਬ ਵਿੱਚ ਇਸ ਵੇਲੇ ਵੱਡਾ ਰਾਜਨੀਤਕ ਖਿਲਾਅ ਦਿਖਾਈ ਦੇ ਰਿਹਾ ਹੈ। ਲੋਕਾਂ ਵਿੱਚ ਪਾਰਟੀਆਂ ਪ੍ਰਤੀ ਨਿਰਾਸ਼ਾ ਹੈ। ਕਿਸੇ ਵੀ ਸਿਆਸੀ ਧਿਰ ਨੇ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸੁਹਿਰਦਤਾ ਨਹੀਂ ਦਿਖਾਈ। ਦਹਾਕਿਆਂ ਤੋਂ ਪੰਜਾਬ ਆਪਣੀ ਸਭਿਆਚਾਰਕ ਪਛਾਣ ਲੱਭ ਰਿਹਾ ਹੈ। ਆਰਥਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਖੇਤੀ ਦਾ ਸੰਕਟ ਪੰਜਾਬ ਉਤੇ ਮੰਡਰਾਇਆ ਹੋਇਆ ਹੈ। ਤਿੰਨ ਕਾਲੇ ਕਾਨੂੰਨਾਂ ਨੇ ਪੰਜਾਬ ਦੀ ਕਿਸਾਨੀ ਖ਼ਾਸ ਕਰਕੇ ਛੋਟੀ ਕਿਸਾਨੀ ਦੀ ਸੰਘੀ ਘੁੱਟ ਦਿੱਤੀ ਹੈ। ਬੇਰੁਜ਼ਗਾਰੀ, ਨਸ਼ਿਆਂ ਅਤੇ ਮਾਫੀਆ ਨੇ ਪੰਜਾਬ ਦਾ ਨਾਸ ਮਾਰ ਦਿੱਤਾ ਹੈ। ਲੋਕ ਬੇਬਸੀ 'ਚ ਆਪਣੀ ਔਲਾਦ ਨੂੰ ਬਾਹਰਲੇ ਦੇਸ਼ਾਂ 'ਚ ਭੇਜਣ ਲਈ ਮਜ਼ਬੂਰ ਹੋ ਰਹੇ ਹਨ। ਪੰਜਾਬੀਆਂ ਦਾ ਪੰਜਾਬ ਵਿੱਚ ਜੀਅ ਲੱਗਣੋਂ ਹੱਟ ਗਿਆ ਹੈ।

ਇਹੋ ਜਿਹੇ ਹਾਲਾਤ ਵਿੱਚ ਕਿਸੇ ਵੀ ਸਿਆਸੀ ਧਿਰ ਵਲੋਂ ਪੰਜਾਬੀਆਂ ਦਾ ਮਨੋਂ ਸਾਥ ਨਾ ਦੇਕੇ ਸਿਰਫ਼ ਆਪਣੀ ਕੁਰਸੀ ਪ੍ਰਾ-ਪਤੀ ਲਈ ਸਾਜ਼ਿਸ਼ਾਂ ਰਚਣਾ ਅਤੇ ਵੋਟਾਂ ਵਟੋਰਨ ਦੀ ਸਿਆਸਤ ਕਰਨਾ ਪੰਜਾਬ ਪੱਲੇ ਨਿਰਾਸ਼ਤਾ ਪਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਦੇ ਇੱਕ ਇਲਾਕਾਈ ਪਾਰਟੀ ਹੁੰਦਿਆਂ ਪੰਜਾਬੀਆਂ ਦੇ ਨਾਲ ਖੜਨ ਦਾ ਯਤਨ ਕੀਤਾ ਪਰ ਰਾਜ ਸੱਤਾ ਦੀ ਲਾਲਸਾ ਨੇ ਉਹਨਾ ਨੂੰ ਵੀ ਪੰਜਾਬੀਆਂ ਨਾਲੋਂ ਤੋੜ ਦਿੱਤਾ। ਇਹ ਬਿਲਕੁਲ ਸੱਚਾਈ ਹੈ ਕਿ ਪੰਜਾਬ ਦੇ ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਤੋਂ ਚੰਗੀ ਸਰਕਾਰ ਬਨਾਉਣ ਸਬੰਧੀ ਉਠਿਆ ਭਰੋਸਾ ਹਾਲੀ ਤੱਕ ਬਹਾਲ ਨਹੀਂ ਹੋਇਆ । ਸੂਬੇ ਦੀਆਂ ਖੱਬੀਆਂ ਧਿਰਾਂ, ਜਿਹੜੀਆਂ ਕਦੇ ਪੰਜਾਬ ਵਿੱਚ ਕਿਸੇ ਵੀ ਸਰਕਾਰ ਦੇ ਗਠਨ ਲਈ ਅਹਿਮ ਭੂਮਿਕਾ ਅਦਾ ਕਰਦੀਆਂ ਸਨ ਅਤੇ ਬਣੀ ਹੋਈ ਸਰਕਾਰ ਉਤੇ ਲੋਕ ਪੱਖੀ ਸਵਾਲ ਖੜੇ ਕਰਦੀਆਂ ਸਨ, ਉਹ ਵੀ ਪੰਜਾਬ ਦੇ ਸਿਆਸੀ ਦ੍ਰਿਸ਼ 'ਚ ਕੋਈ ਵਰਨਣਯੋਗ ਥਾਂ ਨਹੀਂ ਬਣਾ ਸਕੀਆਂ, ਬਾਵਜੂਦ ਇਸ ਗੱਲ ਦੇ ਕਿ ਉਹਨਾਂ ਵਲੋਂ ਸਮੇਂ ਸਮੇਂ ਇਕੱਠੇ ਹੋਕੇ ਰੈਲੀਆਂ ਕਰਨ ਜਾਂ ਮੀਟਿੰਗ ਕਰਨ ਦੇ ਯਤਨ ਹੋਏ ਹਨ ਅਤੇ ਮੁੱਦਿਆਂ ਦੀ ਸਿਆਸਤ ਕੀਤੀ ਜਾਂਦੀ ਹੈ।

ਇਸ ਵੇਲੇ ਵੱਖੋ-ਵੱਖਰੇ ਸਿਆਸੀ ਦਲਾਂ ਦੀਆਂ ਹਾਈ ਕਮਾਂਡਾਂ ਦੀ ਪੰਜਾਬ ਦੀ ਸੱਤਾ ਹਥਿਆਉਣ ਦੀ ਤੀਬਰ ਇੱਛਾ ਤਾਂ ਵਿਖਾਈ ਦਿੰਦੀ ਹੈ, ਪਰ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ, ਉਹਨਾ ਦੀਆਂ ਇੱਛਾਵਾਂ, ਉਮੰਗਾਂ ਕੀ ਹਨ, ਉਸ ਵੱਲ ਉਹਨਾ ਦਾ ਧਿਆਨ ਨਹੀਂ। ਬਹੁਤੀਆਂ ਸਿਆਸੀ ਧਿਰਾਂ ਪੰਜਾਬ 'ਚ ਦੇਸ਼ ਦੇ ਦੂਜੇ ਰਾਜਾਂ 'ਚ ਵਰਤੀ ਨੀਤੀ ਅਪਨਾਉਂਦਿਆਂ ਰਿਆਇਤਾਂ ਦੀ ਰਾਜਨੀਤੀ ਨੂੰ ਸੱਤਾ ਪ੍ਰਾਪਤੀ ਦਾ ਹਥਿਆਰ ਬਣਾ ਰਹੇ ਹਨ ਪਰ ਮੁੱਦਿਆਂ ਦੀ ਰਾਜਨੀਤੀ ਤੋਂ ਕੰਨੀ ਕਤਰਾ ਰਹੇ ਹਨ ਜਦਕਿ ਪੰਜਾਬ ਨੂੰ ਵੱਖਰੀ, ਬਦਲਵੀਂ ਅਤੇ ਮੁੱਦਿਆਂ ਦੀ ਸਿਆਸਤ ਦੀ ਲੋੜ ਹੈ। ਇਸ ਤੋਂ ਵੀ ਅਗਲੀ ਗੱਲ ਇਹ ਕਿ ਇਹਨਾ ਪਾਰਟੀਆਂ ਦੇ ਸੂਬਾਈ ਨੇਤਾਵਾਂ ਦੇ ਹੱਥ ਬੱਝੇ ਹੋਏ ਹਨ ਅਤੇ ਪੰਜਾਬ ਦੇ ਸਿਆਸੀ ਖਿਲਾਅ ਨੂੰ ਭਰਨ ਦੇ ਉਹਨਾ ਦੇ ਮਾੜੇ-ਮੋਟੇ ਯਤਨ ਕੋਈ ਸਿੱਟਾ ਨਹੀਂ ਕੱਢ ਰਹੇ।

ਫਿਰ ਵੀ ਮੌਜੂਦਾ ਸਥਿਤੀ ਵਿੱਚ ਜੇਕਰ ਕਾਂਗਰਸ ਹਾਈ ਕਮਾਂਡ ਜਾਂ ਅੱਗੋਂ ਆਉਣ ਵਾਲੀ ਲੋਕ-ਪੱਖੀ ਸਰਕਾਰ ਵਾਸਤਵਿਕਤਾ 'ਚ ਕੰਮ ਕਰਦੀ ਨਜ਼ਰ ਆਏਗੀ ਅਤੇ ਲੋਕਾਂ ਦੇ ਗੰਭੀਰ ਹੁੰਦੇ ਮਸਲਿਆਂ ਦਾ ਕੁਝ ਹੱਦ ਤੱਕ ਹੱਲ ਕਰਦੀ ਨਜ਼ਰ ਆਏਗੀ ਤਾਂ ਪੰਜਾਬ ਵਿਚਲਾ ਸਿਆਸੀ ਖਿਲਾਅ ਦੂਰ ਹੋਏਗਾ, ਇਹ ਤਦੇ ਸੰਭਵ ਹੈ ਜੇਕਰ ਸੂਬੇ ਦੇ ਨੇਤਾਵਾਂ ਨੂੰ ਲੋਕਤੰਤਰਿਕ ਕਦਰਾਂ ਕੀਮਤਾਂ ਕਾਇਮ ਰੱਖਦਿਆਂ ਕੰਮ ਕਰਨ ਦੀ ਖੁਲ੍ਹ ਹੋਵੇ ਤੇ ਉਹਨਾ ਦੇ ਹੱਥ ਬੱਝੇ ਹੋਏ ਨਾ ਹੋਣ।

# ਸ਼ਹੀਦ ਭਗਤ ਸਿੰਘ

(ਸਫਾ 24 ਦੀ ਬਾਕੀ)

ਸਮਾਜ ਸੁਧਾਰ ਅਤੇ ਸੰਪਰਦਾਇਕ ਸਦਭਾਵਨਾ ਦੇ ਇਕ ਵਿਸ਼ਾਲ ਉਦੇਸ਼ ਨੂੰ ਪਰਨਾਈ ਹੋਈ ਸੀ।

ਜਦੋਂ ਉਹ ਇਨਕਲਾਬੀ ਸਰਗਰਮੀਆਂ ਵਿਚ ਪੂਰੀ ਤਰ੍ਹਾਂ ਰੁੱਝਿਆ ਹੋਇਆ ਸੀ, ਤਾਂ ਉਸਨੂੰ 29 ਮਈ 1927 ਨੂੰ ਲਾਹੌਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ 4 ਜੁਲਾਈ 1927 ਤੱਕ ਹਿਰਾਸਤ ਵਿਚ ਰੱਖਿਆ। ਫਿਰ ਉਸਦਾ ਪਿਤਾ ਸ. ਕਿਸ਼ਨ ਸਿੰਘ 60000 ਰੁਪਏ ਦਾ ਮੁਚੱਲਕਾ ਭਰ ਕੇ ਉਸਨੂੰ ਜ਼ਮਾਨਤ ’ਤੇ ਰਿਹਾ ਕਰਵਾਉਣ ’ਚ ਕਾਮਯਾਬ ਹੋ ਗਿਆ। ਭਗਤ ਸਿੰਘ ਨੂੰ ਆਪਣੇ ਪਰਿਵਾਰ ਦੇ ਬਾਕੀ ਜੀਆਂ ਨੂੰ ਮਿਲਣ ਤੋਂ ਪਹਿਲਾਂ ਹੀ ਉਸਦੇ ਪਿਤਾ ਨੇ ਖੂੰਡੇ ਨਾਲ ਕੁੱਟਿਆ ਤੇ ਉਹ ਮਸ਼ਕਰੀਆਂ ਕਰਦਾ ਅਤੇ ਦੰਦ ਕੱਢਦਾ ਰਿਹਾ। ਉਹਨਾਂ ਦਿਨਾਂ ਵਿਚ ਜਿੱਦੀ ਪੁੱਤਰਾਂ ਨਾਲ ਅਜਿਹਾ ਵਿਹਾਰ ਆਮ ਹੁੰਦਾ ਸੀ।

8-9 ਸਤੰਬਰ 1928 ਨੂੰ ਦਿੱਲੀ ਵਿਚ ਇਕ ਨਵੀਂ ਜਥੇਬੰਦੀ ਬਣਾਈ ਗਈ, ਜਿਸਦਾ ਨਾਂ ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ/ ਆਰਮੀ ਰੱਖਿਆ ਗਿਆ। ਇਕ ਇਨਕਲਾਬ ਰਾਹੀਂ ਭਾਰਤ ਨੂੰ ਸਮਾਜਵਾਦੀ ਗਣਰਾਜ ਬਣਾਉਣਾ, ਇਸਦਾ ਨਿਸ਼ਾਨਾ ਸੀ। ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨੇ 17 ਦਸੰਬਰ 1928 ਨੂੰ, ਸਹਾਇਕ ਪੁਲਿਸ ਸੁਪਰਡੈਂਟ ਜੇ. ਪੀ. ਸਾਂਡਰਸ ਨੂੰ ਮਾਰ ਕੇ, ਪਹਿਲੀ ਵੱਡੀ ਕਾਰਵਾਈ ਕੀਤੀ। ਸਾਂਡਰਸ ਦੇ ਲਾਠੀਚਾਰਜ ਨਾਲ ਹੀ ਲਾਲਾ ਲਾਜਪਤ ਰਾਏ ਜ਼ਖਮੀ ਹੋਏ ਸਨ, ਜਿਸ ਕਰਕੇ ਉਹਨਾਂ ਦੀ ਮੌਤ ਹੋ ਗਈ ਸੀ। ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਵੱਲੋਂ ਇਕ ਇਸ਼ਤਿਹਾਰ ਜਾਰੀ ਕੀਤਾ ਗਿਆ, ਜਿਸ ਵਿਚ ਉਹਨਾਂ ਕਤਲ ਦੀ ਜ਼ਿੰਮੇਵਾਰੀ ਕਬੂਲ ਕੀਤੀ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਮਨੁੱਖੀ ਖੂਨ ਵਹਾਉਣ ਤੋਂ ਬਚਦਿਆਂ, ਇਨਕਲਾਬ ਵਿਚ ਆਪਣੇ ਵਿਸ਼ਵਾਸ ਦਾ ਐਲਾਨ ਕੀਤਾ।

ਤਿੰਨ ਮਹੀਨਿਆਂ ਮਗਰੋਂ 1929 ਦੇ ਸ਼ੁਰੂ ਵਿਚ, ਆਗਰੇ ਵਿਚ ਇਕ ਇਕੱਠ ਹੋਇਆ। 8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਕੇਂਦਰੀ ਅਸੈਂਬਲੀ ਵਿਚ ਦੋ ਬੰਬ ਸੁੱਟੇ। ਇਹ ਬੰਬ ਕਿਸੇ ਨੂੰ ਜਾਨੀ ਨੁਕਸਾਨ ਪਹੁੰਚ-ਾਉਣ ਦੇ ਮਕਸਦ ਨਾਲ ਨਹੀਂ ਸਨ ਸੁੱਟੇ ਗਏ। ਉਹਨਾਂ ਨੇ ਪੁਲਿਸ ਨੂੰ ਆਪਣੀ ਗ੍ਰਿਫਤਾਰੀ ਦੇ ਦਿੱਤੀ। ਧਮਾਕੇ ਤੋਂ ਬਾਅਦ ਫਿਰ ਇਸ਼ਤਿਹਾਰ ਸੁੱਟੇ ਗਏ, ਜਿਹਨਾਂ ਵਿਚ ਇਹ ਐਲਾਨ ਸੀ ਕਿ ਇਹ ਸਿਰਫ ਬੋਲੀ ਹਕੂਮਤ ਦੇ ਕੰਨਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਕੀਤਾ ਗਿਆ ਹੈ। ਉਹਨਾਂ ਨੇ ਮੁਕੱਦਮੇ ਦੌਰਾਨ ਅਦਾਲਤ ਵਿਚ ਵੀ ਇਕ ਲੰਮਾ-ਚੌੜਾ ਬਿਆਨ ਦਿੱਤਾ। ਇਸ ਵਿਚ ਉਹਨਾਂ ਇਨਕਲਾਬ ਅਤੇ ਧਮਾਕੇ ਤੋਂ ਬਾਅਦ ਲਾਏ ਗਏ ਨਾਅਰੇ ਇਨਕਲਾਬ ਜ਼ਿੰਦਾ-ਬਾਦ- ਜੋ ਕਿ ਪੂਰੇ ਮੁਲਕ ਵਿਚ ਗੂੰਜ ਉਠਿਆ ਸੀ- ਦੇ ਸੰਕਲਪ ਨੂੰ ਬਿਆਨ ਕੀਤਾ।




ਛੇਤੀ ਹੀ, ਉਸਦੇ ਜ਼ਿਆਦਾਤਰ ਸਾਥੀ ਗ੍ਰਿਫਤਾਰ ਕਰ ਲਏ ਗਏ। ਹਾਲਾਂਕਿ ਭਗਤ ਸਿੰਘ ਅਤੇ ਬੀ. ਕੇ. ਦੱਤ ਨੂੰ ਪਹਿਲਾਂ ਹੀ ਉਮਰ ਕੈਦ ਹੋ ਚੁੱਕੀ ਹੋਈ ਸੀ ਪਰ ਉਹਨਾਂ ਨੇ ਲਾਹੌਰ ਸਾਜਿਸ਼ ਕੇਸ ਅਧੀਨ ਆਪਣੇ ਹੋਰ ਸਾਥੀਆਂ ਸਮੇਤ ਇਕ ਹੋਰ ਮੁਕੱਦਮੇ ਦਾ ਸਾਹਮਣਾ ਵੀ ਕਰਨਾ ਸੀ।

ਜੇਲ੍ਹ ਵਿਚ ਹੁੰਦਿਆਂ, ਮਾਨਵਵਾਦੀ ਵਿਹਾਰ ਨੂੰ ਆਪਣੇ ਅਧਿਕਾਰ ਵਜੋਂ ਸਿੱਧ ਕਰਨ ਵਾਸਤੇ, ਉਹਨਾਂ ਨੂੰ ਦੋ ਮਹੀਨਿਆਂ ਤੋਂ ਵੀ ਜ਼ਿਆਦਾ ਲੰਮੇ ਸਮੇਂ ਲਈ ਭੁੱਖ ਹੜਤਾਲ ਕਰਨੀ ਪਈ। ਇਸ ਸੰਘਰਸ਼ ਦੌਰਾਨ, ਉਹਨਾਂ ਨੂੰ ਆਪਣੇ ਇਕ ਪਿਆਰੇ ਸਾਥੀ ਅਤੇ ਬੰਬ ਬਣਾਉਣ ਦੇ ਮਾਹਿਰ ਜਤਿਨ ਦਾਸ ਦੀ ਕੁਰਬਾਨੀ ਵੀ ਦੇਣੀ ਪਈ। ਫਿਰ ਕਿਤੇ ਜਾ ਕੇ ਉਹ ਲੋਕਾਂ ਦੀ ਹਹਾਰਦਿਕ ਹਮਦਰਦੀ ਪ੍ਰਾਪਤ ਕਰਨ ਵਿਚ ਕਾਮਯਾਬ ਹੋਏ।

ਉਹਨਾਂ ਮੁਕੱਦਮੇ ਦਾ ਸਾਹਮਣਾ ਕੀਤਾ, ਸਗੋਂ ਇਹ ਕਹਿ ਲਵੋ ਕਿ ਇਨ-ਕਲਾਬੀ ਨਾਅਰੇ ਮਾਰਦਿਆਂ ਉਹਨਾਂ ਮੁਕ-ੱਦਮੇ ਦਾ ਆਨੰਦ ਮਾਣਿਆ। ਉਹ ਮਈ ਦਿਵਸ, ਲੈਨਿਨ ਦਿਵਸ, ਕਾਕੋਰੀ ਦਿਵਸ ਅਤੇ ਇਹੋ ਜਿਹੇ ਹੋਰ ਕਈ ਸਾਰੇ ਦਿਵਸ ਮਨਾ ਕੇ, ਇਸ ਮੁਕ-ੱਦਮੇ ਦੇ ਜਸ਼ਨ ਮਨਾਉਂਦੇ ਸਨ। ਅਦਾਲਤੀ ਕਾਰਵਾਈਆਂ ਦੌਰਾਨ ਆਪਣੇ ਬਚਾਅ ਵਿਚ ਉਹਨਾਂ ਦੀ ਦਿਲਚਸਪੀ ਬਹੁਤ ਘੱਟ ਸੀ, ਸਗੋਂ ਉਹਨਾਂ ਦਾ ਨਿਸ਼ਾਨਾ ਸਿਰਫ ਇਸ ਸਾਰੇ ਮਾਮਲੇ ਨੂੰ ਇਕ ਡਰਾਮੇ ਵਜੋਂ ਨੰਗਾ ਕਰਨ ਦਾ ਸੀ। ਅਖੀਰ ਉਹਨਾਂ ’ਚੋਂ ਤਿੰਨਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਬਾਕੀਆਂ ਨੂੰ ਉਮਰ ਕੈਦ ਹੋ ਗਈ।

ਮੁਕੱਦਮੇ ਦੇ ਫੈਸਲੇ ਦੀ ਮਿਤੀ 7 ਅਕਤੂਬਰ 1930 ਤੋਂ 23 ਮਾਰਚ 1931 ਤੱਕ ਕੁਝ ਲੋਕ ਹਿੱਤੂ ਦਲੇਰ ਵਕੀਲਾਂ ਦੁਆਰਾ ਭਾਰਤ ਅਤੇ ਇੰਗਲੈਂਡ ਦੀ ਪ੍ਰੀਵੀ ਕੌਂਸਲ ਵਿਚ ਅਨੇਕਾਂ ਅਪੀਲਾਂ ਕੀਤੀਆਂ ਗਈਆਂ। ਇਹਨਾਂ ਵਿਚੋਂ ਇਕ ਵੀ ਅਪੀਲ ਮੁਲਜ਼ਮਾਂ ਵੱਲੋਂ ਨਹੀਂ ਸੀ ਕੀਤੀ ਗਈ। ਇਹ ਸਾਰੀਆਂ ਅਪੀਲਾਂ ਕਾਨੂੰਨੀ ਨੁਕਤਿਆਂ ’ਤੇ ਆਧਾਰਿਤ ਸਨ।

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ 20 ਮਾਰਚ 1931 ਨੂੰ ਪੰਜਾਬ ਦੇ ਗਵਰਨਰ ਨੂੰ ਇਕ ਚਿੱਠੀ ਲਿਖੀ। ਇਸ ਚਿੱਠੀ ਵਿਚ ਉਹਨਾਂ ਬੇਨਤੀ ਕੀਤੀ ਕਿ ਉਹਨਾਂ ਨੂੰ ਫਾਂਸੀ ਲਾਉਣ ਦੀ ਬਜਾਏ ਫੌਜੀ ਦਸਤੇ ਵੱਲੋਂ ਗੋਲੀ ਨਾਲ ਉਡਾਇਆ ਜਾਵੇ ਕਿਉਂਕਿ ਉਹਨਾਂ ਨੂੰ ਇੰਗਲੈਂਡ ਦੇ ਸ਼ਹਿਨਸ਼ਾਹ ਦੇ ਖਿਲਾਫ ਜੰਗ ਛੇੜਨ ਦੇ ਦੋਸ਼ੀ ਠਹਿਰਾਇਆ ਗਿਆ ਹੈ, ਇਸ ਕਰਕੇ ਉਹ ਜੰਗੀ ਕੈਦੀ ਹਨ। ਅਖੀਰ, ਹਕੂਮਤ ਨੇ ਉਹਨਾਂ ਨੂੰ 23 ਮਾਰਚ 1931 ਨੂੰ ਸ਼ਾਮ 7 ਵਜੇ (24 ਮਾਰਚ ਸੁਭਾ ਦੀ ਬਜਾਏ) ਫਾਂਸੀ ਲਾਉਣ ਦਾ ਫੈਸਲਾ ਕਰ ਲਿਆ ਪਰ ਇਹ ਖਬਰ 24 ਮਾਰਚ ਦੀ ਸੁਭਾ ਨੂੰ ਨਸ਼ਰ ਕੀਤੀ ਜਾਣੀ ਸੀ। 23 ਮਾਰਚ ਨੂੰ, ਸ਼ਹੀਦਾਂ ਦੇ ਪਰਿਵਾਰਾਂ ਨੂੰ ਅਧਿਕਾਰੀਆਂ ਦੇ ਅੜੀਅਲ ਵਤੀਰੇ ਦੇ ਕਾਰਨ, ਆਪਣੇ ਵਿੱਛੜ ਰਹੇ ਪਿਆਰਿਆਂ ਨੂੰ ਆਖਰੀ ਵਾਰ ਮਿਲਣ ਦਾ ਮੌਕਾ ਵੀ ਨਾ ਮਿਲ ਸਕਿਆ।

ਉਹ ਨਾਅਰੇ ਮਾਰਦੇ, ਦੇਸ਼ ਭਗਤੀ ਦੇ ਗੀਤ ਗਾਉਂਦੇ ਅਤੇ ਮੌਤ ਤੇ ਨਿਆਂਹੀਣ ਫੈਸਲਾ ਸੁਣਾਉਣ ਵਾਲੇ ਨਿਜ਼ਾਮ ਦਾ ਮੂੰਹ ਚਿੜਾਉਂਦੇ ਹੋਏ ਫਾਂਸੀ ਦੇ ਤਖਤੇ’ਤੇ ਜਾ ਚੜ੍ਹੇ।

**(ਪੰਜਾਬੀ ਅਨੁਵਾਦ- ਗੁਰਲਾਲ ਸਿੰਘ ਬਰਾੜ)**

**ਦੇਸ਼ ਭਗਤਾਂ ਬਾਰੇ ਵੱਧ ਤੋਂ ਵੱਧ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਦੀ ਸੇਵਾ**

**ਬਲਵਿੰਦਰ ਕੌਰ ਬਾਂਸਲ (94635-41166)**
**ਸੀਤਾ ਰਾਮ ਮਾਧੋਪੁਰੀ (75892-56092)**

# ਖਿਡਾਰੀਆਂ ਲਈ ਆਸ ਦੀ ਨਵੀਂ ਕਿਰਨ ਬਣੇਗੀ 5ਜੈਬ ਫਾਊਂਡੇਸ਼ਨ

ਖੇਡਾਂ ਦੀ ਬਿਹਤਰੀ ਲਈ ਫਾਊਂਡੇਸ਼ਨ ਨੇ ਕੈਪਟਨ ਸਵਰਨ ਸਿੰਘ ਘੁੰਮਣ, ਜਗਰੂਪ ਸਿੰਘ ਜਰਖੜ ਅਤੇ ਪ੍ਰਿੰਸੀਪਲ ਬਲਵੰਤ ਸਿੰਘ ਚਕਰ ਨੂੰ ਡਾਇਰੈਕਟਰ ਨਿਯੁਕਤ ਕੀਤਾ ਪੰਜਾਬ ਦੇ ਪੇਂਡੂ ਖੇਤਰਾਂ ਦਾ ਖੇਤਰਾਂ ਦੇ ਵਿਚ ਖੇਡ ਹੁਨਰ ਨੂੰ ਤਰਾਸ਼ਣ ਅਤੇ ਗ਼ਰੀਬ ਘਰਾਂ ਦੇ ਬੱਚਿਆਂ ਨੂੰ ਓਲੰਪੀਅਨ ਬਣਾਉਣ ਦਾ ਟੀਚਾ ਰੱਖਣ ਵਾਲੀ 5ਜੈਬ ਫਾਊਂਡੇਸ਼ਨ ਪੰਜਾਬੀ ਖਿਡਾਰੀਆਂ ਲਈ ਇੱਕ ਨਵੀਂ ਆਸ ਦੀ ਕਿਰਨ ਪੈਦਾ ਕਰੇਗੀ। ਇਹ ਫਾਊਂਡੇਸ਼ਨ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਕੋਚਿੰਗ , ਅਧੁਨਿਕ ਖੇਡ ਸਹੂਲਤਾਂ, ਵਜੀਫਾ ਪ੍ਰਨਾਲੀ ਅਤੇ ਹੋਰ ਸਹੂਲਤਾਂ ਉਪਲੱਬਧ ਕਰਵਾਏਗੀ। ਇਸ ਫੈਡਰੇਸ਼ਨ ਨੂੰ ਬਣਾਉਣ ਦਾ ਸੁਪਨਾ ਅੰਤਰ ਰਾਸ਼ਟਰੀ ਮੁੱਕੇਬਾਜ਼ ਜਗਦੀਪ ਸਿੰਘ ਸਿੰਘ ਘੁੰਮਣ ਵੱਲੋਂ ਲਿਆ ਗਿਆ। ਇਸ ਫਾਊਡੇਸ਼ਨ ਦੀ ਪਹਿਲੀ ਕਤਾਰ ਵਿੱਚ ਤਿੰਨ ਸ਼ਖਸੀਅਤਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਸੇਵਾ-ਮੁਕਤ ਸੂਬੇਦਾਰ ਮੇਜਰ ਆਨਰੇਰੀ ਕੈਪਟਨ ਸਵਰਨ ਸਿੰਘ ਘੁੰਮਣ, ਖੇਡ ਪ੍ਰਮੋਟਰ ਸ. ਜਗਰੂਪ ਸਿੰਘ ਜਰਖੜ ਅਤੇ ਪਿੰ. ਬਲਵੰਤ ਸਿੰਘ ਸੰਧੂ ਚਕਰ ਨੂੰਹ ਫਾਊਂਡੇਸ਼ਨ ਦਾ ਡਾਇਰੈਕਟਰ ਨਿਯੁਕਤ ਕੀਤਾ ਹੈ । ਇਹ ਤਿੰਨੇ ਸ਼ਖਸੀਅਤਾਂ ਲੰਮੇ ਸਮੇਂ ਤੋਂ ਖੇਡ ਖੇਤਰ ਨਾਲ ਜੁੜੀਆਂ ਹੋਈਆਂ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਪੇਂਡੂ ਇਲਾਕਿਆਂ ਵਿੱਚੋਂ ਅੰਤਰ ਰਾਸ਼ਟਰੀ ਖਿਡਾਰੀ ਪੈਦਾ ਕਰ ਕੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ ਹਨ।





16 ਸਿੱਖ ਰੈਜੀਮੈਂਟ ਨਾਲ ਸੰਬੰਧ ਰੱਖਣ ਵਾਲੇ ਸੂਬੇਦਾਰ ਮੇਜਰ ਆਨਰੇਰੀ ਕੈਪਟਨ ਸਵਰਨ ਸਿੰਘ ਘੁੰਮਣ ਖੁਦ ਅਥਲੈਟਿਕਸ ਅਤੇ ਬਾਸਕਿਟਬਾਲ ਦੇ ਨਾਮੀ ਖਿਡਾਰੀ ਰਹਿ ਚੁੱਕੇ ਹਨ। ਕਾਰਗਿੱਲ ਦੀ ਲੜਾਈ ਵੇਲੇ ਵੀ ਉਨ੍ਹਾਂ ਨੇ ਆਪਣੀ ਰੈਜੀਮੈਂਟ ਵੱਲੋਂ ਹਿੱਸਾ ਲਿਆ। ਉਨ੍ਹਾਂ ਨੂੰ ਸਪੋਰਟਸ ਨਾਲ ਸ਼ੁਰੂ ਤੋਂ ਹੀ ਬਹੁਤ ਲਗਾਓ ਹੋਣ ਕਾਰਨ ਉਨ੍ਹਾਂ ਨੇ ਆਪਣੇ ਦੋਵਾਂ ਬੱਚਿਆਂ ਨੂੰ ਖੇਡਾਂ ਵਿੱਚ ਪਾਇਆ ਤੇ ਉਨ੍ਹਾਂ ਦਾ ਇੱਕ ਪੁੱਤਰ ਸ. ਜਗਦੀਪ ਸਿੰਘ ਖੁਦ ਪ੍ਰੋਫੈਸ਼ਨਲ ਬਾਕਸਿੰਗ ਵਿੱਚ ਅੰਤਰ-ਰਾਸ਼ਟਰੀ ਪੱਧਰ ਦਾ ਖਿਡਾਰੀ ਬਣਿਆ। ਉਨ੍ਹਾਂ ਦੀ ਇੱਛਾ ਸੀ ਕਿ ਉਹ ਪੰਜਾਬ ਦੇ ਖਿਡਾਰੀਆਂ ਲਈ ਇੱਕ ਵੱਖਰਾ ਤੇ ਵਧੀਆ ਪਲੇਟਫਾਰਮ ਤਿਆਰ ਕਰਨ। ਸੇਵਾ ਮੁਕਤੀ ਤੋਂ ਬਾਅਦ ਉਹ ਖਿਡਾਰੀਆਂ ਦੀ ਸੇਵਾ ਵਿੱਚ ਜੁਟੇ ਹੋਏ ਹਨ। ਇਸੇ ਸੇਵਾ ਦੇ ਸੰਕਲਪ ਵਿੱਚੋਂ ਇਸ ਫਾਊਂਡੇਸ਼ਨ ਦਾ ਜਨਮ ਹੋਇਆ। ਉਨ੍ਹਾਂ ਨੇ ਆਪਣੇ ਪਿੰਡ ਤਲਵਾੜਾ (ਕਪੂਰਥਲਾ) ਵਿੱਚ ਵੀ ਬਾਕਸਿੰਗ ਸ਼ੁਰੂ ਕਰਵਾਈ ਹੈ ਜਿਸ ਵਿੱਚ ਇਸ ਮੌਕੇ ਪੰਜਾਹ ਤੋਂ ਵਧੇਰੇ ਬੱਚੇ ਮੁੱਕੇਬਾਜ਼ੀ ਦੇ ਗੁਰ ਸਿੱਖ ਰਹੇ ਹਨ।





ਸ. ਜਗਰੂਪ ਸਿੰਘ ਜਰਖੜ ਵੀ ਇੱਕ ਬਹੁਗੁਣੀ ਸ਼ਖਸੀਅਤ ਹੈ । ਉਨ੍ਹਾਂ ਦਾ ਜ਼ਰਾ ਜ਼ਰਾ ਖੇਡਾਂ ਨੂੰ ਸਮਰਪਿਤ ਹੈ। ਉਹ ਅੰਤਰਰਾਸ਼ਟਰੀ ਪੱਧਰ ਦੇ ਖੇਡ ਲੇਖਕ ਹਨ। ਉਹ ਆਪਣੇ ਹੀ ਪੱਧਰ ਤੇ 'ਖੇਡ ਮੈਦਾਨ ਬੋਲਦਾ ਹੈ' ਨਾਮ ਦਾ ਖੇਡ ਮੈਗਜ਼ੀਨ ਵੀ ਚਲਾ ਰਹੇ ਹਨ। ਜਰਖੜ ਹਾਕੀ ਅਕੈਡਮੀ ਲਈ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਪੰਜਾਬ ਦੇ ਵਿੱਚ ਉਹ ਹਾਕੀ ਦੇ ਧੁਰੇ ਵਜੋਂ ਕਾਰਜ ਕਰ ਰਹੇ ਹਨ। ਆਪਣੇ ਯਤਨਾਂ ਨਾਲ ਉਨ੍ਹਾਂ ਨੇ ਕਈ ਕੌਮੀ ਅਤੇ ਕੌਮਾਤਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ।

ਪ੍ਰਿੰ. ਬਲਵੰਤ ਸਿੰਘ ਸੰਧੂ ਜੋ ਪੇਸ਼ੇ ਵਜੋਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਕਮਲਾਪੁਰਾ (ਲੁ-ਧਿਆਣਾ) ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਰਹੇ ਹਨ, ਨੇ 2005 ਵਿੱਚ ਚਕਰ ਵਿੱਚ ਬਾਕਸਿੰਗ ਦਾ ਅਜਿਹਾ ਬੂਟਾ ਲਗਾਇਆ ਕਿ ਹੁਣ ਤੱਕ ਸੈਂਕੜੇ ਖਿਡਾਰੀ ਪੈਦਾ ਹੋ ਚੁੱਕੇ ਹਨ। ਪਰਵਾਸੀ ਵੀਰਾਂ ਦੇ ਸਹਿਯੋਗ ਨਾਲ ਚਕਰ ਅਕੈਡਮੀ ਵਿੱਚੋਂ ਕਈ ਅੰਤਰਰਾਸ਼ਟਰੀ ਮੁੱਕੇਬਾਜ਼ ਪੈਦਾ ਹੋਏ। ਟੋਕੀਓ ਉਲੰਪਿਕ-2020 ਵਿੱਚ ਭਾਗ ਲੈਣ ਵਾਲੀ ਸਿਮਰਨਜੀਤ ਕੌਰ ਅਤੇ 2015 ਦੀ ਜੂਨੀਅਰ ਵਿਸ਼ਵ ਬਾਕਸਿੰਗ ਚੈਂਪੀਅਨ ਮਨਦੀਪ ਕੌਰ ਸੰਧੂ ਵੀ ਇਸੇ ਅਕੈਡਮੀ ਦੇਣ ਹਨ। ਇਸੇ ਤਰ੍ਹਾਂ ਕਈ ਹੋਰ ਖਿਡਾਰੀ ਵੀ ਅੰਤਰ ਰਾਸ਼ਟਰੀ ਖੇਡ ਮੰਚਾਂ ਉੱਤੇ ਆਪਣੀ ਹਾਜ਼ਰੀ ਲਗਵਾ ਚੁੱਕੇ ਹਨ। ਆਪਣੇ ਖਿਡਾਰੀਆਂ ਨੂੰ ਉਲੰਪਿਕ ਵਿੱਚ ਪਹੁੰਚਾਉਣ ਦਾ ਟੀਚਾ ਉਨ੍ਹਾਂ ਨੇ ਮਹਿਜ਼ ਪੰਦਰਾਂ ਸਾਲ ਵਿੱਚ ਹੀ ਪੂਰਾ ਕਰ ਲਿਆ। ਹੁਣ ਉਹ ਹੋਰ ਨਵੀਂ ਪਨੀਰੀ ਤਿਆਰ ਕਰਨ ਵਿੱਚ ਲੱਗੇ ਹੋਏ ਹਨ।

ਇਸ ਫਾਊਡੇਸ਼ਨ ਦੀਆਂ ਮੁੱਖ ਤਰਜ਼ੀਹਾਂ ਦੂਰ ਦਰਾਜ਼ ਇਲਾਕਿਆਂ ਦੇ ਹੋਣਹਾਰ ਬੱਚਿਆਂ ਨੂੰ ਸਹੂਲਤਾਂ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਖੇਡ ਖੇਤਰ ਦੇ ਅੰਤਰ ਰਾਸ਼ਟਰੀ ਮੰਚਾਂ ਤੇ ਚੜ੍ਹਾਉਣਾ ਹੈ। ਬੱਚਿਆਂ ਲਈ ਢੁਕਵੀਂ ਕੋਚਿੰਗ ਦਾ ਪ੍ਰਬੰਧ, ਖੇਡਾਂ ਦਾ ਸਮਾਨ, ਖਿਡਾਰੀਆਂ ਲਈ ਖੁਰਾਕ, ਟਰਾਂਸਪੋਰਟ ਆਦਿ ਦਾ ਪ੍ਰਬੰਧ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਇਸ ਫਾਊਂਡੇਸ਼ਨ ਦਾ ਹੋਂਦ ਵਿੱਚ ਆਉਣਾ ਸਚਮੁੱਚ ਖੇਡ ਜਗਤ ਲਈ ਇਹ ਖੁਸ਼ਗਵਾਰ ਖਬਰ ਹੈ।

# ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ 24 ਨਵੰਬਰ ਤੋਂ 5 ਦਸੰਬਰ ਤੱਕ ਕਲਿੰਗਾ ਸਟੇਡੀਅਮ ਭੁਵਨੇਸ਼ਵਰ ਵਿਖੇ

## ਦੁਨੀਆਂ ਦੀਆਂ 16 ਟੀਮਾਂ ਲੈਣਗੀਆਂ ਹਿੱਸਾ, ਭਾਰਤ ਚੱਲੇਗੀ ਹਾਕੀ ਦੀ ਮੁੜ ਤੋਂ ਲਹਿਰ




12 ਵਾਂ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ ਇਸ ਵਰ੍ਹੇ 24 ਨਵੰਬਰ ਤੋਂ 5 ਦਸੰਬਰ ਤੱਕ ਕਲਿੰਗਾ ਸਟੇਡੀਅਮ ਭੁਵਨੇਸ਼ਵਰ ਵਿਖੇ ਹੋਵੇਗਾ। ਭੁਵਨੇਸ਼ਵਰ ਪਿਛਲੇ 10 ਸਾਲਾਂ ਵਿਚ ਕਈ ਵੱਡੇ ਟੂਰਨਾਮੈਂਟਾਂ ਦੀ ਮੇਜ਼ਬਾਨੀ ਕਰ ਚੁੱਕਿਆ ਹੈ। ਜਿਨ੍ਹਾਂ ਵਿੱਚ 2018 ਸਾਲ ਦਾ ਸੀਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ, ਵਰਲਡ ਹਾਕੀ ਲੀਗ ਦਾ ਫਾਇਨਲ, ਪ੍ਰੋ ਹਾਕੀ ਲੀਗ ਆਦਿ ਕਈ ਹੋਰ ਪ੍ਰਮੁੱਖ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਨਾਲ ਕਲਿੰਗਾ ਸਟੇਡੀਅਮ ਦੁਨੀਆਂ ਦੀ ਹਾਕੀ ਦੀ ਰਾਜਧਾਨੀ ਬਣ ਗਿਆ ਹੈ।

ਜੂਨੀਅਰ ਵਿਸ਼ਵ ਕੱਪ ਹਾਕੀ ਦੀ ਸ਼ੁਰੂਆਤ ਸਾਲ 1979 ਵਿੱਚ ਫਰਾਂਸ ਤੋਂ ਹੋਈ ਸੀ , ਜੇਕਰ ਜੂਨੀਅਰ ਵਿਸ਼ਵ ਕੱਪ ਹਾਕੀ ਦੇ 42 ਸਾਲਾ ਇਤਿਹਾਸ ਉੱਤੇ ਝਾਤ ਮਾਰੀਏ ਤਾਂ ਹੁਣ ਤਕ ਜਰਮਨੀ ਸਭ ਤੋਂ ਵੱਧ ਵਾਰ ਚੈਂਪੀਅਨ ਬਣਿਆ, ਜਰਮਨੀ ਨੇ ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ 6 ਵਾਰ ਖ਼ਿਤਾਬੀ ਜਿੱਤ ਹਾਸਲ ਕੀਤੀ ਹੈ ਜਦਕਿ ਉਸ ਤੋਂ ਬਾਅਦ ਭਾਰਤ ਨੇ 2 ਵਾਰ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ ਜਿੱਤਣ ਦਾ ਮਾਣ ਹਾਸਲ ਕੀਤਾ ਹੈ ਜਦਕਿ ਪਾਕਿਸਤਾਨ 1979 ਵਿੱਚ ਪਲੇਠਾ ਵਿਸ਼ਵ ਚੈਂਪੀਅਨ ਬਣਿਆ ਸੀ ਉਸ ਤੋਂ ਬਾਅਦ ਆਸਟ੍ਰੇਲੀਆ ਅਤੇ ਅਰਜਨਟੀਨਾ ਦੀਆਂ ਟੀਮਾਂ ਇੱਕ ਇੱਕ ਵਾਰ ਵਿਸ਼ਵ ਚੈਂਪੀਅਨ ਬਣੀਆਂ ਹਨ। ਭਾਰਤ ਜੂਨੀਅਰ ਵਿਸ਼ਵ ਕੱਪ ਦਾ ਵਰਤਮਾਨ ਚੈਂਪੀਅਨ ਹੈ ਭਾਰਤ ਨੇ ਆਖ਼ਰੀ ਵਾਰ ਸਾਲ 2016 ਵਿੱਚ ਲਖਨਊ ਵਿਖੇ ਹੋਏ ਜੂਨੀਅਰ ਵਿਸ਼ਵ ਕੱਪ ਵਿੱਚ ਆਪਣੀ ਮੇਜ਼ਬਾਨੀ ਦਾ ਲਾਹਾ ਲੈਂਦਿਆਂ ਫਾਈਨਲ ਮੁਕਾਬਲੇ ਵਿੱਚ ਬੈਲਜੀਅਮ ਨੂੰ 2-1 ਗੋਲਾਂ ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ ਸੀ ਜਦਕਿ ਇਸ ਤੋਂ ਪਹਿਲਾਂ ਭਾਰਤ ਨੇ ਸਾਲ 2001 ਵਿੱਚ ਹੌਬਰਟ ਆਸਟ੍ਰੇਲੀਆ ਵਿਖੇ ਹੋਏ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲੇ ਵਿੱਚ ਅਰਜਨਟੀਨਾ ਨੂੰ 6-1 ਗੋਲਾਂ ਨਾਲ ਹਰਾ ਕੇ ਪਹਿਲੀ ਵਾਰ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਸੀ ।



ਇਹ ਤੀਸਰਾ ਮੌਕਾ ਹੈ ਜਦੋਂ ਭਾਰਤ ਨੂੰ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲੇ ਦੀ ਮੇਜ਼ਬਾਨੀ ਕਰਨ ਦਾ ਮਾਣ ਮਿਲਿਆ ਹੈ। ਕਲਿੰਗਾ ਸਟੇਡੀਅਮ ਭੁਵਨੇਸ਼ਵਰ ਵਿਖੇ ਹੋਣ ਵਾਲੇ ਜੂਨੀਅਰ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲੇ ਵਿੱਚ 4 ਮਹਾਂਦੀਪਾਂ ਦੀਆਂ 16 ਟੀਮਾਂ ਹਿੱਸਾ ਲੈਣਗੀਆਂ ਜਿਨ੍ਹਾਂ ਵਿੱਚ ਯੂਰਪ ਮਹਾਂਦੀਪ ਤੋਂ 6 ਟੀਮਾਂ ਜਿਨ੍ਹਾਂ ਵਿੱਚ ਸਭ ਤੋਂ ਵੱਧ ਵਾਰ ਚੈਂਪੀਅਨ ਬਣਨ ਵਾਲੀ ਜਰਮਨੀ, ਹਾਲੈਂਡ, ਬੈਲਜੀਅਮ, ਇੰਗਲੈਂਡ, ਸਪੇਨ, ਫਰਾਂਸ ਜਦਕਿ ਅਫਰੀਕਨ ਮਹਾਂਦੀਪ ਤੋਂ ਦੱਖਣੀ ਅਫ਼ਰੀਕਾ ਅਤੇ ਮਿਸਰ ਅਮਰੀਕਨ ਮਹਾਂਦੀਪ ਤੋਂ ਅਰਜਨਟੀਨਾ ,ਚਿੱਲੀ ਅਮਰੀਕਾ, ਕੈਨੇਡਾ ਦੀਆਂ ਟੀਮਾਂ ਜਦਕਿ ਏਸ਼ੀਆ ਮਹਾਂਦੀਪ ਤੋਂ ਪਾਕਿਸਤਾਨ ਮਲੇਸ਼ੀਆ ਕੋਰੀਆ ਅਤੇ ਮੇਜ਼ਬਾਨ ਅਤੇ ਵਰਤਮਾਨ ਚੈਂਪੀਅਨ ਭਾਰਤ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਵਾਰ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਟੀਮਾਂ ਨੇ ਕੋਰੋਨਾ ਮਾਂਹਾਂਮਾਰੀ ਕਾਰਨ ਵਿਸ਼ਵ ਕੱਪ ਹਾਕੀ ਵਿੱਚੋਂ ਆਪਣਾ ਨਾਂ ਵਾਪਸ ਲੈ ਲਿਆ ਹੈ।






ਉਨ੍ਹਾਂ ਦੀ ਜਗ੍ਹਾ ਤੇ ਅਮਰੀਕਾ ਅਤੇ ਕੈਨੇਡਾ ਦੀਆਂ ਟੀਮਾਂ ਨੂੰ ਵਾਈਲਡ ਕਾਰਡ ਰਾਹੀਂ ਐਂਟਰੀ ਦਿੱਤੀ ਗਈ ਹੈ। ਭਾਰਤ ਕੋਲ ਤੀਸਰੀ ਵਾਰ ਵਿਸ਼ਵ ਚੈਂਪੀਅਨ ਬਣਨ ਦਾ ਆਪਣੀ ਮੇਜ਼ਬਾਨੀ ਹੇਠ ਸੁਨਹਿਰੀ ਮੌਕਾ ਹੈ।

ਟੋਕੀਓ ਓਲੰਪਿਕ ਖੇਡਾਂ 2021 ਵਿੱਚ ਕਾਂਸੀ ਦਾ ਤਮਗਾ ਜਿੱਤਣ ਤੋਂ ਬਾਅਦ ਭਾਰਤ ਵਿਚ ਹਾਕੀ ਪੱਖੀ ਇੱਕ ਵੱਡੀ ਲਹਿਰ ਚੱਲ ਰਹੀ ਹੈ, ਇਹ ਜੂਨੀਅਰ ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਭਾਰਤੀ ਹਾਕੀ ਦੀ ਲਹਿਰ ਨੂੰ ਹੋਰ ਬੜਾਵਾ ਦੇਵੇਗੀ, ਜੇਕਰ ਭਾਰਤ ਇਸ ਵਾਰ ਚੈਂਪੀਅਨ ਬਣਦਾ ਹੈ ਤਾਂ ਉਹ ਹੋਰ ਵੀ ਸੋਨੇ ਤੇ ਸੁਹਾਗਾ ਹੋ ਜਾਵੇਗਾ ਅਤੇ ਭਾਰਤੀ ਹਾਕੀ ਦੇ ਚੰਗੇ ਦਿਨ ਵਾਪਸ ਪਰਤ ਆਉਣਗੇ ਕੁੱਲ ਮਿਲਾ ਕੇ ਨਵੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਤੋਂ ਲੈ ਕੇ ਦਸੰਬਰ ਮਹੀਨੇ ਦੇ ਪਹਿਲੇ ਹਫ਼ਤੇ ਤਕ ਭਾਰਤ ਵਿੱਚ ਮੁੜ ਤੋਂ ਹਾਕੀ ਦਾ ਬੋਲਬਾਲਾ ਹੋਵੇਗਾ ਹਾਕੀ ਦੀ ਇਕ ਉਸਾਰੂ ਲਹਿਰ ਚੱਲੇਗੀ ਪਰ ਵੱਡੀ ਗਿਣਤੀ ਵਿਚ ਬੱਚੇ ਹਾਕੀ ਨਾਲ ਜੁੜਨਗੇ । ਪ੍ਰਮਾਤਮਾ ਭਰਤੀ ਟੀਮ ਤੇ ਖ਼ੈਰ ਕਰੇ, ਭਾਰਤੀ ਹਾਕੀ ਦਾ ਰੱਬ ਰਾਖਾ!

# ਨਿਊਜ਼ੀਲੈਂਡ ਪਿਛਲੇ 24 ਘੰਟਿਆਂ ਦੇ ਵਿਚ 18 ਹੋਰ ਨਵੇਂ ਕਰੋਨਾ ਦੇ ਕੇਸ ਆਏ-ਟੀਕਾਕਰਣ ਤੇ ਆਸਾਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ ਨੇ ਇਸ ਡਰ ਦੁੱਖੋਂ ਆਸਟਰੇਲੀਆ ਨਾਲ ਕੁਆਰੀਨਟੀਨ ਫ੍ਰੀ ਯਾਤਰਾ ਜੁਲਾਈ ਮਹੀਨੇ ਤੋਂ ਬੰਦ ਕਰ ਦਿੱਤੀ ਸੀ ਤਾਂ ਕਿ ਗੁਆਂਢੀ ਮੁਲਕ ਤੋਂ ਕਰੋਨਾ ਕੇਸਾਂ ਦੇ ਆਉਣ ਦਾ ਕੋਈ ਮੌਕਾ ਹੀ ਬਚੇ, ਪਰ ਅਗਸਤ ਮਹੀਨੇ ਆਇਆ ਡੈਲਟਾ ਕਰੋਨਾ ਕਿਹੜੇ ਚੋਰ ਰਸਤਿਓ ਇਥੇ ਪਹੁੰਚ ਗਿਆ ਅਜੇ ਤੱਕ ਸਰਕਾਰ ਪੈੜ ਨਹੀਂ ਨੱਪ ਸਕੀ। 17 ਅਗਸਤ ਨੂੰ ਪਾਜ਼ੇਟਿਵ ਪਾਏ ਗਏ ਇਕ ਵਿਅਕਤੀ ਤੋਂ ਸ਼ੁਰੂ ਹੋਇਆ ਕਰੋਨਾ ਵਾਇਰਸ ਅਜਿਹਾ ਚਿੰਬੜਿਆ ਹੈ ਕਿ ਲੱਥਣ ਦਾ ਨਾਂਅ ਹੀ ਨਹੀਂ ਲੈਂਦਾ। ਅੱਜ ਫਿਰ ਪਿਛਲੇ 24 ਘੰਟਿਆਂ ਦੀ ਲਿਸਟ ਦੇ ਵਿਚ 18 ਹੋਰ ਨਵੇਂ ਕਰੋਨਾ ਕੇਸ ਦਰਜ ਹੋ ਗਏ ਹਨ। ਇਹ ਸਾਰੇ ਹੀ ਔਕਲੈਂਡ ਖੇਤਰ ਦੇ ਨਾਲ ਸਬੰਧਿਤ ਹਨ। ਹੁਣ ਤੱਕ ਆਏ ਡੈਲਟਾ ਦੇ ਕੇਸਾਂ ਦੀ ਕੁੱਲ ਗਿਣਤੀ 1164 ਤੱਕ ਤੱਕ ਪੁੱਜ ਗਈ ਹੈ। ਹਸਪਤਾਲ ਦੇ ਵਿਚ 12 ਮਰੀਜ਼ ਹਨ ਜਿਨ੍ਹਾਂ ਵਿਚ 4 ਆਈ. ਸੀ. ਯੂ. ਦੇ ਵਿਚ ਹਨ। ਸਰਕਾਰ ਨੇ ਟੀਕਾਕਰਣ ਮੁਹਿੰਮ ਚਲਾਈ ਹੋਈ ਹੈ ਅਤੇ ਟੀਕਾਕਰਣ ਉਤੇ ਹੀ ਆਸਾਂ ਹਨ ਤਾਂ ਕਿ ਕਰੋਨਾ ਦੇ ਨੱਕ ਵਿਚ ਦਮ ਕੀਤਾ ਜਾ ਸਕੇ ਅਤੇ ਨੱਕ ਅਕੇ ਮੂੰਹ ਰਾਹੀਂ ਲੋਕਾਂ ਦੇ ਸਰੀਰ ਵਿਚ ਦਾਖਲ ਨਾ ਹੋ ਸਕੇ। ਹੁਣ ਤੱਕ 42.3% ਲੋਕ ਦੋਹਰਾ ਟੀਕਾ ਲਗਵਾ ਚੁੱਕੇ ਹਨ ਜਦ ਕਿ 34.3% ਲੋਕਾਂ ਨੂੰ ਅਜੇ ਇਕ ਟੀਕਾ ਹੀ ਲੱਗਿਆ ਹੈ।

ਅੰਕੜਿਆਂ ਅਨੁਸਾਰ 50 ਲੱਖ 20 ਹਜ਼ਾਰ 900 ਲੋਕਾਂ ਨੂੰ ਘੱਟੋ-ਘੱਟ ਕਿ ਟੀਕਾ ਲੱਗ ਚੁੱਕਾ ਹੈ, ਜਿਨ੍ਹਾਂ ਵਿਚ 32 ਲੱਖ 31 ਹਜ਼ਾਰ 444 ਲੋਕਾਂ ਨੂੰ ਅਜੇ ਇਕ ਟੀਕਾ ਲੱਗਿਆ ਹੈ। ਜਨ ਸੰਖਿਆ ਦੇ ਹਿਸਾਬ ਨਾਲ 5 ਮਿਲੀਅਨ ਦੀ ਗਿਣਤੀ ਤਾਂ ਬਹੁਤ ਦਿਸਦੀ ਹੈ ਪਰ ਦੋਹਰੇ ਟੀਕੇ ਵਾਲਿਆਂ ਦੀ ਗਿਣਤੀ ਅਜੇ ਕਾਫੀ ਘੱਟ ਹੈ ਕਿਉਂਕਿ ਪੂਰੇ ਦੇਸ਼ ਦੇ ਵਿਚ ਜੇਕਰ ਇਕੋ ਜਿਹੀਆਂ ਸ਼ਰਤਾਂ ਰੱਖਣੀਆਂ ਹਨ ਤਾਂ ਇਹ ਟੀਕਾਕਰਣ ਦਰ ਦੋਹਰੇ ਟੀਕਿਆਂ ਦੀ ਗਿਣਦੀ ਦੇ ਨਾਲ ਨਾਪਣੀ ਪਵੇਗੀ।

# ਮਾਖਿਓਂ ਮਿੱਠੀ ਬਾਣੀ ਦੇ ਰਚੇਤਾ ਗੰਜ ਏ ਸ਼ਕਰ ਬਾਬਾ ਸ਼ੇਖ ਫ਼ਰੀਦ ਜੀ



**ਰਾਜਨਦੀਪ ਕੌਰ ਮਾਨ**
**91-62393-26166**

ਬਾਬਾ ਫ਼ਰੀਦ ਜੀ ਸੂਫ਼ੀ ਸੰਤ ਤੇ ਮਹਾਨ ਫਕੀਰ ਸਨ। ਅਜਿਹੀਆਂ ਰੂਹਾਂ ਤੇ ਕਿਸੇ ਵੀ ਫ਼ਰਿਕੇ,ਧਰਮ ਦਾ ਕਬਜ਼ਾ ਨਹੀਂ ਹੋ ਸਕਦਾ ਹੁੰਦਾ,ਇਹ ਦਰਵੇਸ਼ ਲੋਕ ਸਮੁੱਚੀ ਲੋਕਾਈ ਦੇ ਸਾਂਝੇ ਹੁੰਦੇ ਹਨ।ਬਾਬਾ ਫ਼ਰੀਦ ਜੀ ਦਾ ਜਨਮ 1173 ਈਸਵੀ ਨੂੰ ਖੋਤਵਾਲ, ਜ਼ਲ੍ਹਿਾ ਮੁਲਤਾਨ ਵਿੱਚ ਜਮਾਲ ਉਦ ਦੀਨ ਸੁਲੇਮਾਨ ਅਤੇ ਸ਼ੇਖ ਵਜੀਹੁਦੀਨ ਖੋਜੇਂਦੀ ਦੀ ਧੀ ਕੁੱਲਸੂਮ ਬੀਬੀ ਦੀ ਕੁੱਖੋਂ ਹੋਇਆ। ਬਾਬਾ ਜੀ ਦੀ ਜਨਮ ਤਰੀਕ ਬਾਰੇ ਵਿਦਵਾਨਾਂ ਵਿਚ ਕਾਫੀ ਮਤਭੇਦ ਹਨ। ਬਾਬਾ ਫ਼ਰੀਦ ਜੀ ਦੇ ਪਿਤਾ ਜੀ ਬਹੁਤ ਜਲਦੀ ਗੁਜ਼ਰ ਗਏ ਸਨ। ਆਪ ਜੀ ਦੀ ਮਾਤਾ ਕੁਲਸੂਮ ਨੇ ਹੀ ਆਪ ਜੀ ਨੂੰ ਪਾਲ ਪੋਸ ਕੇ ਵੱਡਾ ਕੀਤਾ ਤੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਦਿੱਤੀ।ਆਪ ਦੀ ਮਾਤਾ ਦਾ ਆਪ ਨੂੰ ਰੱਬ ਨਾਲ ਜੋੜਨ ਵਿੱਚ ਬਹੁਤ ਵੱਡਾ ਯੋਗਦਾਨ ਹੈ।ਇਸ ਤੋਂ ਬਾਅਦ ਆਪ ਜੀ ਨੇ ਮੌਲਾਨਾ ਅਬੂ ਹਾਫ਼ਿਜ਼ ਕੋਲੋਂ ਬਕਾਇਦਾ ਕੁਰਾਨ ਮਜੀਦ ਦੀ ਸਿੱਖਿਆ ਹਾਸਿਲ ਕੀਤੀ। ਫਿਰ ਉਹ ਬਗਦਾਦ ਚਲੇ ਗਏ ,ਜਿੱਥੇ ਉਹਨਾਂ ਨੇ ਅਬਦੁਲ ਕਾਦਿਰ ਜਿਲਾਨੀ,ਸ਼ੇਖ ਸ਼ਰਿਬੂਦੀਨ ਸੁਹਰਾਵਰਦੀ ਅਤੇ ਖਵਾਜ਼ਾ ਮਾਈਉਦੀਨ ਚਿਸ਼ਤੀ ਆਦਿ ਦੀ ਸੰਗਤ ਤੋਂ ਲਾਭ ਲਿਆ ।

ਬਾਬਾ ਫ਼ਰੀਦ ਜੀ ਨੇ ਆਪਣੀ ਜਿੰਦਗੀ ਦੌਰਾਨ ਬਹੁਤ ਕਠਿਨ ਤਪੱਸਿਆ ਕੀਤੀ ਤੇ ਅਨੇਕਾਂ ਚਿੱਲੇ ਕੱਟੇ।ਆਪ ਜੀ ਨੇ ਬਹੁਤ ਸਾਰੀਆਂ ਧਾਰਮਿਕ ਯਾਤਰਾਵਾਂ ਕੀਤੀਆਂ।ਇਹਨਾਂ ਸਾਰੇ ਕਾਰਨਾਂ ਕਰਕੇ ਆਪ ਜੀ ਨੂੰ ਚਿਸ਼ਤੀ ਪੰਥ ਦੀ ਵਾਗਡੋਰ ਸੰਭਾਲਣ ਦਾ ਮਾਣ ਪ੍ਰਾਪਤ ਹੋਇਆ।ਬਾਬਾ ਜੀ ਦਾ ਦਿਹਾਂਤ 1280 ਈਸਵੀ ਨੂੰ ਪਾਕਪਟਨ ਵਿਖੇ ਹੋਇਆ। ਉਥੇ ਵੀ ਇਹਨਾਂ ਦੀ ਯਾਦ ਵਿੱਚ ਦਰਗਾਹ ਬਣੀ ਹੋਈ ਹੈ।

ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਨੂੰ ਪੰਜਾਬੀ ਦਾ ਪਹਿਲਾ ਕਵੀ ਵੀ ਮੰਨਿਆਂ ਜਾਂਦਾ ਹੈ। ਕਿਉਕਿ ਉਹਨਾਂ ਤੋਂ ਪਹਿਲਾਂ ਕਿਸੇ ਹੋਰ ਕਵੀ ਦੀਆਂ ਰਚਨਾਵਾਂ ਉਪਲਬਧ ਵੀ ਨਹੀਂ ਹਨ। ਬਾਬਾ ਜੀ ਦੀ ਬਾਣੀ ਦੀ ਉੱਤਮਤਾ ਨੂੰ ਦੇਖਦੇ ਹੋਏ ਹੀ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ੇਸ਼ ਸਥਾਨ ਦੇ ਕੇ ਦਰਜ਼ ਕੀਤਾ ਸੀ।

ਬਾਬਾ ਫ਼ਰੀਦ ਜੀ ਰਚਨਾ ਬਾਣੀ ਭਾਵੇਂ ਜਿਆਦਾ ਮਾਤਰਾ ਵਿੱਚ ਉਪਲਬਧ ਨਹੀਂ ਹੈ,ਪਰ ਕਾਵਿਕ ਗੁਣਾਂ, ਵਿਸ਼ੇ ਦੀ ਸ੍ਰੇਸ਼ਟਤਾ ਅਤੇ ਬੇਹੱਦ ਮਿਠਾਸ ਨਾਲ ਲਬਰੇਜ਼ ਹੋਣ ਕਰਕੇ ,ਆਪਣਾ ਖਾਸ ਸਥਾਨ ਰੱਖਦੀ ਹੈ।ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਬਾ ਜੀ ਦੇ 112 ਸਲੋਕ ਦਰਜ ਹਨ। ਉਨ੍ਹਾਂ ਦੀ ਬਾਣੀ ਵਿਚਲੀ ਰੱਬ ਨੂੰ ਮਿਲਣ ਦੀ ਤੜਫ਼, ਸਾਦਾਪਣ, ਨਿਮਰਤਾ ਅਤੇ ਮਿਠਾਸ ਕਰਕੇ ਉਹ ਲੋਕਾਂ ਵਿੱਚ ਬੇਹੱਦ ਹਰਮਨ ਪਿਆਰੇ ਸੂਫ਼ੀ ਸੰਤ ਹਨ।ਆਪ ਜੀ ਦੀ ਬਾਣੀ ਵਿੱਚ ਰੱਬ ਨੂੰ ਲੈਕੇ ਇੰਨਾ ਵੈਰਾਗ ਹੈ ਕਿ ਬਾਣੀ ਪੜ੍ਹਦੇ ਹੋਏ ਅੱਖਾਂ ਵਿਚੋਂ ਅੱਥਰੂ ਸਹਿਜੇ ਹੀ ਵਹਿ ਤੁਰਦੇ ਹਨ;



ਅਜੁ ਨ ਸੁਤੀ ਕੰਤ ਸਿਓ
ਅੰਗ ਮੁੜੇ ਮੁੜਿ ਜਾਇ।।
ਜਾਇ ਪੁਛਹੁ ਡੋਹਾਗਣੀ&;
ਤੁਮ ਕਿਉ ਰੈਣਿ ਵਿਹਾਇ।।

ਆਪ ਜੀ ਨੇ ਆਪਣੀ ਬਾਣੀ ਵਿੱਚ ਖਰੀਆਂ ਖਰੀਆਂ ਤੇ ਸੱਚੀਆਂ ਵੀ ਸੁਣਾਈਆਂ ਹਨ;

ਫਰੀਦਾ ਬੇ ਨਿਵਾਜਾ ਕੁੱਤਿਆ ਏਹ ਨ ਭਲੀ ਰੀਤਿ।।
ਕਬਹਿ ਚਲਿ ਨ ਆਇਆ ਪੰਜੇ ਵਖਤ ਮਸੀਤਿ।।
ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ।।
ਗੁਨਹੀ ਭਰਿਆ ਮੈ ਫਿਰਾ ਲੋਕ ਕਹੈ ਦਰਵੇਸੁ।।

ਆਪ ਜੀ ਦੀ ਬਾਣੀ ਵਿੱਚੋਂ ਅਥਾਹ ਨਿਮਰਤਾ ਤੇ ਸਬਰ ਸੰਤੋਖ ਦਾ ਉਪਦੇਸ਼ ਮਿਲਦਾ ਹੈ:

ਫਰੀਦਾ ਸਾਹਿਬ ਦੀ ਕਰ ਚਾਕਰੀ ਦਿਲ ਦੀ ਲਾਹਿ ਭਰਾਂਦ।।
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦ।।
ਫਰੀਦਾ ਮਨ ਮੈਦਾਨ ਕਰ ਟੋਏ ਟਿੱਬੇ ਲਾਹਿ।।
ਅਗੈ ਮੂਲ ਨਾ ਆਵਸੀ
ਦੋਜ਼ਖ਼ ਸੰਦੀ ਭਾਹਿ।।

ਇਹਨਾਂ ਦੇ ਨਾਮ ਤੇ ਹੀ ਫਰੀਦਕੋਟ ਸ਼ਹਿਰ ਦਾ ਨਾਮ ਰੱਖਿਆ ਗਿਆ ਸੀ।ਪਹਿਲਾਂ ਫਰੀਦਕੋਟ ਦਾ ਨਾਮ ਮੋਕਲਸਰ ਸੀ।ਇਥੇ ਹਰ ਸਾਲ ਅੱਸੂ ਮਹੀਨੇ ਬਾਬਾ ਫਰੀਦ ਜੀ ਦੀ ਯਾਦ ਵਿੱਚ ਆਗਮਨ ਪੁਰਬ ਮਨਾਇਆ ਜਾਂਦਾ ਹੈ, ਜਿਸ ਵਿੱਚ ਦੇਸ਼ ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰੀ ਭਰਦੀਆਂ ਹਨ।

ਪੂਰਾ ਫਰੀਦਕੋਟ ਸ਼ਹਿਰ ਇਸ ਮਹੀਨੇ ਇੱਕ ਖਾਸ ਤਰ੍ਹਾਂ ਦੇ ਸੂਫ਼ੀ ਰੰਗ ਵਿੱਚ ਰੰਗਿਆ ਹੋਇਆ ਦਿਖਾਈ ਦਿੰਦਾ ਹੈ। ਸਾਨੂੰ ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਪੜ੍ਹ ਕੇ ਨਿਮਰਤਾ, ਸਾਦਗੀ ਵਰਗੇ ਗੁਣਾਂ ਨੂੰ ਧਾਰਨ ਕਰਨ ਦਾ ਸੰਦੇਸ਼ ਮਿਲਦਾ ਹੈ।

## (23 ਸਤੰਬਰ ਬਰਸੀ ’ਤੇ)

# ਬਹੁ ਪੱਖੀ ਸ਼ਖ਼ਸੀਅਤ ਦਾ ਮਾਲਕ ਗਿਆਨੀ ਸੋਹਣ ਸਿੰਘ ਸੀਤਲ ਮਾਨਸ

**ਰਮੇਸ਼ ਬੱਗਾ ਚੋਹਲਾ**
**91-94631-32719**


ਜਨਮ ਨੂੰ ਦੁਰਲੱਭ ਕਹਿ ਕੇ ਵਡਿਆਇਆ ਅਤੇ ਸਲਾਹਿਆ ਗਿਆ ਹੈ।ਗੁਰਬਾਣੀ ਦੇ ਨਿਰਣੇ ਮੁਤਾਬਕ ਇਸ ਦੀ ਜਨਮ ਦੀ ਦੁਰਲੱਭਤਾ ਕਾਰਨ ਹੀ ਇਸ ਦੀ ਪ੍ਰਾਪਤੀ ਲਈ ਦੇਵੀ-ਦੇਵਤੇ ਅਤੇ ਰਿਸ਼ੀ-ਮੁਨੀ ਵੀ ਤਰਸਦੇ ਰਹਿੰਦੇ ਹਨ।ਪਰ ਬਹੁਤ ਸਾਰੇ ਮਨੁੱਖ ਅਜਿਹੇ ਵੀ ਹੁੰਦੇ ਜੋ ਇਸ ਜਨਮ ਦੀ ਕਦਰ ਨਾ ਕਰਦੇ ਹੋਏ ਇਸ ਦਾ ਭਰਪੂਰ ਲਾਹਾ ਨਹੀਂ ਲੈਂਦੇ।ਆਪਣੇ ਪਰਿਵਾਰਕ ਅਤੇ ਸੰਸਾਰਿਕ ਝਮੇਲਿਆਂ ਵਿੱਚ ਉਲਝ ਕੇ ਉਹ ਆਪਣੇ ਜੀਵਨ ਦੇ ਬੇਸ਼ਕੀਮਤੀ ਪਲਾਂ ਨੂੰ ਅਜਾਂਈ ਹੀ ਗੁਆ ਦਿੰਦੇ ਹਨ।ਇਸ ਤਰ੍ਹਾਂ ਗੁਆਏ ਹੋਏ ਪਲ ਬਦਕਿਸਮਤੀ ਦੇ ਖਾਤੇ ਵਿੱਚ ਡਿਪਾਜ਼ਿਟ ਹੋ ਜਾਂਦੇ ਹਨ ਅਤੇ ਬੰਦਾ ਆਪਣੇ ਆਪ ਨੂੰ ਕੋਸਦਾ ਹੋਇਆ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਂਦਾ ਹੈ।ਮਨੁੱਖੀ ਜਨਮ ਦੀ ਮੁੜ ਪ੍ਰਾਪਤੀ ਨਾ ਹੋਣ ਕਰਕੇ ਹੀ ਭਗਤ ਕਬੀਰ ਜੀ ਜੀਵ ਨੂੰ ਸਮਝਾਉਣਾ ਕਰਦੇ ਹੋਏ ਲਿਖਦੇ ਹਨ:-

ਕਬੀਰ ਮਾਨਸ ਜਨਮ ਦੁਲੰਭ ਹੈ ਹੋਇ ਨਾ ਬਾਰੈ ਬਾਰ।।
ਜਿਉ ਬਨ ਫ਼ਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।

ਇਨ੍ਹਾਂ ਸਤਰਾਂ ਦੀ ਰੋਸ਼ਨੀ ਵਿੱਚ ਜੇਕਰ ਦੇਖਿਆ ਜਾਵੇ ਤਾਂ ਇਨਸਾਨੀ ਜ਼ਿੰਦਗੀ ਦਾ ਮਨੋਰਥ ਕੇਵਲ ਖਾਣ-ਪੀਣ ਅਤੇ ਐਸ਼ ਕਰਨ ਤੱਕ ਹੀ ਸੀਮਤ ਨਹੀਂ ਰਹਿ ਜਾਂਦਾ ਸਗੋਂ ਇਸ ਦਾ ਇੱਕ ਉੱਚਾ ਅਤੇ ਸੁੱਚਾ ਮਨੋਰਥ ਖ਼ਲਕਤ ਦੀ ਸੇਵਾ ਕਰਨਾ ਵੀ ਹੁੰਦਾ ਹੈ।ਇਸ ਮਨੋਰਥ ਨੂੰ ਤਸਦੀਕ ਕਰਦੇ ਹੋਏ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫ਼ੁਰਮਾਉਂਦੇ ਹਨ:-

ਆਪੁ ਗਵਾਇ ਸੇਵਾ ਕਰੇ,ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ,ਲਗਾ ਸੋ ਪਰਵਾਨੁ ॥

ਇਸੇ ਤਰ੍ਹਾਂ ਹੀ ਆਪਣਾ ਆਪ ਗੁਆ (ਸਖਤ ਮਿਹਨਤ ਕਰਕੇ) ਕੇ ਲੋਕਾਈ ਦਾ ਪਿਆਰ ਤੇ ਸਤਿਕਾਰ ਹਾਸਲ ਕਰਨ ਵਾਲਿਆਂ ਵਿੱਚ ਸ਼ਾਮਲ ਹੈ ਪੰਥਕ ਢਾਡੀ ਅਤੇ ਉੱਚਕੋਟੀ ਦੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਮ ।ਇਹ ਪਿਆਰ ਅਤੇ ਸਤਿਕਾਰ ਕਿਸੇ ਵਿਅਕਤੀ ਵਿਸ਼ੇਸ਼ ਦੀ ਜ਼ਿੰਦਗੀ ਦਾ ਵੱਡਮੁੱਲਾ ਸਰਮਾਇਆ ਹੁੰਦਾ ਹੈ ਜਿਸ ਨੂੰ ਹਾਸਲ ਕਰਨ ਲਈ ਉਸ ਵਿਅਕਤੀ ਨੂੰ ਵਿਸ਼ੇਸ਼ ਘਾਲਣਾ ਘਾਲਣੀ ਪੈਂਦੀ ਹੈ।ਗਿਆਨੀ ਸੋਹਣ ਸਿੰਘ ਸੀਤਲ ਨੂੰ ਵੀ ਆਮ ਤੋਂ ਖਾਸ ਵਿਅਕਤੀ ਦਾ ਸਫ਼ਰ ਤਹਿ ਕਰਨ ਲਈ ਇੱਕ ਲੰਮੀ ਅਤੇ ਅਣਥੱਕ ਘਾਲਣਾ ਘਾਲਣੀ ਪਈ ਹੈ। ਬਹੁਪਰਤੀ ਸ਼ਖ਼ਸੀਅਤ (ਢਾਡੀ, ਕਵੀ, ਪ੍ਰਚਾਰਕ, ਕਹਾਣੀਕਾਰ, ਗੀਤਕਾਰ, ਨਾਵਲ- ਕਾਰ, ਨਾਟਕਕਾਰ ਅਤੇ ਇੱਕ ਖੋਜੀ ਇਤਹਾਸਕਾਰ) ਦੇ ਮਾਲਕ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਈ. ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿੱਚ ਸ.ਖੁਸ਼ਹਾਲ ਸਿੰਘ ਪੰਨੂ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ।ਭਾਵੇਂ ਰਸਮੀ ਤਲੀਮ ਹਾਸਲ ਕਰਨ ਲਈ ਸੀਤਲ ਦੇ ਮਨ ਵਿੱਚ ਇੱਕ ਤੀਬਰ ਤਾਂਘ ਸੀ ਪਰ ਉਸ ਸਮੇਂ ਸੰਸਥਾਗਤ ਵਿਦਿਆ(ਖਾਸ ਕਰਕੇ ਪਿੰਡਾਂ 'ਚ) ਦੀ ਕਾਫੀ ਘਾਟ ਸੀ। ਇਸ ਘਾਟ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁੱਝ ਵਿਸ਼ੇਸ਼ ਯਤਨਾਂ ਸਦਕਾ ਸੀਤਲ ਨੇ ਆਪਣੇ ਪਿੰਡ ਦੇ ਸਾਧੂ/ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁੱਖੀ ਵਰਣਾਂ ਦੀ ਪਹਿਚਾਣ ਕਰਨੀ ਸਿੱਖ ਲਈ।ਇਸ ਪਹਿਚਾਣ ਨੇ ਉਸ ਦੇ ਹੌਂਸਲੇ ਨੂੰ ਅਜਿਹਾ ਵਧਾਇਆ ਕਿ ਉਹ ਕੁੱਝ ਵਡੇਰੀ(14 ਸਾਲ ਦੀ)ਉਮਰ ਦਾ ਹੋ ਜਾਣ ਦੇ ਬਾਵਜੂਦ ਵੀ ਗੁਆਂਢੀ ਪਿੰਡ 'ਵਰਨ' ਦੀ ਪਾਠਸ਼ਾਲਾ ਵਿੱਚ ਪ੍ਰਵੇਸ਼ ਕਰ ਗਿਆ। ਪੜ੍ਹਾਈ ਵਿੱਚ ਉਸ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਵੱਲੋਂ ਉਸ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਏ ਛਿਮਾਹੀਆਂ ਵਿੱਚ ਹੀ ਪੂਰੀਆਂ ਕਰਵਾ ਦਿੱਤੀਆਂ। ਉਸਤਾਦ ਲੋਕਾਂ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਸਦਕਾ ਸੀਤਲ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿੱਚ ਰਹਿ ਕੇ ਪਾਸ ਕਰ ਲਈ।ਉਸ ਸਮੇਂ ਮੈਟ੍ਰਿਕ ਵਿਚ ਇਹ ਦਰਜਾ ਕਿਸੇ ਵਿਰਲੇ-ਟਾਵੇਂ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ।



ਇਸ ਸਿੱਖਿਆ ਪ੍ਰਾਪਤੀ ਦੇ ਦੌਰ( ਅੱਠਵੀਂ ਜਮਾਤ ਵਿੱਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਵੱਲੋਂ ਉਸ ਨੂੰ ਸਮਾਜਿਕ/ਪਰਿਵਾਰਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦੇ ਹੋਏ ਉਸ ਦਾ ਵਿਆਹ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ।ਇਨ੍ਹਾਂ ਦੇ ਘਰ ਦੋ ਪੁੱਤਰਾਂ(ਰਘਵੀਰ ਸਿੰਘ ਅਤੇ ਸੁਰਜੀਤ ਸਿੰਘ) ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਹੁਣ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਸੀਤਲ ਨੂੰ ਆਪਣੇ ਘਰ-ਪਰਿਵਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ। ਇਸ ਧਿਆਨ ਦੇ ਵੱਧ ਜਾਣ ਕਾਰਣ ਉਨ੍ਹਾਂ ਦਾ ਪੜ੍ਹਾਈ ਵਿਚਲਾ ਧਿਆਨ ਕੁੱਝ ਪਿੱਛੇ ਪੈਣ ਲੱਗ ਪਿਆ। ਇਸ ਪਿਛੇਤਰ ਕਾਰਨ ਉਹ ਉਚੇਰੀ ਵਿਦਿਆ ਦੇ ਤੌਰ 'ਤੇ ਸਿਰਫ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕਿਆ ਗਿਆਨੀ ਸੋਹਣ ਸਿੰਘ ਸੀਤਲ ਕੁੱਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀ ਬਾੜੀ ਨਾਲ ਵੀ ਜੁੜਿਆ ਰਿਹਾ। ਇਸ ਕਿੱਤੇ ਨੂੰ ਕਰਦਿਆਂ ਹੀ ਉਸ ਦੇ ਅੰਦਰ ਕੁੱਝ ਵੱਖਰਾ ਕਰਕੇ ਦਿਖਾਉਣ ਦੀ ਇੱਛਾ ਵੀ ਜਵਾਨ ਹੁੰਦੀ ਗਈ।ਜੋਬਨ ਉੱਤੇ ਆਈ ਉਸ ਦੀ ਇਸ ਇੱਛਾ ਨੇ ਇੱਕ ਦਿਨ ਉਸ ਨੂੰ ਢਾਡੀ ਕਲਾ ਵੱਲ ਨੂੰ ਮੋੜ ਦਿੱਤਾ। ਇਸ ਮੋੜ ਵੱਲ ਮੁੜਦਿਆਂ ਉਸ ਨੇ ਆਪਣਿਆਂ ਸਾਥੀਆਂ ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨੂੰ ਨਾਲ ਲੈ ਲਿਆ ਅਤੇ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਸਾਰੰਗੀ ਅਤੇ ਢੱਡ ਵਜਾਉਣੀ ਸਿੱਖਣ ਲੱਗ ਪਏ। ਉਸਤਾਦ ਜੀ ਕੋਲੋਂ ਢਾਡੀ-ਕਲਾ ਦੀਆਂ ਬਰੀਕੀਆਂ ਤੋਂ ਚੰਗੀ ਤਰ੍ਹਾਂ ਗਿਆਤ ਹੋ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿੱਚ ਆਪਣੀ ਹਾਜ਼ਰੀ ਭਰਨ ਲੱਗ ਪਿਆ।ਉਸ ਵਕਤ ਢਾਡੀ ਕਲਾ ਦੇ ਖੇਤਰ ਵਿੱਚ ਸੋਹਣ ਸਿੰਘ ਘੁੱਕੇਵਾਲੀਆ,ਬਾਬਾ ਕਿਸ਼ਨ ਸਿੰਘ,ਸੋਹਣ ਸਿੰਘ ਭੀਲ਼ਾ ਅਤੇ ਨਿਰਵੈਰ ਸਿੰਘ ਦੁਆਬੀਆ ਆਦਿ ਦੇ ਜਥੇ ਪ੍ਰਮੁੱਖ ਰੂਪ ਵਿੱਚ ਵਿਚਰ ਰਹੇ ਸਨ। ਸਿੱਖ ਸੰਗਤਾਂ ਵਿੱਚ ਇਨ੍ਹਾਂ ਜਥਿਆਂ ਦੀ ਚੰਗੀ ਭਲ ਸੀ। ਸ੍ਰੋਤਿਆਂ/ਦਰਸ਼ਕਾਂ ਦਾ ਧਿਆਨ ਇਨ੍ਹਾਂ ਜਥਿਆਂ ਵੱਲੋਂ ਹਟਾ ਕੇ ਆਪਣੇ ਵੱਲ ਲਗਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ।ਪਰ ਇਹ ਚਮਤਕਾਰ ਗਿਆਨੀ ਜੀ ਦੇ ਜਥੇ ਨੇ ਥੋੜ੍ਹੇ ਹੀ ਸਮੇਂ ਵਿੱਚ ਕਰ ਦਿਖਾਇਆ। ਇਸ ਚਮਤਕਾਰ ਦੇ ਕਾਰਨਾਂ ਵਿੱਚ ਸੀਤਲ ਦਾ ਵਧੇਰੇ ਤਲੀਮ-ਯਾਫ਼ਤਾ ਹੋਣਾ ਅਤੇ ਵਿਆਖਿਆ ਦੇ ਨਵੇਕਲੇ ਅਤੇ ਨਿਰਾਲੇ ਢੰਗ ਅਪਣਾਉਣਾ ਸੀ।ਦੇਸ਼ ਵਿਦੇਸ਼ ਵਿੱਚ ਇਸ ਢਾਡੀ ਜਥੇ ਦੀ ਇੰਨੀ ਵਡਿਆਈ ਹੋਈ ਕਿ ਸ਼ਰੀਕਾਂ ਦੀ ਨਫ਼ਰਤ ਵੀ ਪਿਆਰ ਵਿੱਚ ਬਦਲ ਗਈ। ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲੱਗਭਗ ਛੇ ਦਹਾਕਿਆਂ ਤੱਕ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਲੋਕਾਂ ਨੂੰ ਆਪਣੇ ਵਿਰਸੇ ਤੋਂ ਵਾਕਿਫ਼ ਕਰਵਾਇਆ।

ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਨੂੰ ਇੱਕ ਤੂਫ਼ਾਨੀ ਅਵਸਥਾ ਮੰਨਿਆ ਹੈ। ਇਸ ਅਵਸਥਾ ਵਿੱਚ ਜਵਾਨੀ ਅੱਥਰੀ ਹੋ ਜਾਂਦੀ ਹੈ ਅਤੇ ਕਈ ਵਾਰ ਲੀਹੋਂ ਵੀ ਲਹਿ ਜਾਂਦੀ ਹੈ। ਪਰ ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਤੂਫ਼ਾਨੀ ਅਵਸਥਾ ਨੂੰ ਠੱਲ੍ਹ ਪਾਉਣ ਲਈ ਕਲਮ ਦਾ ਸਹਾਰਾ ਲੈ ਲਿਆ।ਇਸ ਕਲਮ ਨੇ ਸੀਤਲ ਦੀਆਂ ਭਾਵਨਾਵਾਂ ਨੂੰ ਕਵਿਤਾ ਵਿੱਚ ਪਰੋ ਦਿੱਤਾ। ਉਸ ਦੀ ਪਹਿਲੀ ਕਵਿਤਾ 1924 ਈ. ਨੂੰ 'ਅਕਾਲੀ' ਅਖਬਾਰ ਵਿੱਚ ਛਪ ਗਈ।ਇਸ ਕਵਿਤਾ ਦੇ ਨਾਲ ਹੀ ਸੀਤਲ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ।ਇਸ ਸਫ਼ਰ ਦੇ ਸਿੱਟੇ ਵਜੋਂ ਉਸ ਨੇ ਇੱਕ ਕਾਵਿ ਸੰਗ੍ਰਿਹ 'ਸੱਜਰੇ ਹੰਝੂ' ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਦਿੱਤਾ।ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁੱਝ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ 'ਕਦਰਾਂ ਬਦਲ ਗਈਆਂ', 'ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਕਾਫੀ ਚਰਚਿਤ ਹੋਈਆਂ ਹਨ। ਇਹ ਸਿਰਜਣਾ ਭਾਵੇ ਉਨ੍ਹਾਂ ਦੇ ਸਾਹਿਤਕ ਜੀਵਨ ਦੇ ਪ੍ਰਾਇਮਰੀ ਪੜਾਅ ਦੀ ਹੀ ਸੀ ਪਰ ਉਸ ਦੇ ਚੰਗੇਰੇ ਅਤੇ ਪਕੇਰੇ ਕੱਲ੍ਹ ਨੂੰ ਤਸਦੀਕ ਕਰਦੀ ਸੀ।

ਇੱਕ ਨਾਵਲਕਾਰ ਦੇ ਤੌਰ 'ਤੇ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਮਹਾਨ ਦੇਣ ਰਹੀ ਹੈ। ਉਸ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜ਼ਨਾਂ ਦੇ ਕਰੀਬ ਬਣਦੀ ਹੈ। ਸੈਕੰਡਰੀ ਜਮਾਤਾਂ ਨੂੰ ਇੱਕ ਪਾਠਕ੍ਰਮ ਦੇ ਤੌਰ 'ਤੇ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕੁਰਣਾਮਈ ਢੰਗ ਨਾਲ ਬਿਆਨ ਕਰਦਾ ਹੈ। 'ਜੁੱਗ ਬਦਲ ਗਿਆ' ਸੀਤਲ ਦਾ ਇੱਕ ਹੋਰ ਚਰਿਚਤ ਨਾਵਲ ਹੈ ਜਿਸ ਨੂੰ 1974 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰਿਤ ਕੀਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਛੁੱਟ 'ਮੁੱਲ ਦਾ ਮਾਸ', 'ਜੰਗ ਜਾਂ ਅਮਨ', 'ਈਚੋਗਿਲ ਦੀ ਨਹਿਰ ਤੱਕ', 'ਵਿਯੋਗਣ', ਅਤੇ 'ਅੰਨੀ ਸੁੰਦਰਤਾ' ਆਦਿ ਸੀਤਲ ਦੁਆਰਾ ਰਚਿਤ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ। ਸੀਤਲ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਸ ਦੇ ਨਾਵਲਾਂ ਦੇ ਪਾਤਰ ਕਿਸੇ ਕਲਪਨਾ ਦੇ ਕਾਰਖਾਨੇ ਵਿੱਚ ਤਿਆਰ ਨਾ ਹੋ ਕਿ ਹਕੀਕੀ ਹਲਾਤਾਂ 'ਚੋ ਉਪਜਦੇ ਹਨ।

ਇੱਕ ਖੋਜੀ (ਸਿੱਖ) ਇਤਹਾਸਕਾਰ ਦੇ ਤੌਰ 'ਤੇ ਸੋਹਣ ਸਿੰਘ ਸੀਤਲ ਦਾ ਇੱਕ ਅਹਿਮਤਰੀਨ ਸਥਾਨ ਹੈ। ਉਸ ਨੇ ਪਹਿਲਾਂ ਆਪ ਨਿੱਠ ਕੇ ਸਿੱਖ ਇਤਹਾਸ ਦਾ ਵਿਸ਼ਲੇਸ਼ਣ ਕੀਤਾ ਬਾਅਦ ਵਿੱਚ ਕੁਝ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿਚ ਮੁੜ ਪ੍ਰਕਾਸ਼ਿਤ ਕਰਵਾਇਆ।ਉਸ ਦੇ ਇਸ ਉਪਰਾਲੇ ਨੇ ਜਿਥੇ ਸਿੱਖ ਇਤਹਾਸ ਬਾਰੇ ਪਾਏ ਜਾਂਦੇ ਕੁਝ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਉਥੇ ਸਿੱਖ ਇਤਹਾਸ ਨੂੰ ਨਵੀਂ ਦਿੱਖ ਵੀ ਪ੍ਰਦਾਨ ਕੀਤੀ।ਸੀਤਲ ਦੀਆਂ ਇਤਿਹਾਸਕ ਲਿਖਤਾਂ ਵਿੱਚ 'ਸਿੱਖ ਰਾਜ ਕਿਵੇਂ ਗਿਆ' ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ।'ਦੁਖੀਏ ਮਾਂ ਦੇ ਪੁੱਤ' 'ਬੰਦਾ ਸਿੰਘ ਸ਼ਹੀਦ', 'ਸਿੱਖ ਮਿਸਲਾਂ ਦੇ ਸਰਦਾਰ ਘਰਾਣੇ', 'ਸਿੱਖ ਰਾਜ ਅਤੇ ਸ਼ੇਰੇ ਪੰਜਾਬ' ਅਤੇ 'ਸਿੱਖ ਸ਼ਹੀਦ ਅਤੇ ਯੋਧੇ' ਉਸ ਦੀਆਂ ਵਰਨਣਯੋਗ ਇਤਹਾਸਕ ਕਿਤਾਬਾਂ ਹਨ।

ਸੋਹਣ ਸਿੰਘ ਸੀਤਲ ਦਾ ਵਧੇਰੇ ਤਪੱਸਵੀ ਅਤੇ ਖੋਜ ਭਰਪੂਰ ਕੰਮ 'ਸਿੱਖ ਇਤਹਾਸ ਦੇ ਸੋਮੇ', ਪੰਜ ਜਿਲਦਾਂ ਵਿੱਚ ਤਿਆਰ ਕਰਨੇ ਹਨ।ਸੀਤਲ ਦੀ ਇਸ ਤੱਪਸਿਆ ਨੇ ਸਿੱਖ ਇਤਹਾਸ ਨੂੰ ਕਾਫੀ ਹੱਦ ਤੱਕ ਸਰਲਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ ਹੈ।

ਓਪਰੋਕਤ ਚਰਚਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਗਿਆਨੀ ਸੋਹਣ ਸਿੰਘ ਸੀਤਲ ਵਰਗੇ ਬਹੁਪੱਖੀ ਪ੍ਰਤਿਭਾ ਦੇ ਮਾਲਿਕ ਅਤੇ ਨੇਕ ਦਿਲ ਵਿਅਕਤੀ ਵਿਰਲੇ ਹੀ ਪੈਦਾ ਹੁੰਦੇ ਹਨ।ਪੰਥ ਦਾ ਅਮੋਲਕ ਢਾਡੀ ਅਤੇ ਪੰਜਾਬੀ ਸਾਹਿਤ ਦਾ ਅਮਿੱਟ ਹਸਤਾਖ਼ਰ ਗਿਆਨੀ ਸੋਹਣ ਸਿੰਘ ਸੀਤਲ ਆਪਣਾ ਨੌਂ ਦਹਾਕਿਆਂ ਦਾ ਜੀਵਨ ਪੰਧ ਮੁਕਾ ਕੇ ਅਖੀਰ 23 ਸਤੰਬਰ 1998 ਈ.ਵਾਲੇ ਦਿਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ।ਸੀਤਲ ਦੇ ਆਪਣੇ ਬੋਲ ਸਨ:-

'ਸੀਤਲ ਸਦਾ ਜਹਾਨ ਜੀਂਵਦਾ ਏ,
ਜੀਹਦਾ ਮਰ ਗਿਆਂ ਦੇ ਪਿੱਛੋਂ ਜੱਸ ਹੋਵੇ'।

# ਪੀ.ਐਚ.ਡੀ.ਕਰ ਰਹੇ ਮੁੱਖ ਮੰਤਰੀ ਗੈਸਟ ਫੈਕਲਟੀ / ਪ੍ਰੋਫੈਸਰਾਂ ਦੀਆਂ ਸਮੱਸਿਆਵਾਂ ਹੱਲ ਕਰਨਗੇ?



ਮੇਜਰ ਸਿੰਘ ਨਾਭਾ
91-94635-53962

ਪੰਜਾਬ ਦਾ ਨਵਾਂ ਬਣਿਆ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਵਿੱਦਿਅਕ ਯੋਗਤਾ ਪੱਖੋਂ ਚੰਗਾ ਪੜ੍ਹਿਆ ਲਿਖਿਆ ਹੈ ਜੋ ਪੀ.ਐਚ.ਡੀ. ਵੀ ਅਜੇ ਕਰ ਰਿਹਾ ਹੈ। ਇਸ ਤੋਂ ਸਾਫ ਜਾਹਿਰ ਹੈ ਕਿ ਉਸ ਨੂੰ ਉਚੇਰੀ ਸਿੱਖਿਆ ਦੀਆਂ ਸਮੱਸਿਆਵਾਂ ਬਾਰੇ ਡੂੰਘਾਈ ਤੱਕ ਗਿਆਨ ਹੋਵੇਗਾ ਕਿਉਂ ਕਿ ਪਹਿਲਾਂ ਇਹ ਉਚੇਰੀ ਸਿੱਖਿਆ ਦੇ ਮੰਤਰੀ ਵੀ ਰਹਿ ਚੁੱਕੇ ਹਨ ।ਇਨ੍ਹਾਂ ਨੂੰ ਆਪਣੇ ਗੁਰੂ ਸਮਾਨ ਪ੍ਰੋਫੈਸਰਾਂ ਦੀ ਹੋ ਰਹੀ ਦੁਰਗਤੀ ਬਾਰੇ ਜਾਣਕਾਰੀ ਸਾਇਦ ਹੋਵੇਗੀ ਹੀ । ਜਦੋਂ ਕਿਸੇ ਰਾਜ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਥੋਂ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ 'ਚ ਔਸਤ ਵਾਧਾ ਹੋਣਾ ਵੀ ਜਰੂਰੀ ਹੈ ਪਰ ਇਹਨਾਂ ਕਾਲਜ ਅਧਿਆਪਕਾਂ ਦੀ ਹੋਣੀ ਨੇ ਇਸ ਰੁਤਬੇ ਨੂੰ ਥੱਲੇ ਲਿਆਂਦਾ ਹੈ। ਯੂ.ਜੀ.ਸੀ. ਪੇ ਸਕੇਲ ਸੱਤਵੇਂ ਪੇ ਕਮਿਸ਼ਨ ਅਨੁਸਾਰ ਪ੍ਰੋਫੈਸਰਾਂ ਲਈ ਨਵੇਂ ਗਰੇਡ ਸਿਫਾਰਸ ਕੀਤੇ ਹਨ ਜੋ ਇਨ੍ਹਾਂ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਕਾਲਜਾਂ ਵਿੱਚ ਕੰਮ ਕਰ ਰਹੇ ਗੈਸਟ ਫੈਕਲਟੀ / ਪ੍ਰੋਫੈਸਰਾਂ ਨੂੰ ਰੈਗੂਲਰ ਕਰਕੇ ਤਨਖਾਹਾਂ ਵਧਾਉਣੀਆਂ ਚਾਹੀਦੀਆਂ ਹਨ ਜਦੋਂ ਕਿ ਗੁਆਂਢੀ ਰਾਜ ਹਰਿਆਣਾ ਨੇ ਅਗਸਤ 2018 'ਚ ਐਡਹਾਕ / ਠੇਕੇ ਤੇ ਕੰਮ ਕਰ ਰਹੇ ਕਾਲਜ ਲੈਕਚਰਾਰਾਂ ਲਈ 'ਬਰਾਬਰ ਕੰਮ, ਬਰਾਬਰ ਤਨਖਾਹ' ਦੇ ਸਿਧਾਂਤ ਨੂੰ ਲਾਗੂ ਕਰਕੇ ਇਨ੍ਹਾਂ ਦੀ ਤਨਖਾਹ 57700 ਰੁ: ਕਰਨ ਦਾ ਫੈਸਲਾ ਕਰਕੇ ਜੂਨ 2019 ਨੂੰ ਇਸ ਸਬੰਧ 'ਚ ਪੱਤਰ ਜਾਰੀ ਕਰ ਦਿੱਤਾ। ਦਿੱਲੀ ਸਰਕਾਰ ਵੀ ਇਹ ਵਾਧਾ ਕਰ ਚੁੱਕੀ ਹੈ ।ਨਵੀਂ ਪੰਜਾਬ ਸਰਕਾਰ ਨੂੰ ਤੁਰੰਤ ਇਸ ਬਾਰੇ ਪਹਿਲ ਦੇ ਆਧਾਰ ਤੇ ਸੋਚਣਾ ਚਾਹੀਦਾ ਹੈ, ਘੱਟੋ-ਘੱਟ ਜੇ ਗੁਆਂਢੀ ਰਾਜ ਤੋਂ ਅੱਗੇ ਨਹੀਂ ਵੱਧਣਾ ਤਾਂ ਰੀਸ ਤਾਂ ਕਰ ਲੈਣੀ ਚਾਹੀਦੀ ਹੈ। ਗੁਰੂ ਚੇਲੇ ਦੀ ਗੱਲ ਕਰੀਏ ਤਾਂ ਇਨ੍ਹਾਂ ਪ੍ਰੋਫੈ-ਸਰਾਂ ਲਈ ਬੜੀ ਨਾਮੋਸ਼ੀ ਭਰੀ ਲੱਗਦੀ ਹੈ ਜਦ ਕਾਲਜਾਂ ਦੇ ਵਿਦਿਆਰਥੀ ਵੱਡੀਆਂ ਗੱਡੀਆਂ 'ਚ ਆਉਂਦੇ ਹੋਣ ਤੇ ਪ੍ਰੋਫੈਸਰ ਪੈਦਲ / ਬਸਾਂ ਤੇ ਧੱਕੇ ਖਾਂਦੇ ਹੋਣ।ਕਈ ਵਿਦਿਆਰਥੀਆਂ ਦੇ ਮਹੀਨੇ ਦੇ ਖਰਚੇ ਇਨ੍ਹਾਂ ਪ੍ਰੋਫੈਸਰਾਂ ਦੀਆਂ ਤਨਖਾਹਾਂ ਤੋਂ ਵੱਧ ਨੇ , ਜੋ ਕਿ ਸਰਕਾਰ ਲਈ ਸ਼ਰਮਿੰਦਗੀ ਵਾਲੀ ਗੱਲ ਜਰੂਰ ਹੈ।

ਕਿਸੇ ਸਮੇਂ ਕਾਲਜ ਪ੍ਰੋਫੈਸਰਾਂ ਦਾ ਰੁਤਬਾ ਆਮ ਆਮ ਮਹਿਕਮਿਆਂ ਦੇ ਉੱਚ ਅਧਿਕਾਰੀਆਂ ਤੋਂ ਉੱਚਾ ਸਮਝਿਆ ਜਾਂਦਾ ਸੀ।ਪਰ ਅੱਜ ਜੋ ਕਾਲਜ ਗੈਸਟ ਫੈਕਲਟੀ (ਪ੍ਰਫੈਸਰਾਂ) ਦੀ ਤਰਸਯੋਗ ਹਾਲਤ ਹੈ। ਸਰਕਾਰੀ ਕਾਲਜਾਂ ਅੰਦਰ ਪੜ੍ਹਾ ਰਹੇ ਵੱਖ-ਵੱਖ ਕਿਸਮ ਦੇ ਅਧਿਆਪਕ (ਪ੍ਰੋਫੈਸਰ) ਤਕਰੀਬਨ ਦੋ ਦਹਾਕਿਆਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ। ਇਨ੍ਹਾਂ ਦੀ ਹਾਲਤ ਸਮਾਂ ਲੰਘਦੇ ਹੋਏ ਸੱਪ ਦੇ ਮੂੰਹ 'ਚ ਕੋਹੜ-ਕਿਰਲੀ ਵਾਲੀ ਬਣ ਗਈ, ਇਹ ਨਾ ਤਾਂ ਕੋਈ ਹੋਰ ਜਾਬ ਕਰਨ ਯੋਗ ਰਹੇ, ਨਾ ਹੀ ਇਹ ਪ੍ਰੋਫੈਸਰੀ ਛੱਡ ਕੇ ਹੋਰ ਨੌਕਰੀ ਪ੍ਰਾਪਤ ਕਰਨ ਦੇ ਰੌਂਅ 'ਚ ਸਨ। ਇਨ੍ਹਾਂ ਦੇ ਵਿਆਹੁਤਾ ਜੀਵਨ 'ਚ ਆਉਣ ਕਾਰਨ ਘਰ ਦੇ ਖਰਚੇ ਚੁੱਕਣੇ ਔਖੇ ਹੋਇ ਪਏ ਹਨ। ਇੱਕ ਰੈਗੂਲਰ ਸਕੂਲ ਅਧਿਆਪਕ ਵੀ ਇਨ੍ਹਾਂ (ਨਾਂ ਦੇ ਪ੍ਰਫੈਸਰਾਂ) ਤੋਂ ਦੁੱਗਣੀਆਂ ਤੋਂ ਵੱਧ ਤਨਖਾਹਾਂ ਲੈਂਦੇ ਹਨ।ਏਨੀ ਮਹਿੰਗਾਈ ਦੇ ਦੌਰ 'ਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ / ਪ੍ਰੋਫੈਸਰ ਇੱਕ ਪੱਕੇ ਚਪੜਾਸੀ / ਸੇਵਾਦਾਰ ਦੀ ਤਨਖਾਹ ਤੋਂ ਵੀ ਘੱਟ ਤਨਖਾਹ ਲੈਂਦੇ ਹਨ।ਪਰ ਰੈਗੂਲਰ ਪ੍ਰਫੈਸਰ ਇਨ੍ਹਾਂ ਬਰਾਬਰ ਸੇਵਾ ਨਿਭਾ ਰਹੇ ਐਡਹਾਕ ਪ੍ਰੋਫੈਸਰਾਂ ਦੀ ਉੱਕਾ-ਪੁੱਕਾ 21600 ਰੁ: ਤਨਖਾਹ ਤੋਂ ਸੱਤ-ਅੱਠ ਗੁਣਾਂ ਵੱਧ ਲੈ ਰਹੇ ਹਨ।ਪਰ ਇਹ ਬਹੁਤੇ ਐਡਹਾਕ ਪ੍ਰੋਫੈਸਰ ਜਿਹੜੇ ਅਸਿਸਟੈਂਟ ਪ੍ਰੋਫਸਰ / ਪ੍ਰੋਫੈਸਰ ਲਈ ਯੋਗਤਾਵਾਂ ਪੂਰੀਆਂ ਕਰਦੇ ਹਨ, ਸਾਰੀਆਂ ਡਿਊਟੀਆਂ ਰੈਗੂਲਰ ਪ੍ਰੋਫੈਸਰਾਂ ਦੇ ਬਰਾਬਰ ਦਿੰਦੇ ਹਨ ਜਿਵੇਂ ਚੋਣਾਂ,ਪ੍ਰੀਖਿਆਵਾਂ, ਪੇਪਰ ਮਾਰਕਿੰਗ, ਮਰਦਮਸੁਮਾਰੀ, ਮੁਕਾਬਲੇ ਦੀਆਂ ਪ੍ਰੀਖਿਆਵਾਂ ਆਦਿ ਦੀਆਂ ਡਿਊਟੀਆਂ।ਪਰ ਇਨ੍ਹਾਂ ਲਈ 'ਬਰਾਬਰ ਕੰਮ, ਬਰਾਬਰ ਤਨਖਾਹ' ਦੀ ਗੱਲ ਨਹੀਂ ਕੀਤੀ ਗਈ ਜੋ ਕਿ ਹਰਿਆਣਾ ਨੇ ਕਰ ਦਿਖਾਈ ਹੈ। ਪਰ ਇਨ੍ਹਾਂ ਨੂੰ ਤਾਂ ਤਨਖਾਹ ਵੀ ਸਮੇਂ ਸਿਰ ਨਹੀਂ ਮਿਲਦੀ , ਕਈ ਵਾਰੀ ਕਈ ਕਈ ਮਹੀਨੇ ਵੀ ਲੰਘ ਜਾਂਦੇ ਹਨ। ਏਨੇ ਸਮੇਂ ਤੋਂ ਮੱਕੜੀ ਜਾਲ੍ਹ 'ਚ ਉਲਝੇ ਇਨ੍ਹਾਂ 'ਚੋਂ ਬਹੁਤਿਆਂ ਦੇ ਵਿਆਹੁਤਾ ਜੀਵਨ 'ਚ ਆਉਣ ਕਾਰਨ ਘਰ ਦੇ ਖਰਚੇ ਚੁੱਕਣੇ ਔਖੇ ਹੋਏ ਪਏ ਹਨ। ਅੱਜ ਦੇ ਸਮੇਂ ਬੱਚੇ ਪੜ੍ਹਾਉਣੇ ਵੀ ਸੌਖਾ ਕੰਮ ਨਹੀਂ, ਹਜ਼ਾਰਾਂ 'ਚ ਸਕੂਲਾਂ ਦੀਆਂ ਫੀਸਾਂ ਦੇਣੀਆਂ ਪੈਂਦੀਆਂ ਹਨ। ਨਿਗੂਣੀ ਤਨਖਾਹਾਂ ਵਾਲੇ ਇਨ੍ਹਾਂ ਪ੍ਰੋਫੈਸਰਾਂ ਦੇ ਬੈਚਾਂ 'ਚੋਂ ਕਈ ਇਸ ਤਰ੍ਹਾਂ ਹੀ ਖਾਲੀ ਹੱਥ ਸੇਵਾ ਮੁਕਤ ਹੋ ਚੁੱਕੇ ਹਨ ਤੇ ਕਈ ਹੋਣ ਜਾ ਰਹੇ ਹਨ। ਇਨ੍ਹਾਂ ਦੇ ਪੱਲ੍ਹੇ ਸਰਕਾਰ ਕਿਸੇ ਤਰ੍ਹਾਂ ਦੀ ਜਮ੍ਹਾਂ ਰਾਸ਼ੀ ਆਦਿ ਕੁਝ ਨਹੀਂ ਪਾ ਰਹੀ ਜੋ ਕਿ ਸਰਕਾਰ ਲਈ ਬਹੁਤ ਹੀ ਸ਼ਰਮ ਵਾਲੀ ਗੱਲ ਹੈ।



ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸਰਕਾਰੀ ਨੌਕਰੀਆਂ ਲਈ ਹਰ ਮਹਿਕਮੇ ਵਿੱਚ ਦਰਵਾਜੇ ਤਕਰੀਬਨ ਬੰਦ ਹੁੰਦੇ ਦਿੱਸ ਰਹੇ ਹਨ। ਸਿੱਖਿਆ ਮਹਿਕਮੇ ਦੀ ਗੱਲ ਕਰੀਏ ਜੋ ਦੇਸ਼ ਦੇ ਨਾਗਰਿਕਾਂ ਨੂੰ ਗਿਆਨ ਦੇ ਨਾਲ ਨਾਲ ਉੱਚ ਸਿੱਖਿਆ ਦੇ ਕੇ ਦੁਨੀਆ ਵਿੱਚ ਦੇਸ਼ ਦਾ ਨਾਂ ਚਮਕਾਉਣ ਲਈ ਰੋਲ ਅਦਾ ਕਰਦਾ ਹੈ। ਪੰਜਾਬ ਅੰਦਰ ਉੱਚ ਵਿਦਿਆ ਦੇ ਰਹੇ ਸਰਕਾਰੀ ਕਾਲਜਾਂ ਅੰਦਰ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਕਾਲਜ ਅਧਿਆਪਕਾਂ ਦੀ ਰੈਗੂਲਰ ਭਰਤੀ ਹੀ ਨਹੀਂ ਕੀਤੀ। ਇਹ ਪਿਛਲੇ ਵੀਹ ਸਾਲਾਂ 'ਚ ਰਾਜ ਕਰਨ ਵਾਲੀਆਂ ਸਰਕਾਰਾਂ ਦੇ ਆਪਣੇ ਆਪਣੇ ਸਮੇਂ ਦੌਰਾਣ ਵਿਕਾਸ ਦੇ ਸਬਜ਼ਬਾਗ ਦਿਖਾਉਣ ਵਾਲੀਆਂ ਸਰਕਾਰਾਂ ਲਈ ਸ਼ਰਮ ਵਾਲੀ ਗੱਲ ਹੈ।ਇਸੇ ਕਾਰਣ ਪੰਜਾਬ ਦਾ ਨੌਜਵਾਨ ਨਿ-ਰਾਸ਼ਾ ਦੇ ਆਲਮ ਵਿੱਚ ਉਲਝਦਾ ਨਜ਼ਰ ਆ ਰਿਹਾ ਹੈ ਅਤੇ ਬਾਹਰਲੇ ਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ। ਪਿਛਲੇ ਅਰਸੇ ਦੌਰਾਨ ਨਵੇਂ ਖੁੱਲ੍ਹੇ ਪ੍ਰਾਈਵੇਟ ਪਾਲੈਟਿਕਨਕ / ਡਿਗਰੀ ਕਾਲਜਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਾਨਤਾ ਦੇਣ ਨਾਲ ਬੇਰੁਜ਼ਗਾਰੀ ਹੋਰ ਤੇਜ਼ੀ ਨਾਲ ਵੱਧੀ ਹੈ।ਇਨ੍ਹਾਂ ਸੰਸਥਾਵਾਂ ਦੀ ਹਾਲਤ ਵੀ ਹੁਣ ਦਾਖਲੇ ਘੱਟਣ ਨਾਲ ਮਾੜੀ ਹੁੰਦੀ ਜਾ ਰਹੀ ਹੈ। ਉਚੇਰੀ ਸਿੱਖਿਆ ਦੇ ਉੱਚ ਅਧਿਕਾਰੀਆਂ / ਸਲਾਹਕਾਰਾਂ ਨੂੰ ਤਾਂ ਘੱਟੋ ਘੱਟ ਅਪਣੇ ਬਰਾਬਰ ਦੀ ਯੋਗਤਾ ਵਾਲੇ ਇਨ੍ਹਾਂ ਪ੍ਰੋਫੈਸਰਾਂ ਬਾਰੇ ਜਰੂਰ ਸੋਚਣਾ ਚਾਹੀਦਾ ਹੈ।

ਐਤਕੀਂ ਸਰਕਾਰ ਨੇ ਇਸੇ ਸ਼ੈਸ਼ਨ ਤੋਂ ਕਈ ਨਵੇਂ ਕਾਲਜ ਖੋਲ੍ਹਣ ਦਾ ਐਲਾਣ ਕੀਤਾ ਹੈ। ਇਸੇ ਸੰਦਰਭ ਵਿੱਚ ਡੀ.ਪੀ.ਆਈ. (ਕਾਲਜ) ਵਲੋਂ 5 ਮਈ 2021 ਨੂੰ ਸਰਕਾਰੀ ਕਾਲਜਾਂ ਦੇ ਪਿੰਸੀਪਲਾਂ ਨੂੰ ਨਵਾਂ ਫੁਰਮਾਨ ਜਾਰੀ ਕਰਕੇ ਨਵੇਂ ਕਾਲਜ ਇਸੇ ਸਾਲ 2021-22 ਤੋਂ ਸ਼ੁਰੂ ਕਰਨ ਲਈ ਉਨ੍ਹਾਂ ਦੇ ਕਾਲਜਾਂ 'ਚ ਵਾਧੂ ਫਰਨੀਚਰ , ਕੰਪਿਊਟਰ ਅਤੇ ਹੋਰ ਸਮਾਨ ਸਪੇਅਰ ਕਰਕੇ ਦੇਣ ਬਾਰੇ ਜਾਣਕਾਰੀ ਮੰਗੀ ਹੈ।

ਇਸੇ ਤਰ੍ਹਾਂ ਹੀ ਖਾਲੀ ਪੋਸਟਾਂ, ਇੱਛਾ ਨਾਲ ਇਨ੍ਹਾਂ ਨਵੇਂ ਕਾਲਜਾਂ 'ਚ ਜਾਣ ਲਈ ਟੀਚਿੰਗ / ਨਾਨ-ਟੀਚਿੰਗ ਸਟਾਫ ਦੀ ਸੂਚਨਾ ਮੰਗੀ ਹੈ।ਇਸ ਤਰ੍ਹਾਂ ਸਰਕਾਰ ਦੇ ਇਹ ਕਾਹਲੀ ਨਾਲ ਨਵੇਂ ਕਾਲਜ ਚਲਾਉਣ ਦਾ ਫੈਸਲੇ ਦਾ ਅਸਲ ਮਕਸ਼ਦ ਆਉਣ ਵਾਲੀਆ ਚੋਣਾਂ ਹੀ ਹੋ ਸਕਦਾ ਜਦੋਂ ਕਿ ਕੋਈ ਸਰਕਾਰ ਨੇ ਪੈਸਾ ਨਹੀਂ ਖਰਚਣਾ, ਨਾ ਹੀ ਨਵਾਂ ਸਟਾਫ ਭਰਤੀ ਕਰਨਾ।ਇਨ੍ਹਾਂ ਕਾਲਜਾਂ ਦੀ ਪੜ੍ਹਾਈ ਦਾ ਮਿਆਰ ਕਿਹੋ ਜਿਹਾ ਹੋਵੇਗਾ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ। ਸਰਕਾਰ ਕਾਲਜਾਂ 'ਚ ਲੈਕਚਰਾਰਾਂ ਦੀ ਨਵੀਂ ਭਰਤੀ ਕਰਨ ਅਤੇ ਨਵੇਂ ਕਾਲਜ ਖੋਲ੍ਹਣ ਦੀ ਗੱਲ ਕਰਦੀ ਹੈ।ਇਹੋ ਜਿਹੇ ਫੈਸਲੇ ਅਕਸਰ ਚੋਣਾਂ ਦੇ ਨੇੜੇ ਹੀ ਕਿਉਂ ਹੁੰਦੇ ਹਨ।ਇੰਨ੍ਹਾਂ ਦੇ ਚੋਣ ਜਾਬਤੇ ਦੀ ਭੇਟ ਚੜ੍ਹਣ ਦੀ ਹੀ ਸੰਭਾਵਨਾ ਹੁੰਦੀ ਹੈ।

ਹੁਣੇ ਹੀ ਸਰਕਾਰ ਨੇ ਕੁਝ ਨਵੀਆਂ ਭਰਤੀਆਂ ਕਰਨ ਨੂੰ ਮੰਜ਼ੂਰੀ ਦਿੱਤੀ ਹੈ ਜਿਸ ਵਿੱਚ ਕਾਲਜ ਐਸੋਸੀਏਟ ਪ੍ਰੋਫੈਸਰ ਵੀ ਭਰਤੀ ਕਰਨੇ ਹਨ।

ਇਸ ਫੈਸਲੇ ਨੂੰ ਨਵੀਂ ਸਰਕਾਰ ਵਲੋਂ ਸਾਫ ਨੀਅਤ ਨਾਲ ਚੋਣਾਂ ਤੋਂ ਪਹਿਲਾਂ ਘੱਟੋ ਘੱਟ ਨਵੀਆਂ ਭਰਤੀਆਂ, ਐਡਹਾਕ ਕਾਲਜ ਅਧਿਆਪਕਾਂ ਨੂੰ ਰੈਗੂਲਰ ਕਰਨ ਅਤੇ ਤਨਖਾਹ ਵਧਾਉਣ ਦੇ ਫੈਸਲੇ ਪਹਿਲ ਦੇ ਆਧਾਰ ਤੇ ਕਰਨੇ ਚਾਹੀਦੇ ਹਨ।ਆਸ ਹੈ ਕਿ ਨਵੇਂ ਬਣੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਆਪਣੀ ਕਾਮਯਾਬੀ ਲਈ ਇਨ੍ਹਾਂ ਗੈਸਟ ਫੈਕਲਟੀ / ਪ੍ਰੋਫੈਸਰਾਂ ਦੀਆਂ ਵਧੀਆ ਸੇਵਾਵਾਂ ਨੂੰ ਯਾਦ ਰੱਖਦਿਆਂ ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਰੂਰ ਹੱਲ ਕਰਕੇ ਨਾਮਣਾ ਖੱਟਣਗੇ।

# ਚੰਨੀ ਬਾਈ ਤੋਂ ਚੰਨੀ ਸਾਹਿਬ ਤੱਕ!

1937 ਵਿੱਚ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੰਗੂਵਾਲਿਆ ਨੇ ਲਾਹੌਰ ਵਿਧਾਨ ਸਭਾ ਸੀਟ ਜਿੱਤ ਕੇ ਆਪਣੀ ਹਾਜ਼ਰੀ ਲਗਵਾਈ ਸੀ ਤੇ ਅੱਜ 2021 ਵਿੱਚ ਆਦਿਧਰਮੀ ਸਮਾਜ ਦੇ ਇਸ ਨੌਜਵਾਨ ਨੇ ਪੰਜਾਬ ਦੀ ਮੁੱਖ ਕੁਰਸੀ ਉੱਪਰ ਬੈਠ ਕੇ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਬੂਰ ਪੈਣ ਦੀ ਸ਼ੁਰੂਆਤ ਕੀਤੀ ਹੈ।

ਬੇਸ਼ੱਕ ਚੰਨੀ ਬਾਈ ਕਿਹਨਾਂ ਹਾਲਾਤਾਂ ਵਿੱਚ ਇਸ ਕੁਰਸੀ ਤੇ ਵਿਰਾਜਮਾਨ ਹੋਏ ਸੱਭ ਨੂੰ ਪਤਾ ਪਰ ਆਉਣ ਵਾਲਾ ਸਮਾਂ ਦੱਸੇਗਾ ਕੇ ਕੀ ਚੰਨੀ ਬਾਈ ਆਪਣੇ ਰੁਤਬੇ ਨੂੰ ਬਰਕਰਾਰ ਰੱਖ ਪਾਉਂਦਾ ਜਾਂ ਹਾਈ ਕਮਾਂਡ ਅਤੇ ਠੋਕੋ ਤਾਲੀ ਦੀ ਕੱਠਪੁਤਲੀ ਬਣ ਕੇ ਸਮਾਂ ਲੰਘਾਉਂਦਾ।ਅੱਜ ਦੀ ਤਾਰੀਖ ਤੱਕ ਚੰਨੀ ਬਾਈ ਨੇ ਜੋ ਵੀ ਫੈਸਲੇ ਲਏ ਹਨ ਉਹ ਬਹੁਤ ਚੰਗੇ ਹਨ ਜਿਹਨਾਂ ਵਿੱਚ ਗਰੀਬ ਪਰਿਵਾਰਾਂ ਦੇ ਪਾਣੀ ਦੀਆਂ ਟੂੱਟੀਆਂ ਦੇ ਬਿੱਲ ਮੁਆਫ ਕਰਨੇ,ਡਾ ਭੀਮ ਰਾਓ ਅੰਬੇਡਕਰ ਜੀ ਦੇ ਨਾਮ ਉੱਪਰ ਮਿਊਜ਼ੀਅਮ ਖੋਲਣਾ, ਗਰੀਬ ਪਰਿਵਾਰਾਂ ਨੂੰ ਆਟਾ ਦਾਲ ਸਕੀਮਾਂ ਤੋਂ ਪਰੇ ਉਹਨਾਂ ਨੂੰ ਪੜਾਈ ਅਤੇ ਰੋਜਗਾਰ ਦੇ ਕੇ ਆਪਣੇ ਪੈਰੀਂ ਕਰਨਾ ਬਹੁਤ ਹੀ ਚੰਗੇ ਫੈਸਲੇ ਹਨ।ਪਰ ਪਤਾ ਉਦੋਂ ਲੱਗਣਾ ਜਦੋ ਇਹੁਨਾਂ ਨੂੰ ਲਾਗੂ ਕੀਤਾ ਜਾਊ।ਚੰਨੀ ਬਾਈ ਅਤਿ ਦਰਜੇ ਦੇ ਗਰੀਬ ਸਮਾਜ ਵਿਚੋਂ ਉੱਠਿਆ ਉਹ ਨੌਜਵਾਨ ਹੈ ਜਿਸ ਨੂੰ ਗਰੀਬੀ ਅਤੇ ਗਰੀਬ ਦੇ ਹਾਲਾਤਾਂ ਬਾਰੇ ਕੁੱਝ ਦੱਸਣ ਦੀ ਜਿਆਦਾ ਲੋੜ ਨਹੀਂ।ਸੋ ਚੰਨੀ ਬਾਈ ਅੱਜ ਤੇਰੇ ਸਮਾਜ ਦਾ 72 ਪਰਸੈਂਟ ਹਿੱਸਾ ਕਿਸੇ ਨਾ ਕਿਸੇ ਰੂਪ ਵਿੱਚ ਦਿਹਾੜੀ ਜਾਂ ਕੋਈ ਛੋਟਾ ਮੋਟਾ ਕੰਮ ਕਾਰ ਕਰ ਕੇ ਆਪਣੇ ਪਰਿਵਾਰ ਪਾਲਦਾ ਹੈ ਜਿਹਨਾਂ ਦੀ ਔਸਤਨ ਮਹੀਨਾ ਸੱਤ ਅੱਠ ਹਜਾਰ ਹੀ ਬਣਦਾ ਹੈ।ਹੁਣ ਸੱਤ ਅੱਠ ਹਜਾਰ ਵਿੱਚ ਤਿੰਨ ਚਾਰ ਜੀਆਂ ਨੂੰ ਪਾਲਣਾ ਜਾਂ ਇਕ ਦੋ ਬੱਚੇ ਪੜਾਉਣੇ ਤੁਸੀਂ ਆਪ ਹੀ ਹਿਸਾਬ ਲਗਾ ਲਓ ਕੇ ਪ੍ਰਾਈਵੇਟ ਸਕੂਲਾਂ ਦੀ ਨਾਰਮਲ ਫੀਸ ਤਿੰਨ ਹਜ਼ਾਰ ਤੋਂ ਸ਼ੁਰੂ ਹੀ ਹੁੰਦੀ ਹੈ।ਸੋ ਪੂਰੇ ਪੰਜਾਬ ਦੀ ਨੁਹਾਰ ਬਦਲਣ ਲਈ ਤੁਹਾਡੇ ਕੋਲ ਸਮਾਂ ਤਾਂ ਜਰੂਰ ਘੱਟ ਹੈ ਪਰ ਮੌਕਾ ਤੁਹਾਡੇ ਕੋਲ ਪੂਰਾ ਹੈ ਸੋ ਤੁਸੀਂ ਸਰਕਾਰੀ ਸਕੂਲਾਂ ਵਿੱਚ ਪੂਰਾ ਸਟਾਫ ਦਿਓ ਜਿਸ ਨਾਲ ਤੁਸੀਂ ਉਹਨਾਂ ਬੇਰੁਜਗਾਰਾਂ ਨੂੰ ਰੋਜਗਾਰ ਵੀ ਦੇ ਸਕੋਗੇ ਤੇ ਨਾਲ ਗਰੀਬ ਦੇ ਬੱਚੇ ਦਾ ਭਵਿੱਖ ਵੀ ਸੁਨਹਿਰਾ ਹੋਣ ਦੀ ਨੀਂਹ ਵੀ ਰੱਖੋਗੇ।



ਪਵਨ ਪਰਵਾਸੀ ਜਰਮਨੀ
004915221870730

ਇਸਤੋਂ ਇਲਾਵਾ ਅੱਜ ਕਿਸੇ ਗਰੀਬ ਦਾ ਕੋਈ ਜੀਅ ਬਿਮਾਰ ਹੋ ਜਾਂਦਾ ਤਾਂ ਉਸਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ ਕੇ ਇਸਦਾ ਇਲਾਜ ਕਿਵੇ ਕਰਾਉਣਾ,ਕਿਉਂਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਡਾਕਟਰ ਨਹੀਂ ਜਮਦੂਤ ਕੈਂਚੀਆਂ ਤਿੱਖੀਆਂ ਕਰ ਕੇ ਬੈਠੇ ਹਨ।ਸੋ ਆਪਣੇ ਪੰਜਾਬ ਨੂੰ ਇਹੁਨਾਂ ਕਸਾਈਆਂ ਜਮਦੂਤਾਂ ਤੋਂ ਤੁਸੀਂ ਬਚਾ ਸਕਦੇ ਹੋ ਸਰਕਾਰੀ ਹਸਪਤਾਲਾਂ ਦੀ ਤਰਸਜੋਗ ਹਾਲਤ ਨੂੰ ਠੀਕ ਕਰ ਕੇ।

ਅੱਜ ਤੱਕ ਤੁਸੀਂ ਹੀ ਇੱਕ ਪਹਿਲੇ ਮੁੱਖ ਮੰਤਰੀ ਹੋ ਜੋ ਹੁਣ ਤੱਕ ਦੇ ਸੱਭ ਤੋਂ ਵੱਧ ਪੜੇ ਲਿਖੇ ਤੇ ਸੱਭ ਤੋਂ ਹੇਠਲੇ ਦਰਜੇ ਦੇ ਗਰੀਬ ਅਤੇ ਅਪਮਾਨਿਤ ਸਮਾਜ ਵਿਚੋਂ ਹੋ।ਤੁਹਾਡੇ ਤੋਂ ਪਹਿਲਾਂ ਹਮੇਸ਼ਾਂ ਰਾਜਿਆਂ ਜਾਂ ਸ਼ਾਹੂਕਾਰਾਂ ਦੇ ਬੱਚੇ ਹੀ ਇਸ ਕੁਰਸੀ ਤੇ ਬੈਠੇ ਹਨ। ਸੋ ਇਸ ਪੜਾਈ ਨੂੰ ਜੋ ਤੁਸੀਂ ਉਸ ਮਹਾਨ ਰਹਿਬਰ ਡਾ ਭੀਮ ਰਾਓ ਅੰਬੇਡਕਰ ਜੀ ਦੀ ਬਦੌਲਤ ਕੀਤੀ, ਉਸਦਾ ਕਰਜ ਉਤਾਰਨ ਲਈ ਪੰਜਾਬ ਅਤੇ ਆਪਣੇ ਸਮਾਜ ਨੂੰ ਉਸਦਾ ਬਣਦਾ ਸਤਿਕਾਰ ਦਿਵਾਉਣ ਲਈ ਉਹ ਫੈਸਲੇ ਲਓ ਜਿਸ ਉੱਪਰ ਪੂਰਾ ਪੰਜਾਬ ਮਾਣ ਕਰ ਸਕੇ,ਕਿਉਂਕਿ ਆਜ਼ਾਦੀ ਤੋਂ ਬਾਅਦ ਅੱਜ ਤੱਕ ਬਹੁਤ ਮੰਤਰੀ ਤੇ ਸੰਤਰੀ ਆਏ ਉਹਨਾਂ ਨੇ ਤੁਹਾਡੇ ਸਮਾਜ ਨੂੰ ਸਿਰਫ ਤੇ ਸਿਰਫ ਵੋਟਾਂ ਲੈਣ ਤੱਕ ਹੀ ਸੀਮਤ ਰੱਖਿਆ।

ਅੱਜ ਹਰ ਵਿਅਕਤੀ ਤੁਹਾਨੂੰ ਇੱਕ ਜਾਤ ਦਾ ਲੈਵਲ ਲਗਾ ਕੇ ਗੱਲ ਕਰ ਰਿਹਾ ਹੈ,ਪੰਜਾਬ ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਹੈ ਪਰ ਅਫਸੋਸ ਅੱਜ ਪੰਜਾਬ ਵਿੱਚ ਸੱਭ ਤੋਂ ਵੱਧ ਤੁਹਾਡੇ ਮੁੱਖ ਮੰਤਰੀ ਬਣਨ ਨਾਲ ਜਾਤ ਨੂੰ ਉਭਾਹਰਿਆ ਜਾ ਰਿਹਾ ਹੈ।ਸੋ ਚੰਨੀ ਬਾਈ ਅੱਜ ਸਮੇਂ ਦੀ ਮੰਗ ਹੈ ਕੇ ਜੋ ਲੋਕ ਹਮੇਸ਼ਾਂ ਹੀ ਰਿਜ਼ਰਵੇਸ਼ਨ ਦਾ ਰੌਲ਼ਾ ਪਾਉਂਦੇ ਹਨ ਕੇ ਆਦਿਧਰਮੀ ਸਮਾਜ ਆਪਣੇ ਕੋਟੇ ਵਿਚੋਂ ਨੌਕਰੀ ਲੈ ਜਾਂਦਾ। ਉਹਨਾਂ ਨੂੰ ਅਤੇ ਪੰਜਾਬ ਨੂੰ ਉਸ ਕੋਟੇ ਜਾਂ ਰਿਜ਼ਰਵੇਸ਼ਨ ਦੀ ਲੋੜ ਹੀ ਨਾਂ ਪਵੇ ।ਸੋ ਹਰ ਇਕ ਨੂੰ ਰੋਜਗਾਰ ਉਸਦੀ ਕਾਬਲੀਅਤ ਅਨੁਸਾਰ ਪੈਦਾ ਕਰ ਦਿਓ।ਤਾਂ ਜੋ ਉਹਨਾਂ ਨੂੰ ਲਾਲਚੀ ਲੀਡਰਾਂ ਦੀਆਂ ਆਟਾ ਦਾਲਾਂ ਬਿਜਲੀ ਦੀਆਂ ਸਕੀਮਾਂ ਦੀ ਲੋੜ ਹੀ ਨਾਂ ਪਵੇ।ਉਹਨਾਂ ਨੂੰ ਬਣਦਾ ਰੁਜ਼ਗਾਰ ਦਿਓ ਉਹ ਆਪੇ ਬਿੱਲ ਦੇਣਗੇ ਤੇ ਖਾਣ ਲਈ ਸਮਾਨ ਵੀ ਖਰੀਦ ਲੈਣਗੇ।ਸੋ ਅਖੀਰ ਵਿੱਚ ਇਹ ਹੀ ਕਹਾਂਗਾ ਕੇ ਪੰਜਾਬ ਲਈ ਜੋ ਚੰਨੀ ਬਾਈ ਚੰਨੀ ਬਾਈ ਬਣ ਕੇ ਆਇਆ,ਇਹੀ ਲੋਕ ਆਪ ਮੁਹਾਰੇ ਕਹਿਣ ਚੰਨੀ ਸਾਹਿਬ, ਚੰਨੀ ਸਾਹਿਬ, ਚੰਨੀ ਸਾਹਿਬ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691


Dharminder Singh

Email: myfuturetruck@gmail.com

# ਪੰਜਾਬ ਵਿਚ ਰਾਜਨੀਤਕ ਹਿਲਜੁਲ ਬਦਲ ਰਹੇ ਸਮਾਜਿਕ ਸਮੀਕਰਨਾਂ ਦਾ ਪ੍ਰਗਟਾਵਾ



ਡਾ. ਸਵਰਾਜ ਸਿੰਘ

ਹੁਣੇ ਹੁਣੇ ਪੰਜਾਬ ਵਿਚ ਵੱਡੀ ਰਾਜਨੀਤਕ ਹਿਲਜੁਲ ਦੇ ਦੌਰ ਵਿਚੋਂ ਲੰਘ ਰਿਹਾ ਹੈ। ਜੋ ਸਤਹੀ ਤੌਰ ਉਤੇ ਦੇਖੀਏ ਤਾਂ ਇਸਦਾ ਕਾਰਨ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਕਾਰ ਆਪਸੀ ਖਿਚੋਤਾਣ ਨਾਲ ਲਗਦੀ ਹੈ। ਪ੍ਰੰਤੂ ਜੇ ਹੋਰ ਡੂੰਘਾਈ ਨਾਲ ਦੇਖੀਏ ਤਾਂ ਇਸਦੇ ਕਾਰਨ ਸਾਨੂੰ ਪੰਜਾਬ ਦੇ ਬਦਲ ਰਹੇ ਸਮਾਜਿਕ ਸਮੀਕਰਨਾਂ ਵਿਚ ਨਜ਼ਰ ਆਉਂਦੇ ਹਨ। ਜਦੋਂ ਤੋਂ ਪੰਜਾਬੀ ਸੂਬਾ (ਮੌਜੂਦਾ ਪੰਜਾਬ) ਹੋਂਦ ਵਿਚ ਆਇਆ ਹੈ, ਤਦੋਂ ਤੋਂ ਹੀ ਪੰਜਾਬ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਨੇ ਇਕ ਅਨ-ਐਲਾਨੀ ਨੀਤੀ ਅਪਣਾਈ ਹੋਈ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਜੱਟ ਸਿੱਖ ਭਾਈਚਾਰੇ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ। ਪ੍ਰੰਤੂ ਹੁਣ ਇਹ ਨੀਤੀ ਬਦਲਦੀ ਨਜ਼ਰ ਆ ਰਹੀ ਹੈ।

ਪਹਿਲਾਂ ਅਕਾਲੀ ਦਲ ਨੇ ਇਹ ਐਲਾਨ ਕੀਤਾ ਕਿ ਉਹ ਇਕ ਦਲਿਤ ਨੂੰ ਉਪ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਹਨ। ਫਿਰ ਭਾਜਪਾ ਨੇ ਕਿਹਾ ਕਿ ਉਪ ਮੁੱਖ ਮੰਤਰੀ ਕਿਉਂ ਦਲਿਤ ਤਾਂ ਮੁੱਖ ਮੰਤਰੀ ਹੋਣਾ ਚਾਹੀਦਾ ਹੈ। ਹੁਣ ਕਾਂਗਰਸ ਪਾਰਟੀ ਨੇ ਇਕ ਦਲਿਤ ਨੂੰ ਮੁੱਖ ਮੰਤਰੀ ਬਣਾ ਦਿੱਤਾ ਹੈ। ਭਾਵੇਂ ਕਿ ਕੁਝ ਲੋਕ ਇਹ ਕਹਿ ਰਹੇ ਹਨ ਕਿ ਅਜਿਹਾ ਇਸ ਲਈ ਹੋਇਆ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਇਕ ਦਲਿਤ ਦੇ ਮੋਢੇ ਉਤੇ ਰੱਖ ਕੇ ਬੰਦੂਕ ਚਲਾਈ ਹੈ। ਅਰਥਾਤ ਚੰਨੀ ਨੂੰ ਆਰਜ਼ੀ ਮੁੱਖ ਮੰਤਰੀ ਬਣਾ ਕੇ ਕੈਪਟਨ ਅਮਰਿੰਦਰ ਸਿੰਘ ਦੀ ਛੁੱਟੀ ਕਰ ਦਿੱਤੀ ਤੇ ਫਿਰ ਚੰਨੀ ਨੂੰ ਪਰੇ ਕਰਕੇ ਆਪ ਮੁੱਖ ਮੰਤਰੀ ਬਣਨ ਲਈ ਰਾਹ ਪੱਧਰਾ ਕਰ ਲਿਆ।

ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਕਾਂਗਰਸ ਪਾਰਟੀ ਜ਼ੋਰਾਂ ਸ਼ੋਰਾਂ ਨਾਲ ਇਹ ਪ੍ਰਚਾਰ ਕਰ ਰਹੀ ਹੈ ਕਿ ਉਸਨੇ ਪਹਿਲੀ ਵਾਰ ਇਕ ਦਲਿਤ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਹੈ। ਜ਼ਾਹਿਰ ਹੈ ਕਿ ਕਾਂਗਰਸ ਅਜਿਹਾ ਪ੍ਰਚਾਰ ਕਰਕੇ ਦਲਿਤ ਭਾਈਚਾਰੇ ਵਿਚ ਆਪਣਾ ਆਧਾਰ ਹੋਰ ਮਜ਼ਬੂਤ ਕਰਨਾ ਚਾਹੁੰਦੀ ਹੈ। ਜੇ ਤਿੰਨ ਮਹੀਨੇ ਬਾਅਦ ਕਾਂਗਰਸ ਇਹ ਐਲਾਨ ਕਰਦੀ ਹੈ ਕਿ ਹੁਣ ਚੰਨੀ ਨੂੰ ਹਟਾ ਕੇ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਚੋਣ ਮੈਦਾਨ ਵਿੱਚ ਉਤਾਰਿਆ ਜਾਏਗਾ ਤਾਂ ਦਲਿਤ ਭਾਈਚਾਰੇ ਵਿਚ ਇਹ ਪ੍ਰਭਾਵ ਪੈ ਸਕਦਾ ਹੈ ਕਿ ਕਾਂਗਰਸ ਪਾਰਟੀ ਇਕ ਦਲਿਤ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਲਈ ਸੁਹਿਰਦ ਨਹੀਂ ਸੀ ਅਤੇ ਇਹ ਇਕ ਸਿਆਸੀ ਚਾਲ ਹੀ ਸੀ। ਅਜਿਹਾ ਪ੍ਰਭਾਵ ਚੋਣਾਂ ਵਿਚ ਕਾਂਗਰਸ ਲਈ ਨੁਕਸਾਨਦਾਇਕ ਹੋ ਸਕਦਾ ਹੈ। ਇਸ ਲਈ ਚੰਨੀ ਨੂੰ ਹੀ ਮੁੱਖ ਮੰਤਰੀ ਬਣਾਏ ਰੱਖਣਾ ਕਾਂਗਰਸ ਦੀ ਮਜ਼ਬੂਰੀ ਵੀ ਬਣ ਸਕਦੀ ਹੈ। ਇਹ ਵੀ ਹੋ ਸਕਦਾ ਹੈ ਕਿ ਜਿਵੇਂ ਪਹਿਲਾਂ ਇਕ ਜੱਟ ਸਿੱਖ ਨੂੰ ਮੁੱਖ ਮੰਤਰੀ ਬਣਾਉਣਾ ਰਾਜਨੀਤਕ ਪਾਰਟੀਆਂ ਦੀ ਨੀਤੀ ਸੀ, ਹੁਣ ਇਕ ਦਲਿਤ ਨੂੰ ਹੀ ਪੰਜਾਬ ਦਾ ਮੁੱਖ ਮੰਤਰੀ ਬਣਾਉਣਾ ਰਾਜਨੀਤਕ ਪਾਰਟੀਆਂ ਦੀ ਨੀਤੀ ਬਣ ਜਾਏ।

ਇਸ ਬਦਲ ਦਾ ਮੁੱਖ ਕਾਰਨ ਪੰਜਾਬੀ ਸਮਾਜ ਦੇ ਬਦਲ ਰਹੇ ਸਮੀਕਰਨ ਹੋ ਸਕਦੇ ਸਨ। ਪਹਿਲਾ ਕਿ ਜੱਟ ਭਾਈਚਾਰਾ ਪੰਜਾਬ ਦਾ ਗਿਣਤੀ ਪੱਖੋਂ ਸਭ ਤੋਂ ਵੱਡਾ ਭਾਈਚਾਰਾ ਹੁੰਦਾ ਸੀ। ਭਾਵੇਂ ਕਿ ਪਹਿਲਾਂ ਪੰਜਾਬ ਦੇ ਤਿੰਨ ਵੱਡੇ ਭਾਈਚਾਰਿਆਂ ਜੱਟ, ਦਲਿਤ ਅਤੇ ਹਿੰਦੂਆਂ ਦੀ ਵਸੋਂ ਲੱਗਪੱਗ ਬਰਾਬਰ ਸੀ, ਪ੍ਰੰਤੂ ਦਲਿਤ ਅਤੇ ਹਿੰਦੂ ਭਾਈਚਾਰਿਆਂ ਵਿਚ ਅੱਗੇ ਹੋਰ ਵੰਡੀਆਂ ਸਨ, ਜਿਵੇਂ ਕਿ ਦਲਿਤਾਂ ਵਿਚ ਬਾਲਮੀਕੀ, ਰਵਿਦਾਸੀਆਂ ਅਤੇ ਮਜ਼ਹਬੀ ਆਦਿ ਅਤੇ ਹਿੰਦੂਆਂ ਵਿਚ ਬ੍ਰਾਹਮਣ, ਖੱਤਰੀ ਤੇ ਬਾਣੀਆਂ ਆਦਿ। ਜਦੋਂ ਕਿ ਜੱਟ ਭਾਈਚਾਰੇ ਵਿਚ ਅਜਿਹੀਆਂ ਵੰਡੀਆਂ ਨਹੀਂ ਸਨ। ਇਸ ਨਾਲ ਵਸੋਂ ਭਾਵੇਂ ਬਰਾਬਰ ਸੀ, ਪ੍ਰੰਤੂ ਜੱਟ ਇਕੋ ਭਾਈਚਾਰਾ ਹੋਣ ਕਰਕੇ ਜ਼ਿਆਦਾ ਅਸਰਦਾਰ ਬਣ ਜਾਂਦੇ ਸਨ। ਜੱਟਾਂ ਦਾ ਸਿਰਕੱਢ ਭਾਈਚਾਰਾ ਹੋਣ ਦਾ ਇਕ ਹੋਰ ਕਾਰਨ ਵੀ ਸੀ ਕਿ ਹਰੇ ਇਨਕਲਾਬ ਤੋਂ ਬਾਅਦ ਵਕਤੀ ਤੌਰ ਉਤੇ ਜੱਟਾਂ ਦੀ ਆਰਥਿਕ ਸਥਿਤੀ ਹੋਰ ਮਜ਼ਬੂਤ ਹੋ ਗਈ। ਵਸੋਂ ਅਤੇ ਆਰਥਿਕ ਸ਼ਕਤੀ ਵਿਚ ਅੱਗੇ ਹੋਣ ਕਾਰਨ ਜੱਟ ਪੰਜਾਬ ਦਾ ਸਿਰਕੱਢ ਭਾਈਚਾਰਾ ਬਣ ਗਏ।

ਪ੍ਰੰਤੂ ਹੁਣ ਇਹ ਦੋਨੋਂ ਤੱਥ ਬਦਲ ਰਹੇ ਹਨ। ਇਹ ਗੱਲ ਹੁਣ ਕਿਸੇ ਤੋਂ ਛੁਪੀ ਨਹੀਂ ਹੈ ਕਿ ਜੱਟਾਂ ਦਾ ਪੰਜਾਬ ਵਿਚੋਂ ਵੱਡੇ ਪੱਧਰ ਉਤੇ ਪ੍ਰਵਾਸ ਹੋ ਰਿਹਾ ਹੈ, ਜਿਸਨੇ ਹੁਣ ਉਜਾੜੇ ਦਾ ਰੂਪ ਧਾਰਨ ਕਰ ਲਿਆ ਹੈ। ਇਸ ਪ੍ਰਵਾਸ ਰੂਪੀ ਉਜਾੜੇ ਤੋਂ ਪਹਿਲਾਂ ਜੱਟਾਂ ਦੀ ਵਸੋਂ ਲੱਗਪੱਗ 30-32ਗ਼ ਸੀ, ਜੋ ਹੁਣ ਘੱਟ ਕੇ 17-18ਗ਼ ਰਹਿ ਗਈ ਹੈ। ਪੰਜਾਬ ਦੇ ਲੱਗਪੱਗ ਕਿਸੇ ਵੀ ਪਿੰਡ ਵਿਚ ਜਾ ਕੇ ਜੱਟਾਂ ਦੇ ਉਜਾੜੇ ਦੀ ਸੱਚਾਈ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ। ਇਥੇ ਮੈਂ ਦੋ ਉਦਾਹਰਣਾਂ ਦੇਣੀਆਂ ਚਾਹਾਂਗਾ। ਕੁਝ ਸਮਾਂ ਪਹਿਲਾਂ ਦੁਆਬੇ ਦੇ ਇਕ ਜਾਣੇ ਪਹਿਚਾਣੇ ਪੱਤਰਕਾਰ ਜੋ ਕਿ ਜੱਟ ਸਿੱਖ ਭਾਈਚਾਰੇ ਨਾਲ ਸੰਬੰਧਿਤ ਹਨ, ਨਾਲ ਇਸ ਵਿਸ਼ੇ ਉਤੇ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿਚ 400 ਜੱਟਾਂ ਦੀ ਵੋਟ ਹੁੰਦੀ ਸੀ, ਜੋ ਹੁਣ ਘੱਟ ਕੇ 70 ਰਹਿ ਗਈ ਹੈ। ਹੁਣੇ ਹੁਣੇ ਮਾਲਵੇ ਦੇ ਸਤਲੁਜ ਦੇ ਕੰਢੇ ਬੇਟ ਇਲਾਕੇ ਦੇ ਇਕ ਪਿੰਡ ਵਿਚ ਜਾਣ ਦਾ ਮੌਕਾ ਮਿਲਿਆ। ਇਹ ਪਿੰਡ ਜੱਟਾਂ ਨੇ ਹੀ ਵਸਾਇਆ ਸੀ। ਪ੍ਰੰਤੂ ਹੁਣ ਪਿੰਡ ਦੀਆਂ ਕੁਲ 1100 ਵੋਟਾਂ ਵਿਚੋਂ ਸਿਰਫ 100 ਵੋਟ ਜੱਟਾਂ ਦੀ ਹੈ।

ਭਾਵੇਂ ਕਿ ਪੰਜਾਬ ਵਿਚ ਜੱਟਾਂ ਦੇ ਘਟ ਰਹੇ ਰਸੂਖ ਦਾ ਮੁੱਖ ਕਾਰਨ ਉਨ੍ਹਾਂ ਦਾ ਪ੍ਰਵਾਸ ਰੂਪੀ ਉਜਾੜਾ ਹੈ, ਪ੍ਰੰਤੂ ਇਸਦੇ ਹੋਰ ਵੀ ਕਾਰਨ ਹਨ। ਹਰੇ ਇਨਕਲਾਬ ਨੇ ਜੋ ਜੱਟਾਂ ਵਿਚ ਵਕਤੀ ਖੁਸ਼ਹਾਲੀ ਲਿਆਂਦੀ ਸੀ, ਉਹ ਠੁਸ ਹੋ ਚੁੱਕੀ ਹੈ। ਇਸ ਵੇਲੇ ਜੱਟ ਕਿਸਾਨੀ ਦੀ ਵੱਡੀ ਗਿਣਤੀ ਆਰਥਿਕ ਤੌਰ ਇਤੇ ਕਮਜ਼ੋਰ ਹੋ ਚੁੱਕੀ ਹੈ ਅਤੇ ਕਰਜ਼ੇ ਵਿਚ ਡੁੱਬ ਚੁੱਕੀ ਹੈ। ਗਰੀਬ ਅਤੇ ਸਾਧਾਰਣ ਕਿਸਾਨੀ ਅਮਲੀ ਤੌਰ ਉਤੇ ਬੇਜ਼ਮੀਨੀ ਹੋਈ ਜਾ ਰਹੀ ਹੈ। ਜੱਟ ਕਿਸਾਨੀ ਦਾ ਵੱਧ ਰਿਹਾ ਆਰਥਿਕ ਸੰਕਟ ਵੀ ਉਸਦੇ ਘੱਟ ਰਹੇ ਰਸੂਖ ਲਈ ਜ਼ਿੰਮੇਵਾਰ ਹੈ। ਇਕ ਹੋਰ ਤੱਥ ਇਹ ਵੀ ਹੈ ਕਿ ਪਹਿਲੇ ਪ੍ਰਵਾਸੀ ਵਿਦੇਸ਼ਾਂ ਵਿਚੋਂ ਪੈਸਾ ਕਮਾ ਕੇ ਪੰਜਾਬ ਵਿਚ ਭੇਜ ਰਹੇ ਸੀ ਅਤੇ ਹੋਰ ਜ਼ਮੀਨ ਖਰੀਦ ਰਹੇ ਸੀ। ਪ੍ਰੰਤ ਹੁਣ ਇਹ ਸਥਿਤੀ ਉਲਟੀ ਹੋ ਗਈ ਹੈ। ਵਿਦੇਸ਼ਾਂ ਵਿਚ ਜਾਣ ਲਈ ਅਤੇ ਉਥੇ ਪੱਕੇ ਤੌਰ 'ਤੇ ਸੈਟਲ ਹੋਣ ਲਈ ਪ੍ਰਵਾਸੀ ਆਪਣੀ ਜ਼ਮੀਨ ਵੇਚ ਰਹੇ ਹਨ। ਅਜਿਹਾ ਹੋਣ ਨਾਲ ਜਿੱਥੇ ਜ਼ਮੀਨਾਂ ਦੀ ਕੀਮਤ ਲਗਾਤਾਰ ਡਿਗਣੀ ਸ਼ੁਰੂ ਹੋ ਗਈ ਹੈ, ਉਥੇ ਇਸ ਨਾਲ ਸਮਾਜਿਕ ਅਸਥਿਰਤਾ ਵੀ ਪੈਦਾ ਹੁੰਦੀ ਹੈ। ਜਦੋਂ ਕੋਈ ਭਾਈਚਾਰਾ ਅਸਥਿਰ ਹੋ ਜਾਂਦਾ ਹੈ ਤਾਂ ਉਸਦਾ ਰਸੂਖ ਘੱਟਣਾ ਲਾਜ਼ਮੀ ਹੈ।

ਇਹ ਪ੍ਰਭਾਵ ਵੀ ਪੈਂਦਾ ਹੈ ਕਿ ਤੁਲਨਾਤਮਿਕ ਤੌਰ ਉਤੇ ਜੱਟ ਭਾਈਚਾਰਾ ਪੱਛਮੀ ਖੱਪਤਕਾਰੀ ਸਭਿਆਚਾਰ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਹੈ। ਜਿਸਦੇ ਨਤੀਜੇ ਵਜੋਂ ਤੁਲਨਾਤਮਿਕ ਤੌਰ ਉਤੇ ਇਸ ਭਾਈਚਾਰੇ ਵਿਚ ਸਭਿਆਚਾਰਕ ਅਤੇ ਕਦਰਾਂ ਕੀਮਤਾਂ ਦਾ ਖੋਰਾ ਵੀ ਤੁਲਨਾਤਮਿਕ ਤੌਰ ਉਤੇ ਜ਼ਿਆਦਾ ਹੋਇਆ ਲਗਦਾ ਹੈ। ਅਜਿਹੇ ਭਾਈਚਾਰੇ ਦੀ ਪਹਿਲੀ ਖਿਚ ਨਿੱਜ ਉਤੇ ਕੇਂਦਰਿਤ ਹੁੰਦੀ ਹੈ। ਉਹ ਇਸਦੇ ਸਮੂਹਿਕ ਤੌਰ ਉਤੇ ਭਾਈਚਾਰੇ ਦੇ ਭਵਿੱਖ ਉਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਜ਼ਿਆਦਾ ਚਿੰਤਤ ਨਹੀਂ ਲਗਦਾ। ਇਸਦੀ ਤੁਲਨਾ ਵਿਚ ਦੂਜੇ ਭਾਈਚਾਰਿਆਂ ਦੇ ਲੋਕ ਅਕਸਰ ਆਪਣੇ ਭਾਈਚਾਰੇ ਦੇ ਭਵਿੱਖ ਬਾਰੇ ਸੋਚਦੇ ਨਜ਼ਰ ਆਉਂਦੇ ਹਨ।

ਉਦਾਹਰਣ ਵਜੋਂ ਓਬੀਸੀ ਜਿਸ ਵਿਚ ਕੰਬੋਜ਼, ਸੈਣੀ ਅਤੇ ਰਾਮਗੜ੍ਹੀਏ ਆਦਿ ਸ਼ਾਮਲ ਹਨ, ਇਹ ਮਹਿਸੂਸ ਕਰਦੇ ਨਜ਼ਰ ਆ ਰਹੇ ਹਨ ਕਿ ਉਨ੍ਹਾਂ ਦੇ ਭਾਈਚਾਰੇ ਨੂੰ ਉਨ੍ਹਾਂ ਦੀ ਵਸੋਂ ਅਨੁਸਾਰ ਸੱਤਾ ਵਿਚ ਪ੍ਰਤੀਨਿਧਤਾ ਨਹੀਂ ਮਿਲ ਰਹੀ ਅਤੇ ਸੱਤਾ ਵਿਚ ਉਨ੍ਹਾਂ ਦਾ ਹਿੱਸਾ ਵਧਣਾ ਚਾਹੀਦਾ ਹੈ। ਭਾਵੇਂ ਕਿ ਵਿਦੇਸ਼ਾਂ ਵਿਚ ਖਾਸ ਕਰ ਪੱਛਮੀ ਦੇਸਾਂ ਵੱਲ ਰੁਝਾਨ ਲਗਪਗ ਹਰ ਪੰਜਾਬੀ ਵਿਚ ਨਜ਼ਰ ਆ ਰਿਹਾ ਹੈ, ਪ੍ਰੰਤੂ ਜੱਟ ਭਾਈਚਾਰੇ ਵਿਚ ਇਹ ਰੁਝਾਨ ਸਭ ਤੋਂ ਪ੍ਰਬਲ ਨਜ਼ਰ ਆਉਂਦਾ। ਇਹ ਕਹਿਣਾ ਸ਼ਾਇਦ ਅਤਿਕਥਨੀ ਨਾ ਹੋਵੇ ਕਿ ਅੱਜ ਪੰਜਾਬ ਵਿਚ ਜੱਟ ਭਾਈਚਾਰੇ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਆਪਣੇ ਬੱਚਿਆਂ ਦਾ ਭਵਿੱਖ ਪੱਛਮ ਵਿਚ ਹੀ ਸੁਰੱਖਿਅਤ ਮਹਿਸੂਸ ਕਰਦੇ ਹਨ। ਇਹ ਰੁਝਾਨ ਅਤੇ ਵੱਡੇ ਪੱਧਰ ਦੇ ਉਤੇ ਪੱਛਮ ਵੱਲ ਪ੍ਰਵਾਸ ਦੇ ਦੋ ਵੱਡੇ ਪੱਖ ਜੱਟ ਭਾਈਚਾਰੇ ਦੇ ਮਨੋਬਲ ਨੂੰ ਖੋਰਾ ਲਾ ਰਹੇ ਹਨ। ਪਹਿਲਾ ਕਿ ਵੱਡੀ ਗਿਣਤੀ ਵਿਚ ਬਜ਼ੁਰਗਾਂ ਨੂੰ ਵੀ ਇਥੋਂ ਪੁੱਟ ਕੇ ਉਧਰ ਲਿਆਂਦਾ ਜਾ ਰਿਹਾ ਹੈ। ਇਨ੍ਹਾਂ ਵਿਚੋਂ ਵੱਡੀ ਗਿਣਤੀ ਕੁਝ ਸਮਾਂ ਉਥੇ ਰਹਿਣ ਮਗਰੋਂ ਨਿਰਾਸ਼ ਹੋ ਜਾਂਦੀ ਹੈ। ਅਸੀਂ ਲਗਪਗ ਹਰ ਰੋਜ਼ ਇਹ ਦੇਖ ਰਹੇ ਹਾਂ ਕਿ ਸੰਸਾਰ ਪੱਧਰ ਉਤੇ ਪੱਛਮ ਦਾ ਨਿਘਾਰ ਅਤੇ ਪੂਰਬ ਦਾ ਉਭਾਰ ਹੋ ਰਿਹਾ ਹੈ। ਦੂਜੀ ਗੱਲ ਇਹ ਹੈ ਕਿ ਸਮੁੱਚੇ ਤੌਰ ਉਤੇ ਸਰਮਾਏਦਾਰੀ ਵਿਵਸਥਾ ਡੂੰਘੇ ਸੰਕਟ ਦਾ ਸ਼ਿਕਾਰ ਹੋ ਰਹੀ ਹੈ। ਇਨ੍ਹਾਂ ਦੋਨਾਂ ਕਾਰਨਾਂ ਕਰਕੇ ਪੱਛਮੀ ਸਮਾਜ ਵਿਚ ਮਨੋਬਲ ਕਾਇਮ ਰੱਖਣਾ ਬਹੁਤ ਮੁਸ਼ਕਿਲ ਹੈ। ਜਿਉਂ ਜਿਉਂ ਲੋਕਾਂ ਨੂੰ ਇਸ ਸੱਚਾਈ ਦੀ ਸਮਝ ਆਏਗੀ ਤਾਂ ਉਨ੍ਹਾਂ ਦੇ ਮਨੋਬਲ ਦਾ ਡਿਗਣਾ ਲਾਜ਼ਮੀ ਹੈ। ਹੁਣੇ ਹੁਣੇ ਕੈਨੇਡਾ ਵਿਚ ਕਾਫੀ ਸਮੇਂ ਤੋਂ ਰਹਿ ਰਹੇ ਇਕ ਬਹੁਤ ਹੀ ਪੜ੍ਹੇ ਲਿਖੇ ਮੁਲਾਜ਼ਮ ਫਰੰਟ ਤੇ ਵੱਡੇ ਅਹੁਦੇ ਉਤੇ ਰਹਿ ਚੁੱਕੇ ਨੇਤਾ ਦੀ ਸ਼ੋਸ਼ਲ ਮੀਡੀਆ ਤੇ ਇੰਟਰਵਿਊ ਦੇਖੀ। ਕੈਨੇਡਾ ਬਾਰੇ ਅਤੇ ਕੈਨੇਡੀਅਨ ਸਮਾਜ ਵਿਚ ਪੰਜਾਬੀਆਂ ਦੀ ਸਥਿਤੀ ਅਤੇ ਰਸੂਖ ਬਾਰੇ ਜੋ ਭਰਮ ਤੇ ਭੁਲੇਖੇ ਪਾਏ ਜਾਂਦੇ ਹਨ, ਕਾਫਈ ਹੱਦ ਤੱਕ ਉਨ੍ਹਾਂ ਨੇ ਇਨ੍ਹਾਂ ਨੂੰ ਤੋੜਨ ਦਾ ਯਤਨ ਕੀਤਾ ਹੈ ਅਤੇ ਬਹੁਤ ਹੀ ਯਥਾਰਥਵਾਦੀ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਹੈ।

ਉਨ੍ਹਾਂ ਨੇ ਕੈਨੇਡਾ ਦੀਆਂ ਹੁਣੇ ਹੁਣੇ ਹੋਈਆਂ ਚੋਣਾਂ ਦਾ ਵੀ ਚੰਗਾ ਮੁਲਾਂਕਣ ਕੀਤਾ ਹੈ। ਕੈਨੇਡਾ ਦੀਆਂ ਤਿੰਨ ਵੱਡੀਆਂ ਪਾਰਟੀਆਂ ਲਿਬਰਲ, ਕਨਜ਼ਰਵੇਟਿਵ ਅਤੇ ਨਿਊ ਡੈਮੋਕਰੇਟਿਕ ਬਾਰੇ ਖੁਲਾਸਾ ਕੀਤਾ ਹੈ ਕਿ ਇਨ੍ਹਾਂ ਤਿੰਨਾਂ ਦੀਆਂ ਨੀਤੀਆਂ ਸਰਮਾਏਦਾਰੀ ਅਤੇ ਸਾਮਰਾਜ ਦੇ ਹੱਕ ਵਿਚ ਭੁਗਤਦੀਆਂ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੰਜਾਬੀ ਮੂਲ ਦੇ ਇਨ੍ਹਾਂ ਦੇ ਮੈਂਬਰ ਪਾਰਲੀਮੈਂਟ ਕਿਵੇਂ ਬਹੁਤ ਵਫਾਦਾਰੀ ਅਤੇ ਸ਼ਿੱਦਤ ਨਾਲ ਆਪਣੀਆਂ ਪਾਰਟੀਆਂ ਦਾ ਏਜੰਡਾ ਹੀ ਅੱਗੇ ਵਧਾ ਰਹੇ ਹਨ। ਇਨ੍ਹਾਂ ਤੋਂ ਇਹ ਉਮੀਦ ਰੱਖਣੀ ਕਿ ਇਹ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਨਗੇ, ਸਾਡੀ ਖੁਸ਼ਫਹਿਮੀ ਕਹੀ ਜਾ ਸਕਦੀ ਹੈ। ਅੰਤ ਵਿਚ ਉਨ੍ਹਾਂ ਨੇ ਪੰਜਾਬੀ ਪ੍ਰਵਾਸੀਆਂ ਦੀਆਂ ਵੱਧ ਰਹੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਬਹੁਤ ਸੋਚ ਸਮਝ ਕੇ ਪ੍ਰਵਾਸ ਕਰਨ ਦੀ ਸਲਾਹ ਦਿੱਤੀ ਹੈ।



# "ਅਵਧ ਕਿਸਾਨ ਵਿਦਰੋਹ, ਸ਼ਹੀਦ ਮਦਾਰੀ ਪਾਸੀ"



ਹਰਦੀਪ ਸਿੰਘ ਚੁੰਬਰ
91-94636-01616

ਏਕਾ ਅੰਦੋਲਨ ਦੇ 100ਵਾਂ ਸਾਲ ਚਲ ਰਿਹਾ ਹੈ। ਕ੍ਰਾਂਤੀਕਾਰੀ ਯੋਧਾ ਮਦਾਰੀ ਪਾਸੀਦਾ ਨਾਂ ਪੜਦੇ ਹੀ ਝਟਕਾ ਜਿਹਾ ਲਗਦਾ ਹੈ ਆਹ ਕਿਹੜਾ ਨਵਾਂ ਜਿਹਾ ਨਾਂ ਕੱਢ ਲਿਆਏ ਕ੍ਰਾਂਤੀਕਾਰੀ ਸ਼ਹੀਦ ਦਾ, ਅੱਗੇ ਤਾਂ ਕਦੇ ਕਦੇ ਸੁਣਿਆ ਨਹੀਂ। ਸੁਣਦੇ ਵੀ ਕਿਥੋਂ? ਜਿਸ ਸਮਾਜ ਦੇ ਸ਼ਹੀਦਾਂ ਦੇ ਉੱਤਰਅਧਿਕਾਰੀ ਆਰਥਿਕ ਸਮਾਜਿਕ ਅਤੇ ਰਾਜਨੀਤਿਕ ਪੱਖੋਂ ਕਮਜ਼ੋਰ ਹੁੰਦੇ ਹਨ ਉਹਨਾਂ ਦੇ ਲੋਕ ਦੇਸ਼ ਕੌਮ ਲਈ ਸ਼ਹੀਦ ਹੋਣ ਤੋਂ ਬਾਅਦ ਵੀ ਵੀ ਗੁਮਨਾਮੀ ਦੀ ਮੌਤ ਮਰ ਜਾਂਦੇ ਹਨ। ਜਿਹਨਾਂ ਨੇ ਕਦੀ ਦੇਸ਼ ਕੌਮ ਲਈ ਮਾਮੂਲੀ ਜਿਹੀ ਉਂਗਲ ਨਾ ਵੀ ਕਟਵਾਈ ਹੋਵੇ ਉਹਨਾਂ ਦੇ ਉੱਤਰਅਧਿਕਾਰੀ ਆਰਥਿਕ ਸਮਾਜਿਕ ਅਤੇ ਰਾਜਨੀਤਿਕ ਪੱਖੋਂ ਤਕੜੇ ਹੋਣ ਉਹਨਾਂ ਦੁਆਰਾ ਆਪਣੇ ਸਮਾਜ ਦੇ ਪੂਰਵਜਾਂ ਨੂੰ ਮਹਾਨ ਸ਼ਹੀਦ ਬਣਾ ਕੇ ਪ੍ਰਚਾਰਿਆ ਜਾਂਦਾ ਰਿਹਾ ਹੈ ਜਾਂਦਾ ਰਹੇਗਾ। ਇਹ ਹੀ ਮਨੂਵਾਦੀ ਸਮਾਜ ਦੇ ਮੁੱਖ ਚਾਲਚਲਣ ਦੀ ਇਕੋ ਦਿਸ਼ਾ ਵਿੱਚ ਹੋ ਜਾਂਦੀਆਂ ਹਨ, ਚੇਤਨ ਮਨ ਦੀ ਪਿੱਠ ਉੱਤੇ ਅਵਚੇਤਨ ਮਨ ਆ ਖੜ੍ਹਾ ਹੁੰਦਾ ਹੈ ਤਾਂ ਉਹ ਹੀ ਸਧਾਰਨ ਮਨੁੱਖ ਤੋਂ ਮਹਾਂਮਾਨਵ ਬਣ ਜਾਂਦਾ ਹੈ। ਮਨੁੱਖ ਦੇ ਅਵਚੇਤਨ ਮਨ ਵਿੱਚ ਵਿੱਚ ਉਸ ਦੇ ਅਤੇ ਉਸ ਦੇ ਪੂਰਵਜਾਂ ਦੇ ਮਹਾਨ ਹੋਣ ਦਾ ਡਾਟ ਫੀਡ ਕਰਨਾ ਜਰੂਰੀ ਹੁੰਦਾ ਹੈ। ਉਹ ਆਪਣੇ ਮਹਾਨ ਪੂਰਵਜਾਂ ਦੇ ਇਤਿਹਾਸ ਨੂੰ ਜਾਣੇ, ਮੌਜੂਦਾ ਮਾਨਵ ਹਿਤ ਕੰਮ ਕਰ ਰਹੇ ਸੰਗਠਨਾਂ ਦਾ ਅਧਿਆਨ ਕਰ ਸੱਚ ਦੇ ਨਾਲ ਡਟ ਖੜ੍ਹਾ ਰਹੇ, ਮੰਜ਼ਿਲ ਮਿਲ ਹੀ ਜਾਵੇਗੀ। ਇਸ ਲਈ ਜਰੂਰੀ ਹੈ ਚੰਗਾ ਸਹਿਤ ਪੜ੍ਹਿਆ ਜਾਵੇ ਚੰਗੇ ਵਿਚਾਰਾਂ ਨੂੰ ਸੁਣਿਆ ਜਾਵੇ, ਨਿਰਸਵਾਰਥ ਕੰਮ ਕਰ ਰਹੇ ਚੰਗੇ ਲੋਕਾਂ ਦੀ ਸੰਗਤ ਕੀਤੀ ਜਾਵੇ ਤਾਂ ਸਧਾਰਨ ਮਨੁੱਖ ਖਾਸ ਮਨੁੱਖ ਬਣ ਜਾਂਦਾ ਸਕਦਾ ਹੈ।

ਜਦੋਂ ਕਦੀ ਵੀ ਸੰਸਾਰ ਵਿੱਚ ਮਨੁੱਖ ਨੇ ਸੰਗਠਿਤ ਹੋ ਕੇ ਆਪਣੀ ਜੀਵਨ ਸੰਸਾਧਨ ਦੇ ਹੱਕ ਨੂੰ ਪ੍ਰਾਪਤ ਕਰਨ ਦੀ ਅਹਿਮ ਰੋਲ ਅਦਾ ਕੀਤਾ।

ਅਜਿਹੀ ਹੀ ਇਕ ਲਹਿਰ ਉਤਰੀ ਭਾਰਤ ਦੇ ਸੂਬੇ ਉਤਰ ਪ੍ਰਦੇਸ਼ ਵਿੱਚ ਏਕਾ ਲਹਿਰ ਦੇ ਨਾਂ ਨਾਲ ਸ਼ੁਰੂ ਹੋਈ। ਉਸ ਨੇ ਜਲਦੀ ਹੀ ਇਨਕਲਾਬੀ ਰੂਪ ਧਾਰਨ ਕਰ ਲਿਆ। ਇਸ ਲਹਿਰ ਦੀ ਆਗਵਾਈ ਮਹਾਨ ਯੋਧਾ ਮਦਾਰੀ ਪਾਸੀ ਕਰ ਰਹੇ ਸਨ ਦੇ ਦਲਿਤ ਸਮਾਜ ਨਾਲ ਸਬੰਧ ਰਖਦੇ ਸਨ।

ਜਨਨੀ ਜਨੈ ਤ ਭਗਤ ਜਨ ਕੈ ਦਾਤਾ ਕੈ ਸੂਰ!
ਨਹੀਂ ਤਾਂ ਜਨਨੀ ਬਾਂਝ ਰਹੁ ਕਾਹੇ ਗਵਾਹਰਿ ਨੂਰ!"

ਉਪਰੋਕਤ ਸ਼ਬਦ ਮਦਾਰੀ ਪਾਸੀ ਉੱਤੇ ਇੰਨ ਬਿੰਨ ਢੁੱਕਦੇ ਹਨ। ਉਹ ਦੱਬੇ ਕੁਚਲੇ ਸਮਾਜ ਵਿੱਚ ਪੈਦਾ ਹੋਇਆ ਕੇਵਲ ਦਲਿਤਾਂ ਦਾ ਹੀ ਨਾਤੇ ਨਹੀਂ ਸੀ ਉਸ ਨੂੰ ਸਮੁੱਚੇ ਸਮਾਜ ਨੇ ਨੇਤਾ ਮੰਨ ਲਿਆ ਸੀ। ਉਹ ਨੇਤਾ ਹੀ ਨਹੀਂ ਸੀ ਸਮਾਜ ਸੁਧਾਰਕ ਵੀ ਸੀ, ਯੋਧਾ ਵੀ ਸੀ, ਸੂਰਮਾ ਵੀ ਸੀ। ਉਸ ਨੇ ਵਿੱਚ ਦਲਾਲਗਿਰੀ ਕੀਤੀ ਜਾ ਸਕੇ। ਮਦਾਰੀ ਪਾਸੀ ਨੇ ਕਾਂਗਰਸੀਆਂ ਦੀ ਇਸ ਕੋਸ਼ੈਸ਼ ਨੂੰ ਸਫਲ ਨਹੀਂ ਹੋਣ ਦਿੱਤਾ। ਉਸਨੇ ਗਾਂਧੀ ਦੇ ਅਸਹਿਯੋਗ ਦੇ ਵਿਚਾਰਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਹ ਜਾਣਦਾ ਸੀ ਕਿ ਗਾਂਧੀ ਦੇ ਅਸਹਿਯੋਗ ਅੰਦੋਲਨਕਾਰੀਆਂ ਦੇ ਜਗੀਰਦਾਰਾਂ ਨਾਲ ਸੰਬੰਧ ਸਨ। ਦਰਅਸਲ, ਕਿਸਾਨ ਆਪਣੀ ਲਹਿਰ ਦੀ ਅਗਵਾਈ ਆਪ ਕਰਨ ਲਈ ਇਸ ਹਾਲਾਤ ਵਿੱਚ ਪਹੁੰਚੇ ਸਨ।

ਕਿਸਾਨੀ ਸੰਘਰਸ਼ ਦੇ ਵਿਚਕਾਰ, ਧਾਰਮਿਕ ਅਤੇ ਜਾਤੀ ਦੀਆਂ ਲੀਹਾਂ ਪੂਰੀ ਤਰਾਂ ਬੇਅਰਥ ਹੋ ਗਈਆਂ ਸਨ। ਇੱਥੇ ਸਿਰਫ ਦੋ ਜਾਤੀਆਂ ਸਨ - ਇੱਕ ਜਗੀਰਦਾਰ ਅਤੇ ਦੂਸਰੀ ਕਿਸਾਨੀ। ਪੂਰੇ ਉੱਤਰ ਭਾਰਤ ਵਿੱਚ ਕਿਸਾਨੀ ਲਹਿਰ ਸਾਮਰ-ਾਜਵਾਦੀ ਸ਼ਾਸਨ ਅਤੇ ਜਾਗੀਰਦਾਰਾਂ ਲਈ ਇੱਕ ਵੱਡੀ ਚੁਣੌਤੀ ਬਣ ਗਈ ਸੀ। ਕਿਸਾਨਜਿਨੈਹਾਂ ਨੂੰ 'ਨਜ਼ਰਨਾ', 'ਮੁਰਦਾਫ਼ਰੋਸ਼ੀ' ਅਤੇ 'ਯੁੱਧ-ਚੰਦਾ', 'ਘੋੜਾਵਣ', 'ਫੋੜਾਵਨ' ਅਤੇ 'ਚਾਰਾਵਨ' ਨਾ ਜਾਣੇ ਕਿੰਨੇ ਹੀ ਟੈਕਸ ਦੇਣੇਂ ਪੈਂਦੇ ਸਨ। ਮਦਾਰੀ ਪਾਸੀ ਦੀ ਅਗਵਾਈ ਵਿੱਚ ਏਕ ਕਾਰਕੁਨਾ ਅਤੇ ਮੋਢੀਆਂ ਨੇ ਇਹਨਾਂ ਟੈਕਸਾਂ ਤੋਂ ਨਿਯਾਤ ਪਾਉਣ ਦਾ ਇਰਾਦਾ ਕੀਤਾ।

ਅੰਗਰੇਜ਼ਾਂ ਦੇ ਸ਼ਾਸਨ ਦੌਰਾਨ ਜਗੀਰਦਾਰੀ ਪ੍ਰਣਾਲੀ ਸੀ ਅਤੇ ਜਗੀਰਦਾਰ ਕਿਸਾਨਾਂ ਅਤੇ ਵਪਾਰੀਆਂ ਤੋਂ ਮਨਮਾਨੀ ਦੇ ਟੈਕਸ ਇਕੱਠੇ ਕਰਦੇ ਸਨ ਅਤੇ ਉਸ ਦਾ ਮਾਮੂਲੀ ਹਿੱਸਾ ਅੰਗਰੇਜ਼ਾਂ ਨੂੰ ਦਿੰਦੇ ਸਨ। ਮਦਾਰੀ ਪਾਸੀ ਇਕ ਸ਼ੂਦਰ ਕਿਸਾਨ ਦਾ ਪੁੱਤਰ ਸੀ ਜੋ 1860 ਵਿਚ ਉੱਤਰ ਪ੍ਰਦੇਸ਼ ਰਾਜ ਦੇ ਹਰਦੋਈ ਜ਼ੈਲਾ ਅਤੇ ਤਹਿਸੀਲ ਦੇ ਪਿੰਡ ਮੋਹਨਖੇੜਾ ਵਿਚ ਪੈਦਾ ਹੋਇਆ ਸੀ। ਮਦਾਰੀ ਅਤੇ ਉਸਦਾ ਸਾਥੀ ਦੇਵਾ ਪੈਰਤਾਪਪੁਰ ਦਾ ਵਾਸੀ ਵੀ ਪਾਸੀ ਜਾਤੀ ਨਾਲ ਸਬੰਧਤ ਸਨ। ਇਸ ਜਾਤੀ ਦੇ ਲੋਕ ਸੱਤਾਧਾਰੀ ਇਨਕਲਾਬ ਵਿਚ ਅਵਧ ਦੇ ਸਭ ਤੋਂ ਵੱਧ ਸਹਾਇਤਾ ਕਰਨ ਵਾਲੇ ਲੋਕ ਸਨ। ਜਵਾਹਰ ਲਾਲ ਨਹਿਰੂ ਦੀ ਡਾਇਰੀ ਵਿਚ ਇਸ ਕਿਸਾਨੀ ਲਹਿਰ ਦਾ ਵੇਰਵਾ ਹੈ।






ਮਹਾਨ ਯੋਧਾ "ਮਦਾਰੀ ਪਾਸੀ"



ਮਦਾਰੀ ਪਾਸੀ ਦੀ ਕੋਈ ਫੋਟੋ ਉਪਲਬਧ ਨਹੀਂ ਹਨ. ਉਨ੍ਹਾਂ ਦੀ ਯਾਦ ਵਿੱਚ ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਦੇ ਮੋਹਨਖੇੜਾ ਵਿੱਚ ਇੱਕ ਮਟੀ ਬਣਾਈ ਹੋਈ ਹੈ।

ਪਹਿਚਾਣ ਹੈ।

ਮਦਾਰੀ ਪਾਸੀ ਇਕ ਮਿਥਿਹਾਸਕ ਪਾਤਰ ਦੀ ਤਰਾਂ ਜਾਪਦਾ ਸੀ, ਪਰ ਇਸ ਦੀ ਲਹਿਰ ਨੇ ਨਾ ਸਿਰਫ ਫਿਰਕੂ ਸਦਭਾਵਨਾ ਪੈਦਾ ਕੀਤੀ, ਬਲਕਿ ਪਿੰਡਾਂ ਵਿਚ ਨੀਵੀਆਂ ਜਾਤੀਆਂ ਵਿਚ ਅਜਿਹਾ ਜੋਸ਼ ਪੈਦਾ ਕੀਤਾ ਕਿ ਲੋਕ ਪਿੰਡਾਂ ਵਿਚ ਉਸ ਤੋਂ ਬਹੁਤ ਪ੍ਰਭਾਵ ਹੁੰਦੇ ਸਨ। ਉਸ ਦੇ ਹੁੰਦਿਆਂ ਕੋਈ ਕਿਸੇ ਵੀ ਔਰਤ ਨਾਲ ਮੈਲ਼ੀ ਅੱਖ ਨਾਲ ਦੇਖੇ ਕਿ ਕਿਸੇ ਵੀ ਵੱਡੇ ਤੋਂ ਵੱਡੇ ਨਾਢੂ ਖਾਂ ਦੀ ਹਿੰਮਤ ਨਹੀਂ ਸੀ ਕਿ ਕਿਸੇ ਵੀ ਔਰਤਾਂ ਨਾਲ ਜਬਰਦਸਤੀ ਜਾਂ ਬਦਤਮੀਜ਼ੀ ਕਰੇ, ਬਹੁਤ ਮਹਿੰਗਾ ਪੈਂਦਾ ਸੀ ਅਜਿਹਾ ਕਰਨਾ। ਅਜਿਹੇ ਮਹੌਲ ਨੂੰ ਮਦਾਰੀ ਪਾਸੀ ਨੇ ਉਹਨਾਂ ਲੋਕਾਂ ਨੂੰ ਤਿਆਰ ਕਰਕੇ ਕੀਤਾ ਸੀ। ਸੱਚਮੁੱਚ ਉਹ ਲੋਕਾਂ ਦੇ ਹੀਰੋ ਸਨ।

ਬਾਬਾ ਸਾਹਿਬ ਦੇ ਮੌਤ ਤੋਂ ਬਾਅਦ ਸੰਵਿਧਾਨ ਵਿੱਚ ਦਰਜ ਸਮਤਾ ਸਮਾਨਤਾ ਭਾਈਚਾਰਾ ਅਤੇ ਸਭ ਲਈ ਬਰਾਬਰੀ ਇਨਸਾਫ ਅਤੇ ਮੌਕੇ ਪ੍ਰਦਾਨ ਕਰਨ ਦਾ ਪ੍ਰਬੰਧ ਕੇਵਲ ਰਾਜਨੀਤਿਕ ਖੇਡ ਵਿੱਚ ਵੋਟ ਦੀ ਰਾਜਨੀਤੀ ਦੇ ਭੇਟ ਚੜ੍ਹਦਾ ਆ ਰਿਹਾ ਹੈ, ਮੌਕੇ ਮੁਤਾਬਕ ਬਿੱਲੀ ਨੂੰ ਥੈਲੇ ਤੋਂ ਬਾਹਰ ਕੱਢਿਆ ਜਾਂਦਾ ਰਿਹਾ ਹੈ। ਕਈ ਦਹਾਕਿਆਂ ਦੇ ਬਾਅਦ ਦਲਿਤ ਰਾਜਨੀਤੀ ਦੇ ਕਰਮ ਯੋਧਾ ਸੰਤ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਦਲਿਤ ਸਮਾਜ ਲਈ ਕੀਤੇ ਜੀਵਨ ਸੰਘਰਸ਼ ਨੇ ਦਲਿਤ ਉਥਾਨ ਕੀਤਾ। ਇਸ ਨਾਲ ਬਹੁਤ ਸਾਰੀਆਂ ਸਰਕਾਰਾਂ ਦਾ ਅਣਦੇਖੀ ਦੇ ਸ਼ਿਕਾਰ ਹੋਏ ਧੂੜ ਦੀ ਪਰਤਾਂ ਵਿੱਚ ਦੱਬੇ ਦਲਿਤ ਕ੍ਰਾਂਤੀਕਾਰੀ ਸ਼ਹੀਦਾਂ ਦੇ ਜੀਵਨ ਕਥਾਵਾਂ ਸਾਹਮਣੇ ਆਉਣ ਲੱਗੀਆਂ। ਇਸ ਲੜੀ ਵਿੱਚ ਦਲਿਤ ਮਹਾਨ ਸ਼ਹੀਦ ਕ੍ਰਾਂਤੀਕਾਰੀ ਏਕਾ ਅੰਦੋਲਨ ਦੇ ਹੀਰੋ ਯੋਧੇ ਮਦਾਰੀ ਪਾਸੀ ਦਾ ਵੀ ਨਾਂ ਆਉਂਦਾ ਹੈ।

ਏਕਾ ਅੰਦੋਲਨ ਦਾ1920-21 ਵਿੱਚ ਉੱਤਰ ਪ੍ਰਦੇਸ ਦੇ ਵੱਡੇ ਖੇਤਰ ਵਿੱਚ ਅੰਗਰੇਜ਼ ਸਰਕਾਰ ਦੁਆਰਾ ਕਿਸਾਨਾਂ ਉੱਤੇ ਨਾਜਾਇਜ਼ ਟੈਕਸ ਲਗਾਉਣ ਦੇ ਖਿਲਾਫ ਸ਼ੁਰੂ ਹੋਇਆ। ਇਸ ਦਾ 2020-21ਵਾਂ ਸਾਲ100ਵਾਂ ਸਾਲ ਚਲ ਰਿਹਾ ਹੈ ਤੇ ਇਸ ਦੇ ਹੀਰੋ ਸਨ ਉੱਤਰ ਪ੍ਰਦੇਸ਼ ਦੇ ਮਹਾਨ ਯੋਧਾ ਮਦਾਰੀ ਪਾਸੀ। ਉਹ ਦਲਿਤ ਪਰਿਵਾਰ ਵਿੱਚ ਜਨਮੇ ਜਿਸ ਦਾ ਮੁੱਖ ਕਿੱਤਾ ਖੇਤੀਬਾੜੀ ਸੀ।

ਕਿਸੇ ਇਨਸਾਨ, ਸਮਾਜ ਦਾ ਪਿਛੋਕੜ ਜਦੋਂ ਮਹਾਨ ਯੋਧਿਆਂ, ਕ੍ਰਾਂਤੀਕਾਰੀਆਂ ਨਾਲ ਜੁੜਦਾ ਹੈ ਤਾਂ ਸੱਚ ਕਰਕੇ ਜਾਣਿਓ, ਉਹਨਾਂ ਦੀ ਯੁੱਗਾਂ ਯੁੱਗਾਂਤਰਾਂ ਦੀ ਗੁਲਾਮੀ ਤੋਂ ਬਾਹਰ ਆਜ਼ਾਦ ਅਸਮਾਨ ਵੱਲ ਤੱਕ ਕੇ ਭੁੱਖ ਉਤਰ ਜਾਂਦੀ ਹੈ। ਢਿੱਲਾ ਜਿਹਾ, ਗਰੀਬੂ ਜਿਹਾ ਕਮਜ਼ੋਰ ਜਿਹਾ ਮਨੁੱਖ ਵੀ ਆਪਣੇ ਅੰਦਰ ਸ਼ੇਰ ਦੀ ਸ਼ਕਤੀ ਅਨੁਭਵ ਕਰਨ ਲਗ ਜਾਂਦਾ ਹੈ। ਜਿਦਾਂ ਲੋਹੇ ਅਤੇ ਚੁੰਬਕ ਵਿੱਚ ਸਭ ਕੁਝ ਲਗਭਗ ਬਰਾਬਰ ਹੁੰਦਾ ਹੀ ਹੈ, ਫਰਕ ਕੇਵਲ ਇਹੋ ਹੁੰਦਾ ਹੈ ਲੋਹੇ ਦੇ ਅੰਦਰ ਦੇ ਕਣ ਦਿਸ਼ਾਹੀਣ ਹੁੰਦੇ ਹਨ, ਚੁੰਬਕ ਦੇ ਦਿਸ਼ਾ ਨਿਰਧਾਰਤ ਹੁੰਦੇ ਹਨ, ਛੋਟੇ ਛੋਟੇ ਕਣਾ ਦੇ ਦਿਸ਼ਾ ਨਿਰਧਾਰਤ ਹੋਣ ਦੇ ਕਾਰਨ ਉਸੇ ਲੋਹੇ ਦੇ ਟੁਕੜੇ ਵਿੱਚ ਬਲ ਦਾ ਭਾਵ ਆ ਜਾਂਦਾ ਹੈ।

ਮਾਨਵ ਸ਼ਕਤੀ ਦਾ ਇਕਾਗਰ ਚਿੱਤ ਹੋਕੇ ਇਕੋ ਦਿਸ਼ਾ ਵਿੱਚ ਹੋ ਜਾਣ ਨਾਲ ਮਾਨਵ ਸੱਤਾ ਦੀ ਸ਼ਕਤੀ ਨੂੰ ਹਾਸਲ ਕਰਨ ਦਾ ਲਕਸ਼ ਪ੍ਰਾਪਤ ਕਰਨ ਯੋਗ ਹੋ ਜਾਂਦਾ ਹੈ। ਇਹੋ ਹਾਲ ਸਧਾਰਨ ਮਨੁੱਖ ਦਾ ਹੁੰਦਾ ਹੈ ਜਦੋਂ ਉਸ ਦੀ ਸੋਚ ਦੀਆਂ ਦਿਸ਼ਾਵਾਂ ਕੋਸ਼ਿਸ਼ ਕੀਤੀ ਅਤੇ ਸੱਤਾ ਨੂੰ ਚਣੌਤੀ ਦੇਣ ਦੇ ਕਾਬਲ ਹੋਇਆ ਹੈ, ਤਾਂ ਸਮੇਂ ਸਮੇਂ ਦੇਰਾਜਨੀਤਿਕ ਦਲਾਂ ਨੇ ਮੌਕਾਪ੍ਰਸਤੀ ਦੀ ਰਾਜਨੀਤੀ ਕੀਤੀ ਹੈ ਅਤੇ ਸੱਤਾ ਦੇ ਟੁੱਕੜਬੋਚਾਂ ਸਾਮੰਤਾ, ਜਾਗੀਰਦਾਰਾਂ ਨੇ ਰਜਵਾੜਇਆਂ ਨੇ ਮੌਕੇ ਦੀ ਸੱਤਾ ਦਾ ਕੇਵਲ ਸਹਿਯੋਗ ਹੀ ਨਹੀਂ ਦਿਤਾ ਬਲਕਿ ਤਕੜੇ ਹੋਕੇ ਸੱਤਾਧਾਰੀਆਂ ਦੇ ਹਮਾਇਤ ਲਈ ਉਸ ਦੀ ਪਿੱਠ ਉੱਤੇ ਆਣ ਖੜੇ ਹੁੰਦੇ ਰਹੇ ਹਨ।ਇਹ ਵਰਤਾਰਾ ਕੋਈ ਨਵਾਂ ਨਹੀਂ ਹੈ, ਬਹੁਤ ਪੁਰਾਣੇ ਸਮੇਂ ਤੋਂ ਚਲਦਾ ਆਇਆ ਹੈ।

19ਵੀ ਸਦੀ ਦੇ ਆਖਰੀ ਅੱਧ ਵਿੱਚ ਭਾਰਤ ਵਿੱਚ ਜਦੋਂ ਅੰਗਰੇਜੀ ਸ਼ਾਸ਼ਨ ਜੋ ਆਜ਼ਾਦ ਹੋਣ ਦੀ ਲੜਾਈ ਚੱਲ਼ ਰਹੀ ਸੀ। ਅੰਗਰੇਜਾਂ ਨੇ ਭਰਾਤ ਦੀ ਪੁਰਾਣੀ ਬ੍ਰਾਹਮਣਵਾਦੀ ਜਾਤੀਵਾਦੀ ਨਿਆਇਕ ਪ੍ਰਬੰਧਨ ਨੂੰ ਬਦਲਦੇ ਹੋਏ 1773 ਵਿੱਚ ਸਭ ਭਾਰਤੀਆਂ ਲਈ ਇਕੋ ਕਾਨੂੰਨ ਪ੍ਰਬੰਧਨ ਲਈ ਸੁਪਰੀਮ ਕੋਰਟ ਦੀ ਕਲਕੱਤਾ ਵਿੱਚ ਸਥਾਪਨਾ ਕੀਤੀ। 1920 ਵਿੱਚ ਸੱਤਾ ਸਹਿਯੋਗ ਲਈ ਭਾਰਤੀਆਂ ਦੇ ਚੁੱਣੇ ਹੋਏ ਨੇਤਾਵਾਂ ਲਈ ਰਾਹ ਖੋਲ ਦਿਤਾ ਸੀ। ਚੋਣਾਵ ਸ਼ਿਸ਼ਟਮ ਵਿੱਚ ਜਿੱਤ ਪ੍ਰਾਪਤੀ ਲਈ ਬਹੁਗਿਣਤੀ ਦਾ ਹੋਣਾ ਬਹੁਤ ਜਰੂਰੀ ਸੀ। ਦਲਿਤ ਆਵਰਣ ਸਮਾਜ ਜੋ ਕਦੀ ਵੀ ਹਿੰਦੂ ਨਹੀ ਸੀ। ਉਸ ਨੂੰ ਹਜਾਰਾਂ ਸਾਲਾਂ ਤੋਂ ਹਿੰਦੂਆਂ ਨੇ ਜਲ, ਜੰਗਲ, ਜਮੀਨ ਅਤੇ ਸੰਸਾਧਨ ਰਹਿਤ ਕਰ ਰਖਿਆ ਸੀ। ਉਸਨੂੰ ਇਸ ਤੋਂ ਅੱਗੇ ਵਧਦੇ ਹੋਏ ਅਛੂਤ ਬਣਾ ਰਖਿਆ ਸੀ ਜਿਸ ਦੇ ਪੈਰਛਾਵੇਂ ਨੂੰ ਵੀ ਬਹੁਤ ਮਾੜਾ ਮੰਨਿਆ ਜਾਂਦਾ ਸੀ। ਵੋਟ ਦੀ ਰਾਜਨੀਤੀ ਨੇ ਕਾਂਗਰਸ ਅਤੇ ਹਿੰਦੂਆਂ ਨੂੰ ਜਿੱਤ ਪ੍ਰਾਪਤੀ ਲਈ ਦਲਿਤ ਵੋਟ ਬੈਂਕ ਲੁਭਾਣ ਸ਼ੁਰੂ ਕਰ ਦਿਤਾ। ਇਸ ਕਾਰਨ ਹਿੰਦੂਆਂ ਦੁਆਰਾ ਸਮਾਜ ਸੁਧਾਰ ਲਹਿਰਾਂ ਚਲਾਈਆਂ ਗਈਆਂ।

ਗਾਂਧੀ ਅਤੇ ਉਸ ਦੀ ਕਾਂਗਰਸ ਸ਼ਾਸ਼ਨ, ਪ੍ਰਸ਼ਾਸ਼ਨ ਦੀ ਵਿਵਸਥਾ ਨੂੰ ਸਵਿਕਾਰ ਕਰਦੇ ਹੋਏ ਕੇਵਲ ਸੱਤਾ ਦੀਆਂ ਚਾਬੀਆਂ ਹਾਸਲ ਕਰਨ ਲਈ ਸਭ ਤੋ ਅਗੇ ਖੜੀਆਂ ਸਨ। ਉਹਨਾਂ ਦਾ ਕੇਵਲ ਅਤੇ ਕੇਵਲ ਸੱਤਾ ਪ੍ਰਾਪਤੀ ਹੀ ਲਕਸ਼ ਰਿਹਾ ਹੈ। ਉਹ ਹਿੰਦੂ ਵਰਣ ਵਿਵਸਥਾ ਦੇ ਕਰੂਰ ਰੂਪ ਨੂੰ ਬਦਲਦੇ ਅਧੁਨਿਕ ਹਿੰਦੂਵਾਦ ਵਲ ਵਧੇ। ਉਹਨਾਂ ਸਦਾ ਲਈ ਦਲਿਤ ਵੋਟ ਬੈਂਕ ਨੂੰ ਹਾਸਲ ਕਰਨ ਦਾ ਮੰਤਵ ਬਣਾ ਲਿਆ। ਸਮਾਜਵਾਦ ਸਮਤਾ ਸਮਾਨਤਾ ਭਾਈਚਾਰਾ ਅਤੇ ਇਕੋ ਜਿਹੀ ਨਿਆਏ ਆਰਥਿਕ ਬਰਾਬਰੀ ਦੀ ਵਿਵਸਥਾ ਉਹਨਾਂ ਦਾ ਕੋਈ ਟੀਚਾ ਨਹੀਂ ਸੀ। ਉਹ ਕੇਵਲ ਸੱਤਾ ਦੀਆਂ ਚਾਬੀਆਂ ਆਪਣੇ ਹੱਥ ਲੈਣ ਚਾਹੁੰਦੇ ਸਨ।

ਇਸੇ ਹੀ ਸਮੇਂ ਅੰਗਰੇਜਾਂ ਦੀ ਬਦੌਲਤ ਭਾਰਤੀ ਦਲਿਤ ਸਮਾਜ ਦੇ ਕੁੱਝ ਲੋਕ ਪੜੈਹ ਲਿਖ ਅਗੇ ਵੱਧਣ ਲਗ ਗਏ ਸਨ। ਇਹਨਾਂ ਵਿੱਚੋਂ ਜਨਮੇ ਦਲਿਤਾਂ ਦੇ ਮਹਾਨਾਇਕ ਡਾ. ਅੰਬੇਡਕਰ ਇੱਕ ਵੱਡੇ ਅੰਦੋਲਨ ਦਾ ਨਾਂ ਬਣ ਚੁੱਕੇ ਸਨ। ਉਹਨਾਂ ਕਾਂਗਰਸ ਅਤੇ ਮੁਸਲਮਲੀਗ ਦੇ ਮੌਕਾਪੈਰਸਤੀ ਕੇਵਲ ਸੱਤਾ ਹਾਸਲ ਦੀ ਰਾਜਨੀਤੀ ਨੂੰ ਜੋ ਕਿ ਸਮਾਜ ਦੇ ਵਿੱਚ ਵਿਤਕਰਾਵਾਦ ਬਣਾ ਕੇ ਰਖਣ ਦੀ ਰਾਜਨੀਤੀ ਕਰ ਰਹੇ ਸਨ ਉਸ ਨੂੰ ਨਕਾਰਦੇ ਸਮੁੱਚੇ ਸਮਾਜ ਲਈ ਸਮਾਜਵਾਦ ਦਾ ਰਾਹ ਉੱਤੇ ਲੈਕੇ ਜਾਣ ਨੂੰ ਚੁੱਣਿਆ। ਉਹਨਾਂ ਦੇ ਇਲਾਵਾ ਕਈਆਂ ਨੇ ਦਲਿਤ ਸਮਾਜ ਵਿੱਚ ਬਹੁਤ ਸਾਰੇ ਖੇਤਰੀ ਸੰਗਠਨ ਬਣਾਏ, ਲੇਕਿਨ ਨੈਸ਼ਨਲ ਕਾਂਗਰਸ ਨੇ ਸੱਤਾ ਦੇ ਸਹਿਯੋਗ ਨਾਲ ਉਹਨਾਂ ਨੂੰ ਦਬਾਉਣ ਵਿੱਚ ਸਵਰਾਜ ਆਉਂਣ ਉੱਤੇ ਲੋਕਾਂ ਨੂੰ ਜਮੀਨਾ ਦੇਣ ਦੇ ਵਾਅਦੇ ਦਾ ਜਨਮ ਦਿਤਾ ਸੀ, ਸਾਰੇ ਹੀ ਲੋਕ ਉਸ ਉੱਤੇ ਭਰੋਸਾ ਕਰਦੇ ਸਨ। ਮਦਾਰੀ ਪਾਸੀ ਦੀ ਲਹਿਰ ਦੀ ਜਿਹੜੀ ਗੱਲ ਸਭ ਤੋਂ ਵੱਧ ਆਮ ਲੋਕਾਂ ਨੂੰ ਅਪੀਲ ਕਰਦੀ ਸੀ, ਜੋ ਕਿ ਇਕ ਮਿਥਿਹਾਸਕ ਪਾਤਰ ਦੀ ਤਰਾਂ ਜਾਪਦਾ ਸੀ, ਪਰ ਇਸ ਦੀ ਲਹਿਰ ਨੇ ਨਾ ਸਿਰਫ ਫਿਰਕੂ ਸਦਭਾਵਨਾ ਪੈਦਾ ਕੀਤੀ, ਬਲਕਿ ਪਿੰਡਾਂ ਵਿਚ ਨੀਵੀਆਂ ਜਾਤੀਆਂ ਵਿਚ ਅਜਿਹਾ ਜੋਸ਼ ਪੈਦਾ ਕੀਤਾ ਕਿ ਲੋਕ ਪਿੰਡਾਂ ਵਿਚ ਉਸ ਤੋਂ ਬਹੁਤ ਪ੍ਰਭਾਵ ਹੁੰਦੇ ਸਨ। ਉਸ ਦੇ ਹੁੰਦਿਆਂ ਕੋਈ ਕਿਸੇ ਵੀ ਔਰਤ ਨਾਲ ਮੈਲ਼ੀ ਅੱਖ ਨਾਲ ਦੇਖੇ ਕਿ ਕਿਸੇ ਵੀ ਵੱਡੇ ਤੋਂ ਵੱਡੇ ਨਾਢੂ ਖਾਂ ਦੀ ਹਿੰਮਤ ਨਹੀਂ ਸੀ ਕਿ ਕਿਸੇ ਵੀ ਔਰਤਾਂ ਨਾਲ ਜਬਰਦਸਤੀ ਜਾਂ ਬਦਤਮੀਜ਼ੀ ਕਰੇ, ਬਹੁਤ ਮਹਿੰਗਾ ਪੈਂਦਾ ਸੀ ਅਜਿਹਾ ਕਰਨਾ। ਅਜਿਹੇ ਮਹੌਲ ਨੂੰ ਮਦਾਰੀ ਪਾਸੀ ਨੇ ਉਹਨਾਂ ਲੋਕਾਂ ਨੂੰ ਤਿਆਰ ਕਰਕੇ ਕੀਤਾ ਸੀ। ਸੱਚਮੁੱਚ ਉਹ ਲੋਕਾਂ ਦੇ ਹੀਰੋ ਸਨ।

ਮਦਾਰੀ ਪਾਸੀ ਦੇ ਕਿਸੇ ਪਿੰਡ ਜਾਣ ਤੋਂ ਪਹਿਲਾਂ, ਉਸਦੇ ਲੋਕ ਉਸ ਪਿੰਡ ਜਾਂਦੇ ਸਨ ਅਤੇ ਇਨੈਹਾਂ ਨੀਵੀਆਂ ਜਾਤੀਆਂ ਦੇ ਇੱਕ ਪੋਟਲੀ ਨੂੰ ਛੂਹਦੇ ਸਨ ਅਤੇ ਸਹੁੰ ਖਾਵਾਉਂਦੇ ਸਨ ਕਿ ਉਹ ਇਕ ਰਹਿਣਗੇ। ਪੋਟਲੀ ਵਿਚ ਜਵਾਰ ਦੀ ਰੋਟੀ ਅਤੇ ਮੀਟ ਦਾ ਟੁਖੜ੍ਹਾ ਹੁੰਦਾ ਸੀ। ਇਸ ਵਿਚ, ਰੋਟੀ ਦਾ ਅਰਥ ਇਹ ਸੀ ਕਿ ਸਾਡੀ ਲੜਾਈ ਰੋਟੀ ਦੀ ਹੈ, ਅਸੀਂ ਇਕ ਹਾਂ। ਮੀਟ ਦਾ ਅਰਥ ਸੀ ਏਕਾ ਲਹਿਰ ਲਈ ਆਪਣੀ ਜਾਨ ਤਕ ਦੀ ਕੁਰਬਾਨੀ ਦੇਣ ਲਈ ਤਿਆਰ ਰਹਿਣਗੇ।

ਉਸਨੇ ਜ਼ਿਮੀਂਦਾਰਾਂ ਦੇ ਅਨਿਆਏ ਅਤੇ ਜੁਲਮ ਦੇ ਵਿਰੁੱਧ ਬੇਜ਼ਮੀਨੇ ਕਿਸਾਨਾਂ ਨੂੰ ਸੰਗਠਿਤ ਕੀਤਾ, ਸਰਕਾਰੀ ਵਿਵਸਥਾ ਦੇ ਬਰਾਬਰ ਆਪਣੇ ਤੌਰ ਤੇ ਪੰਚਾਇਤਾਂ ਦਾ ਗਠਨ ਕੀਤਾ ਗਿਆ ਅਤੇ ਪੰਚਾਂ ਨੂੰ ਆਪਸੀ ਝਗੜਿਆਂ ਦਾ ਨਿਪਟਾਉਣ ਲਗਾ ਦਿਤਾ, ਕਿਸਾਨ ਭਰਾਵਾਂ ਨੂੰ ਮੁਕੱਦਮੇਬਾਜ਼ੀ ਤੋਂ ਬਚਾਇਆ ਅਤੇ ਜੁਰਮ ਨੂੰ ਰੋਕ ਦਿਤੇ ਗਏ। ਨਿਆਏ ਟੈਕਸਾਂ ਦੀ ਅਦਾਇਗੀ ਨੂੰ ਰੋਕ ਦਿੱਤਾ ਗਿਆ ਸੀ, ਪਰ ਖਾਤਿਆਂ ਤੇ ਚੜੇ ਕਿਰਾਏ ਦੀ ਅਦਾਇਗੀ ਕਰਨ ਦਿਤੀ ਗਈ। ਇਸ ਅੰਦੋਲਨ ਦੀ ਤਾਕਤ ਅਤੇ ਪ੍ਰਸਿੱਧੀ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜ਼ਿਲਾ ਦਫ਼ਤਰ ਨੂੰ ਇਕੱਲੇ ਇਕੱਲੇ ਸਰਕਲ ਵਿਚ ਤਿੰਨ ਦਿਨਾਂ ਵਿਚ 21 ਯੂਨਿਟ ਮੀਟਿੰਗਾਂ ਬਾਰੇ ਜਾਣਕਾਰੀ ਮਿਲੀ ਹੈ। ਮਾਰਚ 1922 ਵਿਚ, ਜਦੋਂ ਪੁਲਿਸ ਅਸੈਂਬਲੀ ਬਾਰੇ ਪੁੱਛਗਿੱਛ ਕਰ ਰਹੀ ਸੀ, ਤਾਂ ਤਕਰਾਰ ਹੋਇਆ ਉਸ ਨੂੰ ਗੋਲੀ ਚਲਾਉਣੀ ਪਈ ਜਿਸ ਵਿਚ ਦੋ ਪਾਸੀ ਏਕਾ ਕਾਰਕੁਨ ਮਾਰੇ ਗਏ ਅਤੇ ਬਹੁਤ ਸਾਰੇ ਜ਼ਖਮੀ ਹੋਏ। ਕਿਸਾਨ ਅੰਦੋਲਨ ਤਹਿਤ ਰੋਜ਼ਾਨਾ ਪ੍ਰਦਰਸ਼ਨ ਕੀਤੇ ਜਾਣੇ ਸ਼ੁਰੂ ਹੋ ਗਏ ਅਤੇ ਸਰਕਾਰੀ ਦਫਤਰਾਂ ਅਤੇ ਕਚਹਿਰੀਆਂ ਦੀ ਘੇਰਾਬੰਦੀ ਕੀਤੀ ਗਈ।

ਇਸ ਦੇ ਇਨਕਲਾਬੀ ਰਵੱਈਏ ਨੂੰ ਵੇਖਦਿਆਂ ਸ਼ਹਿਰੀ ਕਾਂਗਰਸੀ ਇੱਕ ਵਾਰ ਫਿਰ ਜ਼ੈਮੀਂਦਾਰਾਂ, ਜਗੀਰਦਾਰਾਂ ਦੀ ਰਾਖੀ ਲਈ ਸਰਗਰਮ ਹੋ ਗਏ। 14 ਫਰਵਰੀ ਨੂੰ ਕਿਸ਼ਨ ਲਾਲ ਨਹਿਰੂ ਅਤਰੌਲੀ ਗਏ ਅਤੇ ਇੱਕ ਗਾਂਧੀਵਾਦੀ ਢੰਗ ਨਾਲ ਕਿਸਾਨਾਂ ਅਤੇ ਜਗੀਰਦਾਰਾਂ ਦਰਮਿਆਨ ਏਕਤਾ ਸਥਾਪਤ ਕਰਨ ਦੀ ਕੋਸ਼ੈਸ਼ ਕੀਤੀ। ਉਸਨੇ ਜਗੀਰਦਾਰਾਂ ਨੂੰ ਕਿਸਾਨੀ ਲਹਿਰ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਵਿਰੋਧ ਪ੍ਰਦਰਸ਼ਨ ਨੂੰ ਘਟਾਇਆ ਜਾ ਸਕੇ, ਕਿਸਾਨਾਂ ਅਤੇ ਸਰਕਾਰ ਜਾਤੀ ਦੀਆਂ ਲੀਹਾਂ ਪੂਰੀ ਤਰਾਂ ਬੇਅਰਥ ਹੋ ਗਈਆਂ ਸਨ। ਇੱਥੇ ਸਿਰਫ ਦੋ ਜਾਤੀਆਂ ਸਨ - ਇੱਕ ਜਗੀਰਦਾਰ ਅਤੇ ਦੂਸਰੀ ਕਿਸਾਨੀ। ਪੂਰੇ ਉੱਤਰ ਭਾਰਤ ਵਿੱਚ ਕਿਸਾਨੀ ਲਹਿਰ ਸਾਮਰ-ਾਜਵਾਦੀ ਸ਼ਾਸਨ ਅਤੇ ਜਾਗੀਰਦਾਰਾਂ ਲਈ ਇੱਕ ਵੱਡੀ ਚੁਣੌਤੀ ਬਣ ਗਈ ਸੀ। ਕਿਸਾਨਜਿਨੈਹਾਂ ਨੂੰ 'ਨਜ਼ਰਨਾ', 'ਮੁਰਦਾਫ਼ਰੋਸ਼ੀ' ਅਤੇ 'ਯੁੱਧ-ਚੰਦਾ', 'ਘੋੜਾਵਣ', 'ਫੋੜਾਵਨ' ਅਤੇ 'ਚਾਰਾਵਨ' ਨਾ ਜਾਣੇ ਕਿੰਨੇ ਹੀ ਟੈਕਸ ਦੇਣੇਂ ਪੈਂਦੇ ਸਨ। ਮਦਾਰੀ ਪਾਸੀ ਦੀ ਅਗਵਾਈ ਵਿੱਚ ਏਕ ਕਾਰਕੁਨਾ ਅਤੇ ਮੋਢੀਆਂ ਨੇ ਇਹਨਾਂ ਟੈਕਸਾਂ ਤੋਂ ਨਿਯਾਤ ਪਾਉਣ ਦਾ ਇਰਾਦਾ ਕੀਤਾ।

ਅੰਗਰੇਜ਼ਾਂ ਦੇ ਸ਼ਾਸਨ ਦੌਰਾਨ ਜਗੀਰਦਾਰੀ ਪ੍ਰਣਾਲੀ ਸੀ ਅਤੇ ਜਗੀਰਦਾਰ ਕਿਸਾਨਾਂ ਅਤੇ ਵਪਾਰੀਆਂ ਤੋਂ ਮਨਮਾਨੀ ਦੇ ਟੈਕਸ ਇਕੱਠੇ ਕਰਦੇ ਸਨ ਅਤੇ ਉਸ ਦਾ ਮਾਮੂਲੀ ਹਿੱਸਾ ਅੰਗਰੇਜ਼ਾਂ ਨੂੰ ਦਿੰਦੇ ਸਨ। ਮਦਾਰੀ ਪਾਸੀ ਇਕ ਸ਼ੂਦਰ ਕਿਸਾਨ ਦਾ ਪੁੱਤਰ ਸੀ ਜੋ 1860 ਵਿਚ ਉੱਤਰ ਪ੍ਰਦੇਸ਼ ਰਾਜ ਦੇ ਹਰਦੋਈ ਜ਼ੈਲਾ ਅਤੇ ਤਹਿਸੀਲ ਦੇ ਪਿੰਡ ਮੋਹਨਖੇੜਾ ਵਿਚ ਪੈਦਾ ਹੋਇਆ ਸੀ। ਮਦਾਰੀ ਅਤੇ ਉਸਦਾ ਸਾਥੀ ਦੇਵਾ ਪੈਰਤਾਪਪੁਰ ਦਾ ਵਾਸੀ ਵੀ ਪਾਸੀ ਜਾਤੀ ਨਾਲ ਸਬੰਧਤ ਸਨ। ਇਸ ਜਾਤੀ ਦੇ ਲੋਕ ਸੱਤਾਧਾਰੀ ਇਨਕਲਾਬ ਵਿਚ ਅਵਧ ਦੇ ਸਭ ਤੋਂ ਵੱਧ ਸਹਾਇਤਾ ਕਰਨ ਵਾਲੇ ਲੋਕ ਸਨ। ਜਵਾਹਰ ਲਾਲ ਨਹਿਰੂ ਦੀ ਡਾਇਰੀ ਵਿਚ ਇਸ ਕਿਸਾਨੀ ਲਹਿਰ ਦਾ ਵੇਰਵਾ ਹੈ।

ਮਦਾਰੀ ਪਾਸੀ ਗਾਂਧੀਵਾਦੀ ਨਹੀਂ ਸੀ, ਪਰ ਨਿਖਾਲਸ ਲਠੈਤ ਕਿਸਾਨੀ ਨੇਤਾ ਸੀ। ਉਹ ਸਰਕਾਰ ਦੇ ਤਰਫੋਂ ਸਿਪਾਹੀਆਂ ਦੁਆਰਾ ਚਲਾਇਆਂ ਗਇਆਂ ਡੰਡਿਆਂ ਵਿਰੁੱਧ ਤੀਰਕਮਾਨ ਨਾਲ ਜਵਾਬ ਦੇਣ ਦੀ ਹਿੰਮਤ ਰਖਦਾ ਸੀ। ਉਸਦੀ ਅਗਵਾਈ ਹੇਠ ਪੇਂਡੂ ਕਮਜ਼ੋਰ ਕਿਸਾਨੀ ਜਨਤਾ ਦੀ ਆਵਾਜ਼ ਬੁਲੰਦ ਹੋਈ। ਏਕਾ ਕਾਰਕੁਨਾਂ ਦੁਆਰਾ ਸੰਦੀਲਾ ਤਹਿਸੀਲ ਦੀ ਘੇਰਾਬੰਦੀ ਕਾਰਨ ਥੱਕ ਹਾਰ ਕੇ ਐਸਡੀਐਮ ਨੇ ਲਖਨਊ ਪੱਤਰ ਭੇਜਿਆ ਜਿਹੜਾ ਮਦਾਰੀ ਪਾਸੀਦੀ ਤਾਕਤ ਦਾ ਇੱਕ ਨਮੂਨਾ ਦਸਦਾ ਹੈ। ਮਦਾਰੀ ਪਾਸੀ ਦਾ ਇਹ ਸ਼ਾਨਦਾਰ ਕਿਰਦਾਰ ਕਾਂਗਰਸ ਅਤੇ ਖਿਲਾਫਤੀਆਂ ਲਈ ਅਸੁਵਿਧਾਜਨਕ ਸੀ। ਕਾਂਗਰਸ ਕਿਸੇ ਵੀ ਤਰਾਂ ਇਸ ਤਰਾਂ ਜਗੀਰਦਾਰਾਂ ਦੇ ਵਿਰੁੱਧ ਖੜੈਹਨ ਲਈ ਤਿਆਰ ਨਹੀਂ ਸੀ। ਆਖਰਕਾਰ, ਕਾਂਗਰਸ ਨੇ ਖੁੱਲੇ ਤੌਰ 'ਤੇ ਕਿਸਾਨਾਂ ਨੂੰ ਕੂੰਜਰੂ ਵਿਚ ਹੋਈ ਏਕਾ ਅੰਦੇਲਨਕਾਰੀਆਂ ਦੁਆਰਾ ਬਲਾਈ ਕਿਸਾਨ ਸਭਾ ਵਿਚ ਹਿੱਸਾ ਲੈਣ ਤੋਂ ਰੋਕਿਆ।

ਅੰਗਰੇਜ਼ ਚਿੰਤਤ ਸਨ ਕਿ ਮਦਾਰੀ ਪਾਸੀ ਦੀ ਕਿਸਾਨੀ ਏਕਾ ਲਹਿਰ ਬਹੁਤ ਉਗਰ ਨਾ ਬਣ ਜਾਵੇ। ਪੁਲਿਸ ਪੈਰਣਾਲੀ ਨੂੰ ਉਹਨਾਂ ਦਿਨਾਂ ਵਿਚ ਇਹ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ ਕਿ ਸ਼ਾਇਦ ਚੌਰੀਚੌਰਾ ਦਾ ਯੋਧੇ ਚਮਾਰ ਏਕਾ ਅੰਦੇਲਨ ਦਾ ਸਾਥ ਦੇ ਰਹੇ ਹਨ।ਚੌਰਾਚੌਰੀ ਵਿੱਚ ਚਮਾਰਾਂ ਨੇ 4 ਫਰਵਰੀ, 1922 ਨੂੰਚੌਰੀਚੌਰਾ ਵਿੱਚ ਬੈਰਿਟਿਸ਼ ਸਰਕਾਰ ਦੀ ਇੱਕ ਪੁਲਿਸ ਚੌਕੀ ਨੂੰ ਭਾਰਤੀ ਚਮਾਰਾਂ ਨੇ ਅੱਗ ਲਾ ਦਿੱਤੀ ਸੀ, ਜਿਸ ਵਿੱਚ ਲੁਕੇ ਹੋਏ 22 ਪੁਲਿਸ ਮੁਲਾਜ਼ਮ ਜ਼ੈਦਾ ਜ਼ਲ਼ ਕੇ ਮਰ ਗਏ ਸਨ। ਇਹ ਘਟਨਾ ਚੌਰੀਚੌਰਾ ਦੀ ਘਟਨਾ ਵਜੋਂ ਜਾਣੀ ਜਾਂਦੀ ਹੈ ਅਤੇ ਅੰਗਰੇਜਾਂ ਨੂੰ ਸ਼ੱਕ ਸੀ ਕਿ ਮਹਾਨ ਮਦਾਰੀ ਪਾਸੀ ਅਤੇ ਚੌਰਾਚੌਰੀ ਦੇ ਚਮਾਰ ਯੋਧਿਆਂ ਵਿਚਕਾਰ ਸੰਬੰਧ ਹੋ ਸਕਦਾ ਹੈ। (ਬਾਕੀ ਅਗਲੇ ਸਫੇ 'ਤੇ)

# ਗੁਰਦਵਾਰਾ ਪੈਸੇਫਿਕ ਕੋਸਟ ਸਿਲਮਾ ਵੱਲੋਂ ਸੰਤ ਈਸ਼ਰ ਸਿੰਘ ਰਾੜ੍ਹੇਵਾਲਿਆ ਦੀ ਬਰਸੀ ਸਰਧਾ ਭਾਵਨਾ ਨਾਲ ਮਨਾਈ ਗਈ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਦੇ ਲਾਗਲੇ ਸ਼ਹਿਰ ਸਿਲਮਾ ਦੇ ਗੁਰਦਵਾਰਾ ਪੈਸੇਫਿਕ ਕੋਸਟ ਵਿਖੇ ਲੰਘੇ ਐਂਤਵਾਰ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਹਿਬ ਵਾਲਿਆ ਦੀ 41ਵੀਂ ਬਰਸੀ ਸਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਜਿੱਥੇ ਵਿਸ਼ੇਸ਼ ਦੀਵਾਨ ਸਜਾਕੇ ਗੁਰੂ ਘਰ ਦੇ ਕੀਰਤਨੀਏ ਭਾਈ ਗੁਰਮੀਤ ਸਿੰਘ ਦੇ ਜੱਥੇ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਓਥੇ ਉਨ੍ਹਾਂ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਹਿਬ ਵਾਲ਼ਿਆ ਦੇ ਜੀਵਨ ਤੇ ਪੰਛੀ ਝਾਤ ਵੀ ਪਾਈ।

ਇਸ ਮੌਕੇ ਗੁਰੂ ਘਰ ਦੇ ਸੇਵਾਦਾਰ ਭਾਈ ਰਣਜੀਤ ਸਿੰਘ ਨਾਗਰਾ ਦੇ ਪੋਤਰੇ ਰੂਹੇਜਾਨ ਬਾਵਾ ਸਿੰਘ ਨਾਗਰਾ ਦੇ ਪਹਿਲੇ ਜਨਮ ਦਿਨ ਨੂੰ ਮੁੱਖ ਰੱਖਕੇ ਸ੍ਰੀ ਅਖੰਡ-ਪਾਠ ਸਹਿਬ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਗੁਰੂ ਗ੍ਰੰਥ ਸਹਿਬ ਜੀ ਅੱਗੇ ਨਤਮਸਤਕ ਹੋਈਆ।

# "ਅਵਧ ਕਿਸਾਨ ਵਿਦਰੋਹ, ਸ਼ਹੀਦ ਮਦਾਰੀ ਪਾਸੀ"

**(ਸਫਾ 29 ਦੀ ਬਾਕੀ)**

ਨੈਸ਼ਨਲ ਕਾਂਗਰਸ ਨੇ ਰਾਸ਼ਟਰੀ ਸੁਤੰਤਰਤਾ ਰਾਜਨੀਤਿਕ ਅੰਦੋਲਨ ਉੱਤੇ ਕਬਜਾ ਕਰ ਲਿਆ ਸੀ ਅਤੇ ਖੇਤਰੀ ਲੀਡਰਸ਼ੈਪ ਦੇ ਮੁਕਾਬਲੇ ਉਹ ਸਮਾਜਿਕ ਸਮਸਿਆਵਾਂ ਦੀ ਗਹਿਰਾਈ ਤੋਂ ਦੂਰ ਸਨ । ਪਰ ਦੂਜਾ ਪਾਸੇ ਛੋਟੀਆਂ ਛੋਟੀਆਂ ਖੇਤਰੀ ਲੀਡਰਸ਼ੈਪ ਅਤੇ ਸੰਸਥਾਵਾਂ ਜੋ ਆਮ ਪੇਂਡੂ ਭਾਰਤੀਆਂ ਦੀ ਸਮੱਸਿਆ ਨੂੰ ਅੱਗੇ ਵਧਾਉਣ ਲਈ ਪੈਰੇਰਿਤ ਹੋਈਆਂ, ਉਹਨਾਂ ਵਿਚੋਂ ਇੱਕ ਸੀ ਮਦਾਰੀ ਪਾਸੀ ਦੀ ਲਹਿਰ। ਕ੍ਰਾਂਤੀਕਾਰੀਆਂ ਸ਼ੈਵ ਵਰਮਾ, ਜੈਦੇਵ ਕਪੂਰ ਅਤੇ ਕਾਮਰੇਡ ਸ਼ਿਵਕੁਮਾਰ ਮਿਸ਼ਰਾ ਵਰਗੇ ਕਾਰਕੁਨ ਵੀ ਮਦਾਰੀ ਨਾਲ ਚੰਗੇ ਰਖਦੇ ਸਬੰਧ ਸਨ।

ਅਵਧ ਖੇਤਰ ਵਿਚ ਜ਼ੈਮੀਂਦਾਰਾਂ ਦੇ ਜ਼ੁਲਮ ਤੋਂ ਪੈਦਾ ਹੋਈ ਕਿਸਾਨੀ ਲਹਿਰ ਵੱਖ-ਵੱਖ ਖਿੱਤਿਆਂ ਵਿਚ ਵੱਖ-ਵੱਖ ਨਾਵਾਂ ਹੇਠ ਪੈਰਫੁੱਲਤ ਹੋਈ। ਪੈਰਤਾਪਗੜ ਵਿੱਚ ਇਸਦਾ ਨਾਮ ਤੀਸਾ ਲਹਿਰ ਸੀ ਅਤੇ ਇਸਦੇ ਨਾਇਕ ਰਾਮਚੰਦਰ ਇੱਕ ਕਿਸਾਨ ਸਨ। ਅਵਧ ਦੇ ਬਹੁਤ ਵੱਡੇ ਇਲਾਕੇ ਦਾ ਸੰਦੀਲਾ ਦੇ ਕਿਸਾਨਾ ਨੇ ਮਦਾਰੀ ਪਾਸੀ ਨਾਲ ਜੁੜਕੇ ਇਕ ਵੱਡਾ ਅੰਦੋਲਨ ਬਣਾ ਦਿਤਾ ਸੀ। ਇਸ ਲਹਿਰ ਦੀ ਇਤਿਹਾਸਕ ਮਹੱਤਤਾ ਹੈ ਕਿਉਂਕਿ ਪੁਰਾਣੇ ਸਮੇਂ ਦੇ ਦਲਿਤ ਸਮਾਜ ਦੀਆਂ ਜ਼ਮੀਨਾਂ ਨਾਲ ਸਬੰਧਤ ਸਮੱਸਿਆਵਾਂ ਅਤੇ ਉਹਨਾਂ ਨੂੰ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਵੀ ਸੱਚ ਹੈ ਕਿ ਮਦਾਰੀ ਪਾਸੀ ਨੂੰ ਬਣਦਾ ਮਾਣ ਸਤਿਕਾਰ ਇਤਿਹਾਸ ਵਿੱਚ ਨਹੀਂ ਮਿਲ ਸਕਿਆ ਜਿਸਦਾ ਉਹ ਹੱਕਦਾਰ ਸੀ।

ਉਸਨੇ ਉੱਤਰ ਪ੍ਰਦੇਸ਼ ਦੇ ਹਰਦੋਈ, ਬਹਰਾਇਚ ਅਤੇ ਸੀਤਾਪੁਰ ਜ਼ੈਲੈਹਿਆਂ ਵਿੱਚ ਮਾਲੀਆ ਵਧਾਉਣ ਅਤੇ ਮਾਲੀਆ ਦੇ ਰੂਪ ਵਿੱਚ ਉਪਜ ਉੱਤੇ ਲਗਾਨ ਵਧਾਉਣ ਲਈ ਅਵਧ ਦੇ ਕਿਸਾਨਾਂ ਨੂੰ ਸੰਗਠਿਤ ਕਰਕੇ 'ਏਕਾ ਅੰਦੋਲਨ' ਦੇ ਨਾਮ 'ਤੇ ਅੰਦੋਲਨ ਕੀਤਾ। ਇਸ ਅੰਦੋਲਨ ਦੀ ਮੁੱਖ ਗੱਲ ਇਹ ਸੀ ਕਿ, ਅਸੀਂ ਕਿਸੇ ਨੂੰ ਜ਼ਬਰਦਸਤੀ ਲਗਾਨ ਨਹੀਂ ਦੇਵਾਂਗੇ, ਬਿਨਾਂ ਰਸੀਦ ਦੇ ਮਾਲੀਆ ਨਹੀਂ ਦੇਵਾਂਗੇ, ਅਸੀਂ ਹਰ ਸਥਿਤੀ ਵਿਚ ਸੰਗਠਿਤ ਹੋਵਾਂਗੇ। ਮਦਾਰੀ ਪਾਸੀ ਜੀ ਦੀ ਅਗਵਾਈ ਹੇਠ ਇਸ ਅੰਦੋਲਨ ਨੂੰ ਵੱਡੀ ਸਫਲਤਾ ਮਿਲੀ। ਆਮ ਆਦਮੀ ਅਤੇ ਦੱਬੇ-ਕੁਚਲੇ ਲੋਕ ਉਸ ਨੂੰ ਮਸੀਹਾ ਮੰਨਣ ਲੱਗ ਪਏ ਅਤੇ ਇਸ ਤਰਾਂ ਉਸ ਦੀ ਤਾਕਤ ਵਧਣ ਲੱਗੀ। ਮਦਾਰੀ ਪਾਸੀ ਜੀ ਅਤੇ ਏਕਾ ਅੰਦੋਲਨ ਨੂੰ ਮਜਬੂਤ ਕਰਨ ਵਾਲੀ ਸੰਸਥਾ ਦੀ ਵਧਦੀ ਲੋਕਪੈਰਿਅਤਾ ਦੇ ਕਾਰਨ ਬੈਰਿਟਿਸ਼ ਸਰਕਾਰ ਨੂੰ ਕਿਸਾਨਾਂ ਨੂੰ ਮਾਲੀਆ ਵਿੱਚ ਭਾਰੀ ਛੋਟ ਦੇਣੀ ਪਈ ਸੀ।

ਉਹ 'ਏਕਾ ਅੰਦੋਲਨ' ਸਵਰਾਜ ਦਾ ਅੰਦੋਲਨ ਸੀ ਉਸ ਦੀ ਸਫਲਤਾ 'ਤੇ ਉਹ ਜਨਨਾਇਕ ਦੇ ਤੌਰ ਤੇ ਜਾਣਿਆ ਜਾਣ ਲੱਗਾ। ਪਰੰਤੂ ਸਾਨੂੰ ਬੜੇ ਅਫਸੋਸ ਨਾਲ ਕਹਿਣਾ ਪਵੇਗਾ ਕਿ ਕਿਸਾਨੀ ਕੈਰਾਂਤੀ ਦੇ ਪਿਤਾ ਅਤੇ ਕਿਸਾਨੀ ਦੇ ਇਸ ਮਸੀਹਾ ਨੂੰ ਇਤਿਹਾਸ ਵਿੱਚ ਕੋਈ ਥਾਂ ਨਹੀਂ ਮਿਲੀ ਹੈ।ਭਾਰਤੀ ਸਮਾਜ ਪਾਸੀ ਸਮਾਜ ਵਿੱਚ ਜਨਮੇ ਇਸ ਇਨਕਲਾਬੀ ਯੋਧੇ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਸਾਰਿਆਂ ਨੂੰ ਅਪੀਲ ਕਰਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਹਨਾਂ ਵੱਲੋਂ ਕਿਸਾਨਾਂ ਦੀ ਮੁਕਤੀ ਅਤੇ ਸਨਮਾਨ ਲਈ ਕੀਤੇ ਜਾ ਰਹੇ ਅਤੇ ਉਸ ਲਈ ਕੰਮ ਕਰਨ ਵਾਲੇ ਸੂਰਬੀਰਾਂ ਦੀਆਂ ਗਾਥਾਵਾ ਨੂੰ ਜਨ ਜਨ ਤੱਕ ਪਹੁੰਚਣ ਲਈ ਜੋ ਕਰ ਸਕਦੇ ਹਨ ਕਰਨ। 60 ਸਾਲ ਦੀ ਉਮਰ ਵਿੱਚ, ਮਦਾਰੀ ਪਾਸੀ ਨੇ ਮਦਾਰੀ ਪਾਸੀ ਨੂੰ ਕੇਂਦਰ ਵਿੱਚ ਰੱਖਦਿਆਂ ਕਿਸਾਨੀ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਇੱਕ ਅੰਦੋਲਨ ਦੀ ਸ਼ੁਰੂਆਤ ਕੀਤੀ। ਇਸ ਸਬੰਧ ਵਿੱਚ ਕਾਮਨਾਥ ਨੇ 'ਕਾਲ ਕਥੋਂ ਨਾਂ ਦੇ ਨਾਵਲ ਵਿੱਚ ਵੇਰਵਾ ਦਿਤਾ ਹੈ।ਉਹ ਇਤੇਹਾਸ ਵਿੱਚੋਂ ਗਾਇਬ ਹੋ ਚੁੱਕੇ ਜਾਂ ਕਰ ਦਿਤੇ ਗਏ ਯੋਧਿਆਂ ਦੀ ਜਾਣਕਾਰੀ ਦੀ ਖੋਜ਼ ਕੀਤੀ ਜਾ ਰਹੀ ਹੈ।

1922 ਦੌਰਾਨ ਲਿਖੇ ਕੁਝ ਦਸਤਾਵੇਜ਼ਾਂ ਤੋਂ ਪ੍ਰਾਪਤ ਜਾਣਕਾਰੀ, ਅਤੇਅੱਜ ਤੋਂ 100 ਸਾਲ ਪਹਿਲਾਂ 1920 ਵਿਆਂ ਵਿਚ ਛਪੀਆਂ ਅਖਬਾਰਾਂ ਦੀਆਂ ਖ਼ਬਰਾਂ ਉਸ ਦੀਆਂ ਸਰਬਪੱਖੀ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੀਆਂ ਹਨ। ਪ੍ਰਾਪਤ ਕੀਤੀ ਜਾਣਕਾਰੀ ਨੂੰ ਹੁਣ ਤੱਕ ਵਧੇਰੇ ਸਾਰਥਕ ਬਣਾਉਣ ਲਈ ਅਤੇ ਮਦਾਰੀ ਪਾਸੀ ਜੀ ਨੂੰ ਹੋਰ ਜਾਣਨ ਲਈ, ਉਹਨਾਂ ਦੇ ਪਿੱਛੇ ਸਬੰਧ ਜੋੜਨ ਦੀ ਕੋਸ਼ੈਸ਼ ਕੀਤੀ ਗਈ, ਉਹ ਕੌਣ ਸਨ? ਕਿਥੇ ਦੇ ਸੀ? ਟੁੱਟੇ ਲਿੰਕ ਜੋੜ ਕੇ ਉਹਨਾਂ ਬਾਰੇ ਦਿਲਚਸਪ ਤੱਥ ਸਾਹਮਣੇ ਆਏ ਹਨ।

**... ਅਹੀਰੋਰੀ ਦੀ ਘਟਨਾ।।**

"Gazetteer of the Province of Oudh, Volume 2,page, 244,245 -1841 colonel low ਅਹੀਰੋਰੀ ਦੇ ਬਾਗ਼ੀਆਂ ਨੂੰ ਫੜਨ ਲਈ ਇੱਕ ਵਿਸ਼ੇਸ਼ ਹੁਕਮ ਪਾਸ ਕੀਤਾ ਗਿਆ ਹੈ, ਇਹ ਇਲਾਕਾ ਪਾਸੀਆਂ ਨਾਲ ਭਰਿਆ ਹੋਇਆ ਹੈ, ਜਿਸ ਨੂੰ ਬੈਰਿਟਿਸ਼ ਵਾਲਿਆਂ ਨੇ ਡਾਕੂ ਕਿਹਾ,.... ਕਪਤਾਨ ਹੋਲਿੰਗ 3 ਫਰਠਬ ਜਆਂ ਲੈਕੇ ਅੱਧੀ ਰਾਤਵਿਦਰੋ-ਹੀਆਂ ਦੀ ਬਗਾਵਤ ਨੂੰ ਦਬਾਉਣ ਲਈ ਰਾਤ ਨੂੰ ਉੱਤੇ ਪਹੁੰਚੇ, ਪਰ ਟਕਰਾਅ ਸ਼ੁਰੂ ਹੋ ਗਿਆ, ਗੋਲੀਬਾਰੀ ਦੀ ਆਵਾਜ਼ ਸੁਣ-ਦਿਆਂ ਹੀ ਪਾਸੀ ਇਕੱਠੇ ਹੋ ਗਏ ਅਤੇ ਖਿੰਡੇ ਹੋਏ ਅੰਗਰੇਜ਼ ਸਿਪਾਹੀਆਂ ਨੂੰ ਮਾਰ ਦਿੱਤਾ।"

ਉਪਰੋਕਤ ਸਿਰਫ 1841 ਦੀ ਇਕ ਅਹੀਰੋਰੀ ਘਟਨਾ ਦੀ ਉਦਾਹਰਣ ਦਿੱਤੀ ਹੈ ਤਾਂ ਜੋ ਸਮਝਿਆ ਜਾ ਸਕੇ ਕਿ ਅਹੀਰੋਰੀ ਬੈਰਿਟਿਸ਼ ਦੀ ਨਜ਼ਰ ਵਿਚ ਬਾਗ਼ੀਆਂ ਦਾ ਗੜੈਹ ਸੀ ਅਤੇ ਉਹ ਇਲਾਕਾ ਪਾਸੀਆਂ ਨਾਲ ਭਰਿਆ ਹੋਇਆ ਸੀ, ਅਤੇ ਵਿਸ਼ੇਸ਼ ਗੱਲ ਇਹ ਹੈ ਕਿ ਮਦਾਰੀ ਪਾਸੀ ਅਹੀਰੋਰੀ ਖੇਤਰ ਯਾਨੀ ਬਾਗ਼ੀਆਂ ਨਾਲ ਸਬੰਧਤ ਸੀ। ਬਾਗੀਪਾਣਾ ਉਸਦੇ ਲਹੂ ਵਿੱਚ ਸੀ। ਉਹਨਾਂ ਦਿਨਾਂ ਵਿਚ, ਕਿਸੇ ਵੀ ਮਨੁੱਖ ਨੂੰ ਬਾਗੀ ਬਨਾਉਣਾ ਮੁੱਖ ਧੁਰਾ ਸੀ।

ਵਿਸ਼ਵਾਸ ਕਰੋ ਕਿ ਮਦਾਰੀ ਪਾਸੀ ਦਾ ਵਿਅਕਤਿਤਵ ਕਹਿ ਰਿਹਾ ਹੋਵੇ ਕਿ ਅਸੀਂ ਹਥਿਆਰ ਛੱਡ ਦਿੱਤੇ ਹਨ, ਚਲਾਉਣਾ ਨਹੀਂ ਭੁੱਲੇ, ਅਤੇ ਜਦੋਂ ਘੜੀ ਆਵੇਗੀ ਤਾਂ ਹਥਿਆਰ ਚੁੱਕ ਸਕਦੇ ਹਾਂ। ਮਦਾਰੀ ਪਾਸੀ 1920 ਦੇ ਦਹਾਕੇ ਵਿਚ ਉਸ ਦੀ ਉਮਰ ਬੁਢਾਪੇ ਵੱਲ ਵਧ ਰਹੀ ਸੀ ਅਤੇ ਉਹਨਾਂ ਬੁੱਢੀਆਂ ਹੱਡੀਆਂ ਨੇ ਦਿਖਾਇਆ ਕਿ ਇਕ ਆਮ ਆਦਮੀ ਕੀ ਨਹੀਂ ਕਰ ਸਕਦਾ ਅਤੇ ਸਾਬਤ ਕਰ ਦਿੱਤਾ ਕਿ "ਇਨਕਲਾਬ ਲਈ ਕੋਈ ਉਮਰ ਦੀ ਰੋਕ ਟੋਕ ਨਹੀਂ ਹੁੰਦੀ, ਇਨਕਲਾਬ ਦਾ ਕੋਈ ਯੁੱਗ ਨਹੀਂ ਹੁੰਦਾ, ਅਤੇ ਜਿਥੇ ਅੱਤਿਆਚਾਰ ਹੁੰਦਾ ਹੈ, ਉੱਤੇ ਦੋ ਚੀਜ਼ਾਂ ਹੁੰਦੀਆਂ ਹਨ ਡਰ ਕੇ ਜਿੰਦਾ ਰਹੋ, ਜਾਂ ਬਗਾਵਤ ਕਰ ਕੈਰਾਂਤੀ ਦੀ ਮਸ਼ਾਲ ਜਗਾਓ, ਅਤੇ ਇਨਕਲਾਬ ਕਰੋ। ਇਨਕਲਾਬ ਉਸ ਸਮੇ ਤਕ ਸਫ਼ਲ ਨਹੀਂ ਹੋ ਸਕਦਾ ਜਦੋਂ ਤਕ ਅੰਦੋਲਨ ਨਾਲ ਆਮ ਜੰਤਾ ਨਹੀਂ ਜੁੜਦੀ। ਉਸਨੇ ਨਿਸ਼ਚਤ ਰੂਪ ਵਿੱਚ ਇਹ ਹਿੰਮਤ ਆਪਣੇ ਪੁਰਖਿਆਂ ਕੋਲੋਂ ਪ੍ਰਾਪਤ ਕੀਤੀ, ਜੋ ਉਸਨੂੰ ਬਚਪਨ ਵਿੱਚ ਵੇਖਿਆ ਜਦੋਂ ਉਹਨਾਂ ਉੱਤੇ ਜ਼ੁਲਮ ਹੁੰਦਾ ਸੀ।

ਬ੍ਰਿਟਿਸ਼ ਸਰਕਾਰ ਨੇ ਅੰਦੋਲਨ ਨੂੰ ਬਹੁਤ ਜੁਲਮ ਕਰਕੇ ਦਬਾ ਦਿੱਤਾ, ਅਤੇ ਗਾਂਧੀ ਜੀ ਦਾ ਉਸ ਸਮੇਂ ਅਸਹਿਯੋਗ ਅੰਦੋਲਨ, ਏਕਾ ਲਹਿਰ ਦੇ ਸਾਹਮਣੇ ਧੁੰਦਲਾ ਹੋਣ ਜਾ ਰਿਹਾ ਸੀ, 'ਏਕਾ' ਲਹਿਰ ਜੋ ਤੇਜ਼ ਰਫਤਾਰ ਨਾਲ ਫੈਲ ਰਹੀ ਸੀ, ਅਸਹਿਯੋਗ ਅੰਦੋਲਨ ਤੋਂ ਕਿਤੇ ਅੱਗੇ ਸੀ। ਕਾਂਗਰਸ ਨੇ ਅੰਗਰੇਜਾਂ ਦੀ ਮਿਲੀਭੁਗਤ ਮਦਾਰੀ ਪਾਸੀ ਦੀ ਏਕਾ ਲਹਿਰ ਨੂੰ ਦਬਾ ਦਿਤਾ ਗਿਆ। ਜੇ ਇਹ ਨਾ ਵਾਪਰਿਆ ਹੁੰਦਾ, ਤਾਂ ਕੀ ਹੋਣਾ ਸੀ। ਇਕ ਤਰਾਂ ਨਾਲ, ਕੋਈ ਕਹਿ ਸਕਦਾ ਹੈ ਕਿ ਅਸਹਿਯੋਗ ਅੰਦੋਲਨ ਏਕਾ ਅੰਦੋਲਨੋਂ ਨੂੰ ਫੇਲ ਕਰਨ ਨਾਲ ਹੀ ਕੁੱਝ ਪਾਸ ਹੋਇਆ।ਮਦਾਰੀ ਪਾਸੀ ਦੀ ਇਹ ਇਨਕਲਾਬੀ ਲਹਿਰ ਨੇ ਮਰੇ ਲੋਕਾਂ ਵਿੱਚ ਜਾਨ ਪਾ ਦਿੰਦੀ ਹੈ, ਏਕਾ ਲਹਿਰ ਪਹਿਲਾਂ ਕਦੇ ਨਹੀਂ ਦੇਖੀ ਗਈ ਸੀ ਨਾਂ ਫਿਰ ਕਦੇ ਵੇਖੀ ਗਈ ਅਤੇ ਨਾ ਹੀ ਕਦੇ ਹੋਈ ਸੀ।

**ਲਹਿਰ ਦੀ ਸ਼ੁਰੂਆਤ–** ਏਕਾ ਲਹਿਰ ਦੀ ਇਨਕਲਾਬੀ ਲਹਿਰ 28 ਦਸੰਬਰ 1921 ਨੂੰ ਪਿੰਡ ਮਲੇਹਰਾ ਤੋਂ ਸ਼ੁਰੂ ਹੋਈ। ਕਿਸਾਨਾਂ ਨੇ ਜ਼ੈਲੈਹੇ ਦੇ ਘਰ ਨੂੰ ਘੇਰ ਲਿਆ। ਇਹ ਘੇਰਾਬੰਦੀ ਗ਼ੈਰਕਾਨੂੰਨੀ ਟੈਕਸ ਉਗਰਾਹੀ ਬਾਰੇ ਸੀ। ਘੇਰਾਬੰਦੀ ਵਿਚ ਤਕਰੀਬਨ 500 ਕਿਸਾਨਾਂ ਨੇ ਹਿੱਸਾ ਲਿਆ। ਇਸ ਘੇਰਾਬੰਦੀ ਨੂੰ ਰਾਜ ਦੀ ਸੈਨਾ ਨੇ ਕੁਚਲ ਦਿੱਤਾ ਸੀ।

ਅਜਿਹੀਆਂ ਉਦਾਹਰਣਾਂ ਆਈਆਂ ਹਨ ਜਦੋਂ ਲੋਕਾਂ ਨੇ ਏਕਾ ਦੀ ਸਹੁੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਬਹੁਤ ਸਾਰੇ ਸਹੁੰ ਚੁੱਕਣ ਲਈ ਮਜਬੂਰ ਹੋਏ ਸਨ। ਕੁਝ ਪਿੰਡਾਂ ਵਿਚ, ਏਕਾ ਵਾਲਿਆਂ ਨੇ ਪੰਚਾਇਤਾਂ ਬਣਾਈਆਂ ਹਨ ਅਤੇ ਇਕ ਪਿੰਡ ਵਿਚ, ਜਿੱਥੇ ਰਾਜਨੀਤਿਕ ਮਾਹੌਲ ਕੁਝ ਗਰਮ ਕੀਤੀ ਓਥੇ ਉਸਨੇ ਆਪਣੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਪੁਲਿਸ ਸੁਪਰਡੈਂਟ ਅਤੇ ਸ਼ਹਿਰ ਕੋਤਵਾਲ ਬਣਾਏ। ਅਸਹਿਯੋਗ ਅੰਦੋਲਨਕਾਰੀ ਵੀ ਇਸ ਨਵੀਂ ਲਹਿਰ ਦੇ ਵਿਕਾਸ ਬਾਰੇ ਕੁਝ ਚਿੰਤਤ ਦੱਸੇ ਜਾ ਰਹੇ ਸਨ ਜੋ ਉਹਨਾਂ ਦੇ ਕਾਬੂ ਤੋਂ ਬਾਹਰ ਹੋ ਰਹੇ ਹਨ। ਜਿਮੀਂਦਾਰਾਂ ਨੂੰ ਖਦਸ਼ਾ ਹੈ ਕਿ ਨਵੇਂ 'ਏਕਾ ਵਾਲਿਆਂ' ਦਾ ਉਦੇਸ਼ ਉਹਨਾਂ ਨੂੰ ਉਹਨਾਂ ਦੀ ਰਾਜ-ਸ਼ੈਲੀ ਤੋਂ ਬੇਦਖਲ ਕਰਨਾ ਹੈ। ਉਹ ਸੋਚ ਰਹੇ ਹਨ ਕਿ ਇਹ ਲਹਿਰ ਨਿਸ਼ਚਤ ਤੌਰ ਤੇ ਕੈਰਾਂਤੀ ਅਤੇ ਅਰਾਜਕਤਾ ਵੱਲ ਵਧ ਰਹੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜ਼ੈਲੇ ਵਿਚ ਇਕ ਹਜ਼ਾਰ ਤੋਂ ਵੱਧ ਗੈਰ-ਲਾਇਸੰਸਸ਼ੁਦਾ ਹਥਿਆਰ ਹਨ।

'ਦਿ ਸਕਾਟਸਮੈਨ' (ਸ਼ਨੀਵਾਰ, 11 ਮਾਰਚ 1922) ਏਕਾ ਦੇ ਅਨੁਸਾਰ ਇੱਕ ਸਾਲ ਪਹਿਲਾਂ ਹੋਏ ਅਵਧ ਕਿਸਾਨੀ ਬਗ਼ਾਵਤ ਨਾਲੋਂ ਵਧੇਰੇ ਗੰਭੀਰ ਸੀ। ਮਦਾਰੀ ਪਾਸੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਲੇਖਕ ਸੁਭਾਸ਼ ਚੰਦਰ ਕੁਸ਼ਵਾਹਾ ਦੀ ਕਿਤਾਬ 'ਕਿਸਾਨ ਵਿਦਰੋਹ ਅਵਧ (1920-1922)' ਵਿਚੋਂ ਅਤੇ ਕੁੰਵਰ ਪੈਰਤਾਪ ਰਾਵਤ ਦੀਆਂ ਲਿਖਤਾਂ ਅਤੇ ਹੋਰ ਕਈ ਛੋਟੀ ਛੋਟੀ ਲਿਖਤਾਂ ਤੋਂ ਮਿਲਦੀ ਹੈ।

ਸਕੌਟਸਮੈਨ ਨੇ ਸ਼ਨੀਵਾਰ, 11 ਮਾਰਚ 1922 ਨੂੰ ਦੋ ਖ਼ਬਰਾਂ ਪੈਰਕਾਸ਼ਤ ਕੀਤੀਆਂ। ਉਹਨਾਂ ਖ਼ਬਰਾਂ ਦੇ ਅਨੁਸਾਰ, ਮਦਾਰੀ ਪਾਸੀ ਅਤੇ ਉਸ ਦੇ ਪਰਿਵਾਰਕ ਮੈਂਬਰ ਪਹਿਲਾਂ ਪਿੰਡ ਦਾ ਪਹਿਰਾ ਦੇਣ ਦਾ ਕੰਮ ਕਰਦੇ ਸਨ। ਅਖਬਾਰ ਦੇ ਅਨੁਸਾਰ, ਉਹ ਇੱਕ ਸਾਬਕਾ ਅਪਰਾਧੀ ਸੀ। ਬ੍ਰਿਟਿਸ਼ ਸਰਕਾਰ ਮਦਾਰੀ ਪਾਸੀ ਤੋਂ ਹੀ ਡਰਦੀ ਸੀ। ਇਹੀ ਕਾਰਨ ਹੈ ਕਿ ਕਿਸੇ ਵੀ ਬ੍ਰਿਟਿਸ਼ ਅਖਬਾਰ ਵਿੱਚ ਕਿਸੇ ਹੋਰ ਕਿਸਾਨ ਆਗੂ ਦਾ ਨਾਮ ਨਹੀਂ ਵੇਖਿਆ ਜਾਂਦਾ, ਜਦੋਂ ਕਿ ਮਦਾਰੀ ਪਾਸੀ ਨੂੰ ਬਹੁਤ ਸਾਰੇ ਅਖਬਾਰਾਂ ਨੂੰ ਗੰਭੀਰਤਾ ਨਾਲ ਪਾਇਆ ਜਾਂਦਾ ਹੈ। ਲੰਡਨ ਦਾ ਇੱਕ ਅਖਬਾਰ ਲਿਖਦਾ ਹੈ ਕਿ 'ਇਹ ਲਹਿਰ ਹਰਦੋਈ, ਬਾਰਾਬੰਕੀ, ਸੀਤਾਪੁਰ ਅਤੇ ਸ਼ਾਹਜਹਾਂਪੁਰ ਵਿੱਚ ਫੈਲ ਗਈ। ਇਸ ਅੰਦੋਲਨ ਤੋਂ ਪੈਰਸ਼ਾਸਨ ਨੂੰ ਡਰ ਸੀ ਕਿ ਇਹ ਜਲਦੀ ਹੀ ਹੋਰ ਰਾਜਾਂ ਵਿਚ ਫੈਲ ਜਾਵੇਗਾ। ਜੀਮੀਂਦਾਰਾਂ ਨੇ ਸਾਫ ਕਿਹਾ ਕਿ ਉਹ ਇਸ ਸੰਗਠਨ ਦੀਆਂ ਅੱਤਵਾਦੀ ਗਤੀਵਿਧੀਆਂ ਤੋਂ ਡਰੇ ਹੋਏ ਹਨ।

ANTI-LANDLORD MOVMENT IN INDIA TIMES "TELIGRAM, PER THE PRESS ASSOCIATION

" Lucknow Thursday : , Aika , ਜਾਂ ਏਕਾ ਅੰਦੋਲਨ ਵਜੋਂ ਜਾਣਿਆ ਜਾਂਦਾ ਹੈ, ਵਧੇਰੇ ਚਿੰਤਾ ਅਤੇ ਚਿੰਤਾ ਦਾ ਕਾਰਨ ਹੈ, ਜੋ ਕਿ ਸੰਯੁਕਤ ਰਾਜ ਦੇ ਕੁਝ ਹਿੱਸਿਆਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ, ਇੱਕ ਖੇਤੀ ਲਹਿਰ ਹੈ। ਉਹਨਾਂ ਦੁਆਰਾ ਵਿਰੋਧ ਜ਼ੈਮੀਂਦਾਰ ਦੀ ਅਣਦੇਖੀ ਦੇ ਵਿਰੁੱਧ ਹੈ....... ਨਵੀਂ ਲਹਿਰ ਦਾ ਮੁੱਖ ਨੇਤਾ ਇੱਕ ਮਦਾਰੀ ਪਾਸੀ ਹੈ, ਇੱਕ ਨੀਵੀ ਜਾਤੀ ਦਾ ਆਦਮੀ ਜੋ ਪਹਿਲਾਂ ਇੱਕ ਪਿੰਡ ਦਾ ਚੌਕੀਦਾਰ ਸੀ, ਜੋ ਹੁਣ ਆਪਣੇ ਆਪ ਨੂੰ ਰਾਜਾ ਕਹਿ ਰਿਹਾ ਹੈ, ਜਿਸਨੂੰ 2000 ਦੇ ਲੋਕਾਂ ਦੀ ਭੀੜ ਦਾ ਆਗੂ ਹਨ ਜਿਹਨਾਂ ਕੋਲ ਲਾਠੀਆਂ, ਭੱਲੇ ਅਤੇ ਤੀਰ - ਕਮਾਨ ਹਨ, ਪਿੰਡਾਂ ਵਿੱਚ ਦਹਿਸ਼ਤ ਹੈ। ਉੱਤੇ ਮੌਜੂਦ ਭੀੜ ਸਾਰੇ ਬੰਦਿਆਂ 'ਤੇ ਵਫ਼ਾਦਾਰੀ ਦੀ ਸਹੁੰ ਤੇ ਦਸਤਖਤ ਕਰਨ ਲਈ ਦਬਾਅ ਪਾਉਂਦੀ ਹੈ ਅਤੇ ਆਪਣੀਆਂ ਫਸਲਾਂ ਅਤੇ ਇਮਾਰਤਾਂ ਨੂੰ ਢਾਹ ਕੇ ਅੰਦੋਲਨ ਵਿਚ ਸ਼ਾਮਲ ਹੋਣ ਲਈ ਮਜਬੂਰ ਹੈ। ਅਜੇ ਤੱਕ ਖੂਨ ਖਰਾਬਾ ਹੋਣ ਦੀ ਖਬਰ ਨਹੀਂ ਹੈ, ਪਰ ਮਦਾਰੀ ਅਤੇ ਉਸ ਦੇ ਸਹਿਯੋਗੀ ਨਿਰਪੱਖ ਤੌਰ 'ਤੇ ਇਕ ਵਿਸ਼ਾਲ ਖੇਤਰ ਦੇ ਮਾਲਕ ਜਾਪਦੇ ਹਨ, ਜਿਨੈਹਾਂ ਦਾ ਮੁੱਖ ਕੇਂਦਰ ਰਾਜਾਂ ਵਿਚ ਹਰਦੋਈ, ਸੰਦੀਲਾ ਅਤੇ ਬਾਰਾਬੰਕੀ ਹੈ। ਉੱਤੇ ਸਥਿਤੀ ਹੁਣ ਹਫੜਾ-ਦਫੜੀ ਵਾਲੀ ਹੈ।

ਮਦਾਰੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ੈਸ਼ ਅਸਫਲ ਹੋ ਗਈ ਹੈ, ਜਿਸ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਹੋਰਨਾਂ ਨੇਤਾਵਾਂ ਨਾਲ ਕੀਤੇ ਗਏ ਅੰਦੋਲਨ ਨੂੰ ਦਬਾਉਣਾ ਚਾਹੀਦਾ ਹੈ, ਕਿਉਂਕਿ ਗੁਆਂਢੀ ਸੂਬਿਆਂ ਵਿਚ ਪਹਿਲਾਂ ਤੋਂ ਹੀ ਅਜਿਹੀਆਂ ਲਹਿਰ ਦੀਆਂ ਅਫਵਾਹਾਂ ਹਨ।

ਉਪਰੋਕਤ ਖਬਰ, ਜੋ ਬੈਰਿਟਿਸ਼ ਅਖਬਾਰ 'ਦਿ ਗਲਾਸਗੋ ਹੇਰਲਡੋ ਦੁਆਰਾ ਪ੍ਰਕਾਸ਼ਤ ਕੀਤੀ ਗਈ ਸੀ, 10 ਮਾਰਚ, 1922 ਅਤੇ 'ਦਿ ਡੇਲੀ ਮੇਲ', 10 ਮਾਰਚ, 1922 – ਨੇ ਇਸ ਦੇ ਅਨੁਵਾਦ ਦਾ ਇੱਕ ਛੋਟਾ ਜਿਹਾ ਸੰਖੇਪ ਦਿੱਤਾ ਹੈ ਜਿਸ ਨਾਲ ਮਦਾਰੀ ਪਾਸੀ ਦੀ ਕਾਰਜਸ਼ੈਲੀ 'ਤੇ ਝਾਤ ਪਾਈ ਜਾ ਸਕਦੀ ਹੈ ਅਤੇ ਉਸ ਦੇ ਹੁਨਰ ਨੂੰ ਸਮਝ ਸਕਦੇ ਹਾਂ।

1922 ਦੇ ਅਖਬਾਰਾਂ ਅਨੁਸਾਰ ਜਿਹੜੀਆਂ ਜਾਣਕਾਰੀਆਂ ਮਿਲਦੀਆਂ ਹਨ ਉਹ ਬਹੁਤ ਸਾਹਸ ਅਤੇ ਉਤਸੁਕਤਾ ਪੈਦਾ ਕਰਦੀਆਂ ਹਨ ਕਿ ਏਕਾ ਅੰਦੋਲਨ ਅਤੇ ਮਦਾਰੀ ਪਾਸੀ ਦਾ ਜੋ ਵੀ ਮਹਾਨ ਇਤਿਹਾਸ ਸੀ। ਬ੍ਰਿਟਿਸ਼ ਅਖਬਾਰ 'ਦਿ ਗਲਾਸਗੋ ਹੇਰਲਡ', 10 ਮਾਰਚ, 1922 ਅਤੇ 'ਦਿ ਡੇਲੀ ਮੇਲ', 10 ਮਾਰਚ, 1922 ਨੇ ਇਹ ਖ਼ਬਰ ਪ੍ਰਕਾਸ਼ਤ ਕੀਤੀ ਸੀ–

ਏਕਾ ਹਰਦੋਈ ਦੀ ਏਕਾ ਲਹਿਰ ਦਾ ਵਿਕਾਸ ਬਿਨਾਂ ਸ਼ੱਕ ਖ਼ਤਰਨਾਕ ਹੈ, ਪਰ ਇਕ ਪਲ ਲਈ ਇਸ ਨੂੰ ਚਿੰਤਾਜਨਕ ਮੰਨਿਆ ਜਾ ਸਕਦਾ। ਇਸ ਦੀ ਅਪੀਲ ਦੀ ਨਵੀਨਤਾ, ਅਨਪੜੈਹ ਲੋਕਾਂ ਦੀ ਕਲਪਨਾ ਹੈ। ਮਦਾਰੀ ਪਾਸੀ ਇਸ ਦੇ ਨੇਤਾਵਾਂ ਵਿਚੋਂ ਇਕ ਹੈ ਜੋ ਚਾਰ ਆਨਾ ਪੈਰਤੀ ਦੇ ਹਿਸਾਬ ਨਾਲ ਮੈਂਬਰਸਿਪ ਟਿਕਟਾਂ ਵੇਚ ਰਿਹਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਮੈਂਬਰਸਿਪ ਧਾਰਕ (ਟਿਕਟ ਧਾਰਕ) ਨੂੰ ਸਵਰਾਜ ਮਿਲਣ 'ਤੇ ਜਮੀਨ ਦਾ ਅਧਿਕਾਰ ਦਿਤਾ ਜਾਵੇਗਾ। ਇਸ ਅੰਦੋਲਨ ਨੂੰ ਜਾਰੀ ਰੱਖਣ ਲਈ, ਅਮਲ ਵਿਚ ਗੰਗਾ ਜਲ ਲੈ ਕੇ ਏਕਾ ਬਣਾਈ ਰੱਖਣ ਦਾ ਸੰਕਲਪ ਲਿਆ ਗਿਆ ਹੈ।

ਏਕਾ ਅੰਦੋਲਨ ਵਿਚ ਕੋਈ ਵੀ ਉਪ ਮੰਡਲ ਮੈਜਿਸਟਰੇਟ ਦੀ ਸੇਵਾ ਕਰਨ ਲਈ ਤਿਆਰ ਨਹੀਂ ਸੀ। ਇਥੇ ਵੀ ਕਿਸਾਨਾਂ ਨੇ ਸਮਾਨਾਂਤਰ ਸ਼ਕਤੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਉਹਨਾਂ ਨੇ ਆਪਣੇ ਅਧਿਕਾਰੀ ਖੁਦ ਨਿਯੁਕਤ ਕੀਤੇ। ਕਾਂਗਰਸੀਆਂ ਨੇ ਏਕਾ ਅੰਦੋਲਨ ਨੂੰ ਰੋਕਣ ਲਈ ਹਰ ਕੋਸ਼ਿਸ਼ ਕੀਤੀ ਪਰ ਤੇਜ਼ੀ ਨਾਲ ਫੈਲ ਰਹੀ ਏਕਾ ਅੰਦੋਲਨ ਨੂੰ ਰੋਕਣ ਵਿੱਚ ਅਸਫਲ ਰਹੀ। ਜਗੀਰਦਾਰਾਂ ਅਤੇ ਵਕੀਲਾਂ ਦੀ ਇਕ ਸੰਗਠਨ ਹਰਦੋਈ ਸੰਵਿਧਾਨਕ ਲੀਗ ਨੇ 22 ਫਰਵਰੀ 1922 ਨੂੰ ਏਕਾ ਅੰਦੋਲਨ ਕਾਰਨ ਪੈਦਾ ਹੋਈ ਸਥਿਤੀ ਨੂੰ ਵਿਚਾਰਿਆ। ਇਹ ਕਾਂਗਰਸੀ ਲੋਕ ਏਕਾ ਅੰਦੋਲਨ ਦੀ ਸ਼ੁਰੂਆਤ ਨੂੰ ਮਾੜੇ ਚਾਲ-ਚਲਣ ਅਤੇ ਗੈਰ-ਜ਼ੈਮੇਵਾਰ ਲੋਕਾਂ ਦਾ ਕੰਮ ਕਹਿੰਦੇ ਸਨ। ਉਹ 25 ਫਰਵਰੀ 1921 ਨੂੰ ਹਰਦੋਈ ਦੇ ਜਿਮੀਂਦਾਰ ਇਕ ਵਾਰ ਫਿਰ ਸੰਦੀਲਾ ਵਿਚ ਇਕੱਠੇ ਹੋਏ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ ਲੋਕ ਜਗੀਰਦਾਰ ਹਨ, ਉਹਨਾਂ ਨੂੰ ਏਕਾ ਅੰਦੋਲਨਕਾਰੀਆਂ ਬਚਾ ਲਈ ਸੁਰੱਖਿਆ ਦਿੱਤੀ ਜਾਵੇ। ਉਹਨਾਂ ਨੇ ਆਪਣੀ ਸੁਰੱਖਿਆ ਲਈ ਸਿਵਲ ਗਾਰਡ ਬਣਾਉਣ ਦਾ ਫੈਸਲਾ ਕੀਤਾ।

**ਮਦਾਰੀ ਪਾਸੀ ਦੇ ਜੀਵਨ ਬਾਰੇ**

ਮਦਾਰੀ ਪਾਸੀ, ਪੁੱਤਰ ਸ਼੍ਰੀ ਮੋਹਨ ਪਾਸੀ, ਗ੍ਰਾਮ-ਮੋਹਨਖੇੜਾ, ਮਜ਼ਰਾ-ਇਟੋਂਜਾ, ਤਹਿਸੀਲ- ਸੰਦੀਲਾ, ਜਨਪਦ-ਹਰਦੋਈ ਸੀ। ਮਦਾਰੀ ਪਾਸੀ ਦਾ ਜਨਮ 1860 ਦੇ ਆਸ ਪਾਸ ਹੋਇਆ ਹੋਣ ਦਾ ਅਨੁਮਾਨ ਹੈ। ਮਦਾਰੀ ਪਾਸੀ ਦੀ ਮੌਤ 1930 ਦੇ ਆਸ ਪਾਸ 70 ਸਾਲ ਦੀ ਉਮਰ ਵਿੱਚ ਹੋਈ। ਸੁਮਿਤ ਸਰਕਾਰ ਨੇ ਇਹ ਵੀ ਜ਼ਿਕਰ ਕੀਤਾ ਕਿ ਜੂਨ 1922 ਵਿੱਚ ਮਦਾਰੀ ਪਾਸੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਕਿਸੇ ਹੋਰ ਸਰੋਤ ਦੁਆਰਾ ਇਸ ਤੱਥ ਦੀ ਪੁਸ਼ਟੀ ਨਹੀਂ ਕੀਤੀ ਗਈ। ਬੈਰਿਟਿਸ਼ ਰਿਕਾਰਡ ਅਤੇ ਉਸ ਸਮੇਂ ਦੀਆਂ ਅਖਬਾਰਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਉਸ ਨੂੰ ਕਦੇ ਗੈਰਿਫਤਾਰ ਨਹੀਂ ਕੀਤਾ ਗਿਆ ਸੀ। ਜੇ ਉਸ ਨੂੰ ਗੈਰਿਫਤਾਰ ਕਰਕੇ ਮੁਕੱਦਮਾ ਚਲਾਇਆ ਜਾਂਦਾ, ਤਾਂ ਉਸਦਾ ਰਿਕਾਰਡ ਉਪਲਬਧ ਹੋ ਜਾਂਦਾ। ਅਹੀਰ, ਗਡਰੀਆ, ਤੇਲੀ, ਪਾਸੀ, ਚਮਾਰ, ਕਾਛੀ, ਆਰਖ ਅਤੇ ਗੱਦੀ ਵਰਗੀਆਂ ਅਣਗੌਲੀਆਂ ਜਾਤੀਆਂ ਮਦਾਰੀ ਪਾਸੀ ਦੀ ਏਕਾ ਲਹਿਰ ਵਿਚ ਹਿੱਸਾ ਲੈ ਰਹੀਆਂ ਸਨ।

ਮਦਾਰੀ ਪਾਸੀ ਦੀ ਕੋਈ ਫੋਟੋ ਉਪਲਬਧ ਨਹੀਂ ਹੈ। ਉਹਨਾਂ ਦੀ ਯਾਦ ਵਿਚ ਉੱਤਰ ਪ੍ਰਦੇਸ਼ ਦੇ ਹਰਦੋਈ ਜ਼ੈਲੇ ਦੇ ਮੋਹਨਖੇੜਾ ਵਿਚ ਇਕ ਮਟੀ ਨੁਮਾ ਸਥਾਨ ਬਣਾਇਆ ਗਿਆ ਹੈ ਅਤੇ ਸਥਾਨਕ ਲੋਕਾਂ ਦੁਆਰਾ ਦਿੱਤੇ ਗਏ ਵੇਰਵਿਆਂ ਦੇ ਅਧਾਰ ਤੇ ਇਕ ਤਸਵੀਰ ਬਣਾਈ ਗਈ।

ਏਕਾ ਅੰਦੋਲਨ ਅਤੇ ਮਦਾਰੀ ਪਾਸੀ ਦੇ ਦੋ ਸਾਥੀ-ਸੋਹਰਾਬ ਅਤੇ ਈਸ਼ਰਬਾਦੀ ਦਾ ਨਾਮ ਦਾ ਵੀ ਪਤਾ ਲੱਗ ਗਿਆ ਹੈ ਪਰ ਉਹਨਾਂ ਬਾਰੇ ਜ਼ਿਆਦਾ ਜਾਣਕਾਰੀ ਉਪਲਬਧ ਨਹੀਂ ਹੈ। ਹਰਦੋਈ ਦੇ ਮਸ਼ਹੂਰ ਇਨਕਲਾਬੀ ਸ਼ੈਵ ਵਰਮਾ ਦੀ ਮਦਾਰੀ ਪਾਸੀ ਦੇ ਏਕਾ ਲਹਿਰ ਨਾਲ ਜੁੜੇ ਸੰਗਠਨ ਵਿੱਚ ਸ਼ੈਵ ਵਰਮਾ ਦੀ ਕਿਤਾਬ "ਮੌਤ ਦਾ ਇੰਤਜ਼ਾਰ"ਦੇ ਮੁੱਖ ਪੰਨੇ 'ਤੇ ਜ਼ਿਕਰ ਗਿਆ ਹੈ।

ਸ਼ੈਵ ਵਰਮਾ ਭਗਤ ਸਿੰਘ ਨਾਲ ਜੁੜੇ ਹੋਏ ਸਨ। ਜਿਵੇਂ ਕਿ ਮਦਾਰੀ ਪਾਸੀ ਦੇ ਭਗਤ ਸਿੰਘ ਦੇ ਪਾਰਟੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਨਾਲ ਸਬੰਧ ਹੋਣਾ ਦੱਸਿਆ ਗਿਆ।

# ਸੰਸਥਾਨਾਂ ਦੇ ਨਾਮ ਬਦਲਣਾ ਕਮਿਸ਼ਨ ਦਾ ਫੈਸਲਾ ਅਧੂਰਾ



ਹਰਦੀਪ ਸਿੰਘ ਚੁੰਬਰ
91-94636-01616

ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੇ ਫੈਸ਼ਲਾ ਲਿਆ ਹੈ ਅਤੇ ਮਿਤੀ ਨੂੰ 22-9-2021 ਪੱਤਰ ਨੂੰ ਨ -ਸ2- ਡਸ ਡਸਸ 21/39564 ਰਹੀਂ ਹੁਕਮ ਜਾਰੀ ਕੀਤੇ ਕਿ ਨਗਰ ਕੌਂਸ਼ਲਾਂ/ ਨਗਰ ਪੰਚਾਇਤਾਂ/ ਵਿਦਿਅਕ ਸੰਸਥਾਵਾਂ/ ਮੁਹਲਿਆਂ/ ਬਸਤੀਆਂ/ ਗਲੀਆਂ / ਧਰਮਸ਼ਾਲਾਵਾਂ/ ਸੋਸਾਈਟੀਆਂ ਦੇ ਜਾਤੀ ਅਧਾਰਿਤ ਨਾਮ ਜੋ (ਅਪਮਾਨਜਨਕ) ਰੱਖੇ ਹੋਏ ਹਨ (ਜਿਵੇਂ ਕਿ ਉਧਾਰਨ ਦੇ ਤੌਰ ਤੇ ਪਿੰਡ ਦਾਨ ਚਮਾਰਹੇੜੀ, ਚੂਹੜ ਮਾਜਰਾ, ਬਾਜੀਗਰ ਬਸਤੀ, ਹਰੀਜਨ ਧਰਨਸ਼ਾਲਾ, ਹਰੀਜਨ ਸੋਸ਼ਾਈਟੀ, ਹਰੀਜਨ ਫਿਰਨੀ/ ਗਲੀ ਹਰੀਜਨ ਪ੍ਰਈਮਰੀ ਸਕੂਲ ਆਦਿ) ਜੋ ਐਸਸੀ ਨਾਮ ਉੱਤੇ ਰਖੇ ਗਏ ਹਨ ਕੇਵਲ ਉਹਨਾ ਨੂੰ ਬਦਲਣ ਦੀ ਹਦਾਇਤ ਦਿੱਤੀ ਹੈ।

ਬੇ ਸ਼ੱਕ ਇਹ ਨਾਮ ਬਦਲਣ ਦੇ ਪਿੱਛੇ ਜਾਤੀ ਦਾ ਨਾਮ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੇ ਸਾਮਜ ਵਿੱਚ ਅਮਾਨਜਨਕ ਮੰਨਦਿਆਂ ਹੋਇਆ ਲਿਆ ਗਿਆ ਹੈ, ਉਸ ਅਪਮਾਨ ਨੂੰ ਘੱਟ ਕਰਨ ਦੀ ਸਕਾਰਾਮਿਕ ਦਿਸ਼ਾ ਮੰਨਕੇ ਲਿਆ ਗਿਆ ਫੈਸ਼ਲਾ ਹੈ। ਇਸ ਫੈਸ਼ਲੇ ਤੋਂ ਸੰਕੇਤ ਮਿਲਦਾ ਹੈ ਕਿ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਐਸਸੀ ਸਮਾਜ ਦਾ ਸਮਾਜ ਵਿੱਚ ਅਪਮਾਨ ਘੱਟ ਕਰਨ ਦੀ ਕੋਸ਼ਿਸ ਕਰਨ ਲਈ ਹੀ ਲਿਆ ਗਿਆ ਹੈ, ਸਲਾਘਾ ਯੋਗ ਕਰਮ ਹੈ ਸਵਾਗਤ ਕਰਨਾ ਬਣਦਾ ਹੈ। ਸਰਕਾਰ ਭਾਰਤੀ ਸੰਵਿਧਾਨ 1949 ਵਿੱਚ ਆਰਟੀਕਲ 3 ਦੀ ਵਰਤੋਂ ਕਰਦੇ ਹੋਏ ਅਗ ਕੰਮ ਕਰਨ ਦਾ ਅਧਿਕਾਰ ਰਖਦੀ ਹੈ।

### ਭਾਰਤੀ ਸੰਵਿਧਾਨ 1949 ਵਿੱਚ ਆਰਟੀਕਲ 3

3. ਨਵੇਂ ਰਾਜਾਂ ਦਾ ਗਠਨ ਅਤੇ ਮੌਜੂਦਾ ਰਾਜਾਂ ਦੇ ਖੇਤਰਾਂ, ਸੀਮਾਵਾਂ ਜਾਂ ਨਾਵਾਂ ਵਿੱਚ ਤਬਦੀਲੀ: ਸੰਸਦ ਕਾਨੂੰਨ ਦੁਆਰਾ ਹੋ ਸਕਦੀ ਹੈ

(ਏ) ਕਿਸੇ ਵੀ ਰਾਜ ਤੋਂ ਖੇਤਰ ਨੂੰ ਵੱਖ ਕਰਕੇ ਜਾਂ ਦੋ ਜਾਂ ਵਧੇਰੇ ਰਾਜਾਂ ਜਾਂ ਰਾਜਾਂ ਦੇ ਹਿੱਸਿਆਂ ਨੂੰ ਜੋੜ ਕੇ ਜਾਂ ਕਿਸੇ ਵੀ ਖੇਤਰ ਨੂੰ ਕਿਸੇ ਵੀ ਰਾਜ ਦੇ ਹਿੱਸੇ ਨਾਲ ਜੋੜ ਕੇ ਇੱਕ ਨਵਾਂ ਰਾਜ ਬਣਾਓ;


(ਬੀ) ਕਿਸੇ ਵੀ ਰਾਜ ਦੇ ਖੇਤਰ ਵਿੱਚ ਵਾਧਾ;


(ਸੀ) ਕਿਸੇ ਵੀ ਰਾਜ ਦੇ ਖੇਤਰ ਨੂੰ ਘਟਾਉਣਾ;

(ਡੀ) ਕਿਸੇ ਵੀ ਰਾਜ ਦੀਆਂ ਹੱਦਾਂ ਨੂੰ ਬਦਲਣਾ;

(ਈ) ਕਿਸੇ ਵੀ ਰਾਜ ਦਾ ਨਾਮ ਬਦਲਣਾ; ਬਸ਼ਰਤੇ ਇਸ ਉਦੇਸ਼ ਲਈ ਕੋਈ ਵੀ ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਨਹੀਂ ਕੀਤਾ ਜਾਏਗਾ ਸਿਵਾਏ ਰਾਸ਼ਟਰਪਤੀ ਦੀ ਸਿਫਾਰਸ਼ ਦੇ ਅਤੇ ਜਦੋਂ ਤੱਕ, ਬਿੱਲ ਵਿੱਚ ਸ਼ਾਮਲ ਪ੍ਰਸਤਾਵ ਖੇਤਰ, ਸੀਮਾਵਾਂ ਜਾਂ ਕਿਸੇ ਵੀ ਰਾਜ ਦੇ ਨਾਮ ਨੂੰ ਪ੍ਰਭਾਵਤ ਨਹੀਂ ਕਰਦਾ, ਬਿੱਲ ਦਾ ਹਵਾਲਾ ਦਿੱਤਾ ਗਿਆ ਹੈ ਰਾਸ਼ਟਰਪਤੀ ਦੁਆਰਾ ਉਸ ਰਾਜ ਦੀ ਵਿਧਾਨ ਸਭਾ ਨੂੰ ਉਸ ਸਮੇਂ ਦੇ ਅੰਦਰ ਆਪਣੇ ਵਿਚਾਰ ਪ੍ਰਗਟਾਉਣ ਲਈ ਜਿਵੇਂ ਕਿ ਸੰਦਰਭ ਵਿੱਚ ਨਿਰਧਾਰਤ ਕੀਤਾ ਗਿਆ ਹੋਵੇ ਜਾਂ ਅਜਿਹੀ ਅਗਲੀ ਅਵਧੀ ਦੇ ਅੰਦਰ ਜਿਸਨੂੰ ਰਾਸ਼ਟਰਪਤੀ ਇਜਾਜ਼ਤ ਦੇ ਸਕਦਾ ਹੈ ਅਤੇ ਇਸ ਲਈ ਨਿਰਧਾਰਤ ਜਾਂ ਇਜਾਜ਼ਤ ਦੀ ਮਿਆਦ ਸਮਾਪਤ ਹੋ ਗਈ ਹੈ ਵਿਆਖਿਆ ਇਸ ਲੇਖ ਵਿੱਚ, ਵਿੱਚ ਧਾਰਾ (ਏ) ਤੋਂ (ਈ), ਰਾਜ ਵਿੱਚ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਸ਼ਾਮਲ ਹੁੰਦਾ ਹੈ, ਪਰੰਤੂ, ਰਾਜ ਵਿੱਚ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਸ਼ਾਮਲ ਨਹੀਂ ਹੁੰਦਾ ਸਪਸ਼ਟੀਕਰਨ ਧਾਰਾ (ਏ) ਦੁਆਰਾ ਸੰਸਦ ਨੂੰ ਦਿੱਤੀ ਗਈ ਸ਼ਕਤੀ ਵਿੱਚ ਇੱਕ ਨਵਾਂ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਦੀ ਸ਼ਕਤੀ ਸ਼ਾਮਲ ਹੁੰਦੀ ਹੈ ਕਿਸੇ ਵੀ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੇ ਕਿਸੇ ਹਿੱਸੇ ਨੂੰ ਕਿਸੇ ਹੋਰ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਨਾਲ ਜੋੜ ਕੇ।

ਇਸੇ ਤਰਾਂ ਦੇ ਫੈਸਲੇ ਕੇਂਦਰ ਅਤੇ ਰਾਜ ਸਰਕਾਰ ਆਪਣੇ ਅਧਿਕਾਰ ਖੇਤਰ ਵਿੱਚ ਲੈ ਸਕਦੀਆਂ ਹਨ। ਫੈਸ਼ਲਾ ਸੰਵਿਧਾਨ ਦੀ ਪ੍ਰਸਤਾਵਨਾ ਅਨੁਸਾਰ ਧਰਮ ਜਾਤੀ ਤੋਂ ਨਿਰਪੱਖ ਹੋਣਾ ਚਾਹੀਦਾ ਹੈ। ਭਾਰਤੀ ਸੰਵਿਧਾਨ ਅਜਿਹੇ ਹਰ ਇਕ ਤਰਾਂ ਦੀ ਕੰਮਾਂ ਅਤੇ ਕਾਰਵਾਈਆਂ ਉੱਤੇ ਰੋਕ ਲਾਉਂਦਾ ਹੈ ਜਿਹੜਾ ਸਮਾਜਿਕ ਏਕਤਾ ਅਖੰਡਤਾ ਨੂੰ ਨੁਕਸਾਨ ਪਹੁੰਚਾਉਂਦਾ ਹੋਵੇ।




ਪ੍ਰਸਤਾਵਨਾ ।

ਭਾਰਤ ਦਾ ਸੰਵਿਧਾਨ

ਅਸੀਂ, ਭਾਰਤ ਦੇ ਲੋਕ ਭਾਰਤ ਨੂੰ ਇਕ [ਪ੍ਰਭੁਤਾਧਾਰੀ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰੀ ਗਣਰਾਜ] ਬਣਾਉਣ ਲਈ ਅਤੇ ਉਸ ਦੇ ਸਭ ਨਾਗਰਿਕਾਂ ਨੂੰ :

ਸਮਾਜਕ, ਆਰਥਕ ਅਤੇ ਰਾਜਨੀਤਕ ਨਿਆਂ ;

ਵਿਚਾਰ ਪ੍ਰਗਟਾਉ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ ਸੁਤੰਤਰਤਾ ;

ਪ੍ਰਤਿਸ਼ਠਾ ਅਤੇ ਅਵਸਰ ਦੀ ਸਮਤਾ ਪ੍ਰਾਪਤ ਕਰਾਉਣ ਲਈ ;

ਅਤੇ ਉਨ੍ਹਾਂ ਸਭਨਾ ਵਿਚਕਾਰ

ਵਿਅਕਤੀ ਦਾ ਗੌਰਵ ਅਤੇ [ਕੌਮ ਦੀ ਏਕਤਾ ਅਤੇ ਅਖੰਡਤਾ] ਸੁਨਿਸ਼ਚਤ ਕਰਨ ਵਾਲੀ ਭਰਾਤਰਤਾ ਵਧਾਉਣ ਲਈ ;

ਦ੍ਰਿੜ੍ਹਮਨ ਹੋ ਕੇ ਆਪਣੀ ਸੰਵਿਧਾਨ ਸਭਾ ਵਿਚ ਨਵੰਬਰ, 1949, ਦੇ ਛੱਬੀਵੇਂ ਦਿਨ, ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ, ਐਕਟ, ਬਣਾਉਂਦੇ ਅਤੇ ਆਪਣੇ ਆਪ ਨੂੰ ਅਰਪਦੇ ਹਾਂ ।

ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਹ ਫੈਸ਼ਲਾ ਭਾਪੁਕਤਾ ਨਾਲ ਲਿਆ ਹੈ। ਚੰਗਾ ਹੁੰਦਾ ਜੇ ਕਰ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਇਹ ਫੈਸ਼ਲਾ ਲੈਂਣ ਤੋਂ ਪਹਿਲਾਂ ਭਾਰਤ ਦੇ ਕੇਵਲ ਦੋ ਰਾਜਾਂ ਤਾਮਿਲਨਾਡੂ ਅਤੇ ਮਹਾਂਰਾਸ਼ਟਰ ਸਰਕਾਰ ਦੀਆਂ ਉਧਾਰਨਾ ਲੈਕੇ ਸਮੀਖਿਆ ਕਰਕੇ ਫੈਸ਼ਲਾ ਲੈਂਦੀ। ਪੰਜਾਬ ਐਸਸੀ ਕਮ੍ਸ਼ਨ ਦੇ ਫੈਸ਼ਲੇ ਅਨੂਸਾਰ ਨਗਰ ਕੌਂਸ਼ਲਾਂ/ ਨਗਰ ਪੰਚਾਇਤਾਂ/ ਵਿਦਿਅਕ ਸੰਸਥਾਵਾਂ/ ਮੁਹਲਿਆਂ/ ਬਸਤੀਆਂ/ ਗਲੀਆਂ / ਧਰਮਸ਼ਾਲਾਵਾਂ/ ਸੋਸਾਈਟੀਆਂ ਦੇ ਜਾਤੀ ਅਧਾਰਿਤ ਨਾਮ ਦੇ ਜਾਤੀ ਅਧਾਰਿਤ ਨਾਮ ਜੋ (ਅਪਮਾਨਜਨਕ) ਰਖੇ ਹੋਏ ਹਨ ਜੋ ਕਿਸੇ ਜਾਤੀ ਵਿਸ਼ੇਸ਼ ਦੇ ਨਾਮ ਉੱਤੇ ਰਖੇ ਹੋਏ ਹਨ ਬਦਲ ਦਿਤੇ ਜਾਣ। ਫੈਸ਼ਲੇ ਦਾ ਪ੍ਰਭਾਵ ਦੇਖ ਲਈ ਉਧਾਰਨ ਦੇ ਲਈ ਪਟਿਆਲਾ ਰਾਜਪੁਰਾ ਰੋਡ ਉੱਤੇ ਟੋਲ ਪਲਾਜਾ ਦੇ ਨੇੜੇ ਜਾਂਦਿਆਂ ਹੀ ਸੱਜੇ ਪਾਸੇ ਚਮਾਰਹੇੜੀ ਆਉਂਦਾ ਹੈ ਥੋੜਾ ਅੱਗੇ ਜਾਇਏ ਤਾਂ ਟੋਲ ਪਲਾਜਾ ਪਾਰ ਕਰਦੇ ਹੀ ਪਿੰਡ ਧਰੇੜੀਜੱਟਾਂ ਆਉਂਦਾ ਹੈ। ਉਸੇ ਤਰਾਂ ਪਟਿਆਲੇ ਦੇ ਚਾਰੇ ਪਾਸੇ ਦੇਖੀਏ ਤਾਂ ਬਹੁਤ ਸਾਰੇ ਪਿੰਡਾਂ ਦੇ ਨਾਮ ਜਾਤੀ ਅਧਾਰ ਉੱਤੇ ਬ੍ਰਾਹਮਣਾਂ, ਜੱਟਾਂ ਦੇ ਨਾਮ ਨਾਲ ਰੱਖੇ ਆਮ ਮਿਲ ਜਾਂਦੇ ਹਨ। ਉਧਾਰਨ ਲਈ ਰਵਾਸ ਬ੍ਰਾਹਮਣਾ ਜਾਂ ਤਰਖਾਣ ਮਾਜਰਾ, ਸੁਨਿਆਰਹੇੜੀ, ਘੁਮਾਰਾਂ, ਲੋਹਾਰਾਂ, ਚੂਹੜਪੁਰ ਜੱਟਾਂ, ਸਿਧੂਵਾਲ ਆਦਿ ਬਹੁਤਾ ਸਾਰੇ ਨਾਮ ਦੇ ਆਉਂਦੇ ਹਨ।

ਫੈਸ਼ਲਾ ਕੇਵਲ ਦੱਬੇ ਕੁਚਲੇ ਐਸਸੀ ਸਮਾਜ ਜੀਆਂ ਜਾਤੀਆਂ ਅਧਾਰ ਉੱਤੇ ਰੱਖੇ ਨਾਵਾਂ ਨੂੰ ਅਪਮਾਨਤ ਮੰਨਦੇ ਹੋਣਾ ਮੰਨਕੇ ਲਿਆ ਗਿਆ ਹੈ। ਪਰ ਇਹ ਫੈਸਲਾ ਦੂਜੀਆਂ ਜਾਤੀਆਂ ਉਤੇ ਦਬਦਬਾ ਬਨਾਉਣ ਵਾਲੇ ਸੰਸਥਾਨਾ ਨੂੰ ਉਹਨਾ ਦਾ ਦਬਦਬਾ ਬਣਾਕੇ ਰਖਣ ਨੂੰ ਸਹਿਮਤੀ ਦਿੰਦਾ ਹੈ। ਉੱਚੀ ਜਾਤੀਆਂ ਦੇ ਉਹ ਨਾਮ ਜਿਹੜੇ ਛੋਟੀਆਂ ਜਾਤੀਆਂ ਛੋਟੀ ਹੋਣ ਦਾ ਸਦਾ ਅਹਿਸਾਸ ਕਰਵਾਉਂਦੀਆਂ ਰਹੀਆਂ ਹਨ, ਅਤੇ ਭਵਿਖ ਵਿੱਚ ਵੱਧ ਤਾਕਤਵਰ ਹੋ ਕੇ ਉਹਨਾ ਨੂੰ ਨੀਵੇ ਹੋਣ ਦਾ ਹੋਰ ਵੀ ਅਹਿਸਾਸ ਕਰਵਾਉਦੀਆਂ ਰਹਿਣ ਗੀਆਂ। ਅਨੁਸੂਚਿਤ ਜਾਤੀ ਕਮਿਸ਼ਨ ਦਾ ਫੈਸ਼ਲਾ ਉੱਚੀਆਂ ਜਾਤੀਆਂ ਦੇ ਦਬਦਬੇ ਨੂੰ ਵਧਾਉਂਦਾ ਹੈ, ਜਿਹਨਾਂ ਦਾ ਪਹਿਲਾਂ ਹੀ ਸਮਾਜ ਵਿੱਚ ਦਬਦਬਾ ਬਣਿਆ ਹੋਇਆ ਹੈ।

### ਤਾਮਿਲਨਾਡੂ ਸਰਕਾਰ

ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਹ ਫੈਸ਼ਲਾ ਬਹੁਤ ਸੋਚ ਵਿਚਾਰ ਕਰਕੇ ਲਿਆ ਹੋਵੇ ਇਹ ਨਹੀ ਜਾਪਦਾ। ਅਜਿਹੇ ਫੈਸਲੇ ਭਾਰਤ ਦੇ ਹੋਰ ਰਾਜਾਂ ਦੀਆਂ ਸਰਕਾਰਾਂ ਵੀ ਲੈਂਦੀਆਂ ਰਹੀਆਂ ਹਨ। ਤਾਮਿਲਨਾਡੂ ਸਰਕਾ ਨੇ ਬਹੁਤਾ ਸਾਰੇ ਸ਼ਹਿਰਾਂ ਦੇ ਨਾਮ ਬਦਲਣ ਦਾ ਫੈਸ਼ਲਾ ਲਿਆ ਗਿਆ ਲੇਕਿਨ ਜਲਦੀ ਹੀ ਇਹ ਫੈਸ਼ਲਾ ਕਈ ਕਾਰਨ ਕਰਕੇ ਵਾਪਿਸ ਲੈ ਲਿਆ। ਜੂਨ 19, 2020 ਦੀ ਖਬਰ ਅਨੂਸਾਰ ਤਾਮਿਲਨਾਡੂ ਸਰਕਾਰ ਨੇ 1,018 ਸ਼ਹਿਰਾਂ ਅਤੇ ਸਥਾਨਾਂ ਦੀ ਅੰਗਰੇਜ਼ੀ ਸਪੈਲਿੰਗ ਵਿੱਚ ਸੋਧ ਕਰਨ ਜਾਂ ਉਨ੍ਹਾਂ ਨੂੰ ਬਿਲਕੁਲ ਨਵਾਂ ਅਧਿਕਾਰਤ ਨਾਂ ਦੇਣ ਦੇ ਆਦੇਸ਼ ਨੂੰ ਸੋਸ਼ਲ ਮੀਡੀਆ 'ਤੇ ਬਹੁਤ ਸਾਰੇ ਭਾਸ਼ਾ ਮਾਹਿਰਾਂ, ਇਤਿਹਾਸਕਾਰਾਂ ਅਤੇ ਬਹੁਤ ਸਾਰੇ ਤਾਮਿਲ ਲੋਕਾਂ ਦੀ ਆਲੋਚਨਾ ਤੋਂ ਬਾਅਦ ਵਾਪਸ ਲੈ ਲਿਆ ਹੈ।

### ਮਹਾਰਾਸ਼ਟਰ ਸਰਕਾਰ ਸਰਕਾਰ ਦਾ ਫੈਸ਼ਲਾ

ਮਹਾਰਾਸ਼ਟਰ ਸਰਕਾਰ ਨੇ ਜਾਤੀਆਂ ਅਧਾਰਤ ਇਲਾਕਿਆਂ ਦੇ ਨਾਂ ਬਦਲਣ ਦਾ ਫੈਸ਼ਲਾ ਲਿਆ। ਮੁੱਖ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮਹਾਰ-ਵਾੜਾ, ਬੌਧ-ਵਾੜਾ, ਮੰਗ-ਵਾੜਾ, ਢੋਰ-ਵਸਤੀ, ਬ੍ਰਾਹਮਣ-ਵਾੜਾ, ਮਾਲੀ-ਗਲੀ ਵਰਗੇ ਨਾਮ ਆਮ ਹਨ ਪਰ ਮਹਾਰਾਸ਼ਟਰ ਵਰਗੇ ਪ੍ਰਗਤੀਸ਼ੀਲ ਰਾਜ ਵਿੱਚ ਉਹ ਬੇਮਿਸਾਲ ਹਨ। ਇਕ ਖਬਰ ਆਲ ਇੰਡੀਆ ਪ੍ਰੈਸ ਟਰੱਸਟ ਆਫ਼ ਇੰਡੀਆ ਅਪਡੇਟ ਕੀਤਾ: 02 ਦਸੰਬਰ, 2020 ਸ਼ਾਮ 8:50 ਵਜੇ ਸਾਂਝੀ ਕੀਤੀ ਗਈ।

ਮੁੰਬਈ: ਮਹਾਰਾਸ਼ਟਰ ਸਰਕਾਰ ਨੇ ਐਲਾਨ ਕੀਤਾ ਹੈ ਕਿ ਰਾਜ ਵਿੱਚ ਜਾਤਾਂ ਅਧਾਰਤ ਇਲਾਕਿਆਂ ਦੇ ਨਾਂ ਬਦਲੇ ਜਾਣਗੇ। ਮੁੱਖ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕੈਬਨਿਟ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਇਸ ਵਿੱਚ ਕਿਹਾ ਗਿਆ ਹੈ ਕਿ ਮਹਾਰ-ਵਾੜਾ, ਬੌਧ-ਵਾੜਾ, ਮਾਂਗ-ਵਾੜਾ, ਢੋਰ-ਵਸਤੀ, ਬ੍ਰਾਹਮਣ-ਵਾੜਾ, ਮਾਲੀ-ਗਲੀ ਵਰਗੇ ਨਾਮ ਆਮ ਹਨ ਪਰ ਮਹਾਰਾਸ਼ਟਰ ਵਰਗੇ ਪ੍ਰਗਤੀਸ਼ੀਲ ਰਾਜ ਵਿੱਚ ਉਹ ਬੇਮਿਸਾਲ ਹਨ।

ਅਜਿਹੇ ਨਾਂ ਆਮ ਤੌਰ 'ਤੇ ਸੰਕੇਤ ਦਿੰਦੇ ਹਨ ਕਿ ਕਿਸੇ ਖਾਸ ਭਾਈਚਾਰੇ ਦੇ ਮੈਂਬਰ ਖੇਤਰ ਵਿੱਚ ਰਹਿੰਦੇ ਹਨ। ਸੀਐਮਓ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਇਲਾਕਿਆਂ ਦਾ ਨਾਂ ਬਦਲਣ ਦਾ ਫੈਸਲਾ ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਬਣਾਈ ਰੱਖਣ ਲਈ ਲਿਆ ਗਿਆ ਸੀ। ਇਨ੍ਹਾਂ ਇਲਾਕਿਆਂ ਨੂੰ ਨਵੇਂ ਨਾਂ ਦਿੱਤੇ ਜਾਣਗੇ ਜਿਵੇਂ ਕਿ ਸਮਤਾ ਨਗਰ, ਭੀਮ ਨਗਰ, ਜੋਤੀਨਗਰ, ਸ਼ਾਹਨਗਰ, ਕ੍ਰਾਂਤੀ ਨਗਰ।

ਮਹਾਰਾਸ਼ਟਰ ਸਰਕਾਰ ਨੇ ਬੌਧ-ਵਾੜਾ, ਢੋਰ-ਵਸਤੀ, ਬ੍ਰਾਹਮਣ-ਵਾੜਾ ਨੂੰ ਇਕੋ ਨਜ਼ਰ ਨਾਲ ਦੇਖਕੇ ਸਮਝਦਾਰੀ ਨਾਲ ਫੈਸ਼ਲਾ ਲਿਆ। ਉਸ ਨੇ ਧਰਮ ਦੇ ਨਾਮ ਉਤੇ ਬੋਧ-ਵਾੜਾ, ਸਮਾਜ ਵਿੱਚ ਨੀਵੀਂ ਮੰਨੀ ਜਾਣ ਵਾਲੀ ਢੋਰ ਵਸਤੀ ਅਤੇ ਸਮਾਜ ਵਿੱਚ ਉੱਚੀ ਮੰਨੀ ਜਾਣ ਵਾਲਾ ਨਾਮ ਬ੍ਰਾਹਮਣ ਵਾੜਾ ਇੱਕੋ ਤਰਾਂ ਸਮਾਜਿਕ ਉੱਚ-ਨੀਚ ਦੇ ਪ੍ਰਭਾਵ ਦੇਣ ਵਾਲੇ ਦੇਖੇ ਗਏ ਹਨ।

ਇਹ ਬਹੁਤ ਹੱਦ ਤਕ ਸਹੀ ਵੀ ਹੈ। ਇਸ ਤੋਂ ਅੱਗੇ ਜਾਕੇ ਬਦਲਕੇ ਰੱਖੇ ਜਾਣ ਵਾਲੇ ਨਾਮ ਕਿਸ ਤਰਾਂ ਦੇ ਹੋਣੇ ਚਾਹੀ ਦੇ ਹਨ ਇਸ ਦੇ ਦਿਸ਼ਾ ਨਿਰਦੇਸ਼ ਦਿਤੇ ਹਨ। ਸਰਕਾਰ ਨੇ ਦਿਸ਼ਾ ਨਿਰਦੇਸ਼ ਅਨੂਸਾਰ ਸੀਐਮਓ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਇਲਾਕਿਆਂ ਦਾ ਨਾਂ ਬਦਲਣ ਦਾ ਫੈਸਲਾ ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਬਣਾਈ ਰੱਖਣ ਲਈ ਲਿਆ ਗਿਆ ਸੀ।

ਇਨ੍ਹਾਂ ਇਲਾਕਿਆਂ ਨੂੰ ਨਵੇਂ ਨਾਂ ਦਿੱਤੇ ਜਾਣਗੇ ਜਿਵੇਂ ਕਿ ਸਮਤਾ ਨਗਰ, ਭੀਮ ਨਗਰ, ਜੋਤੀਨਗਰ, ਸ਼ਾਹਨਗਰ, ਕ੍ਰਾਂਤੀ ਨਗਰ ਵਰਗੇ ਰੱਖੇ ਜਾ ਸਕਦੇ ਹਨ।

# ਐਸਸੀ ਨਾਲੋਂ ਐਸਟੀ ਵਰਗ ਅਧਿਕ ਰਾਜਨੀਤਿਕ ਚੇਤਨ

ਝਾਰਖੰਡ ਪੂਰਬੀ ਭਾਰਤ ਦਾ ਇੱਕ ਰਾਜ ਹੈ। ਇਹ ਖੇਤਰਫਲ ਦੇ ਅਨੁਸਾਰ 15 ਵਾਂ ਸਭ ਤੋਂ ਵੱਡਾ ਰਾਜ ਹੈ, ਅਤੇ ਆਬਾਦੀ ਦੇ ਅਨੁਸਾਰ 14 ਵਾਂ ਸਭ ਤੋਂ ਵੱਡਾ ਰਾਜ ਹੈ, ਹਿੰਦੀ ਰਾਜ ਦੀ ਸਰਕਾਰੀ ਭਾਸ਼ਾ ਹੈ। ਰਾਜ ਦਾ ਗਠਨ 2000 ਵਿੱਚ, ਬਿਹਾਰ ਦੇ ਦੱਖਣੀ ਹਿੱਸੇ ਵਿੱਚ ਹੋਇਆ ਸੀ।ਇਹ ਭਾਰਤ ਦੇ 40× ਤੋਂ ਵੱਧ ਖਣਿਜ ਸਰੋਤਾਂ ਦਾ ਹਿਸਾ ਹੈ, ਝਾਰਖੰਡ ਇਸ ਤੋਂ ਪੀੜਤ ਹੈ ਜਿਸ ਨੂੰ ਕਈ ਵਾਰੀ ਸਰੋਤ ਸਰਾਪ ਵੀ ਕਿਹਾ ਜਾਂਦਾ ਹੈ। ਇਸਦੀ 39.1% ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਝਾਰਖੰਡ ਮੁੱਖ ਤੌਰ ਤੇ ਪੇਂਡੂ ਹੈ, ਜਿਸਦੀ ਲਗਭਗ 24% ਆਬਾਦੀ ਸ਼ਹਿਰਾਂ ਵਿੱਚ ਰਹਿੰਦੀ ਹੈ।ਇਹ ਆਰਥਿਕ ਵਿਕਾਸ ਦੇ ਮਾਮਲੇ ਵਿੱਚ ਮੋਹਰੀ ਰਾਜਾਂ ਵਿੱਚੋਂ ਇੱਕ ਹੈ।2017-18 ਵਿੱਚ, ਰਾਜ ਦੀ ਜੀਡੀਪੀ ਵਿਕਾਸ ਦਰ 10.22% ਸੀ।

ਰਾਜ ਦੀ ਕੁੱਲ ਆਬਾਦੀ (32,988,134) ਦੀ 2011 ਦੀ ਮਰਦਮਸ਼ੁਮਾਰੀ ਹੈ। ਝਾਰਖੰਡ ਰਾਜ ਦੀ ਅਨੁਸੂਚਿਤ ਜਨਜਾਤੀ (ਐਸਟੀ) ਦੀ ਆਬਾਦੀ 8,645,042 (ਸਰਨਾ - 4,012,622 ਈਸਾਈ-1,338,175 ਸਮੇਤ) ਹੈ। ਜੋ ਕਿ 28% ਆਦਿਵਾਸੀ ਹਨ ਜਦੋਂ ਕਿ 12% ਲੋਕ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ।

ਪੰਜਾਬ ਦੀ ਗਲ ਕਰੀਏ, ਕੇਂਦਰ ਵੱਲੋਂ ਜਾਰੀ ਦਿਹਾਤੀ ਭਾਰਤ ਲਈ ਸਮਾਜਿਕ ਆਰਥਿਕ ਅਤੇ ਜਾਤੀ ਜਨਗਣਨਾ -2011 ਦੇ ਆਰਜ਼ੀ ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਅਨੁਸੂਚਿਤ ਜਾਤੀ (ਐਸਸੀ) ਆਬਾਦੀ ਵਾਲੇ ਪਰਿਵਾਰਾਂ ਦੀ ਸਭ ਤੋਂ ਵੱਧ ਪ੍ਰਤੀਸ਼ਤਤਾ ਦੇਸ਼ ਵਿੱਚ ਹੈ। ਇਹ ਅੰਕੜੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਉੱਚ ਐਸਸੀ ਆਬਾਦੀ ਵਾਲੇ ਰਾਜਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਕੇਂਦਰੀ ਫੰਡਾਂ ਦੀ ਮੰਗ ਨੂੰ ਮਜ਼ਬੂਤ ਕਰਨ ਦੀ ਉਮੀਦ ਕਰਦੇ ਹੋਏ ਲਿਖਿਆ ਸੀ ਕਿ ਅੰਕੜਿਆਂ ਦੇ ਅਨੁਸਾਰ, ਪੰਜਾਬ ਦੇ 32,68,562 ਅਬਾਦੀ ਵਿੱਚੋਂ, ਅਨੁਸੂਚਿਤ ਜਾਤੀਆਂ ਦੀ ਗਿਣਤੀ 12,00,764 ਹੈ ਜਿਸਦੀ ਪ੍ਰਤੀਸ਼ਤਤਾ 36.74% ਬਣਦੀ ਹੈ।

ਇਹ ਵੀ ਦਸਿਆ ਕਿ ਵਰਤਮਾਨ ਵਿੱਚ, ਪੰਜਾਬ ਦੀ ਅਰਥ ਵਿਵਸਥਾ ਕੁੱਲ ਘਰੇਲੂ ਉਤਪਾਦ ਵਿੱਚ 4 5.42 ਟ੍ਰਿਲੀਅਨ (ਓਛ / 76 ਬਿਲੀਅਨ) ਅਤੇ ਪ੍ਰਤੀ ਵਿਅਕਤੀ ਜੀਡੀਪੀ 176,547 (EC / 2,500) ਦੇ ਨਾਲ ਭਾਰਤ ਦੀ 15 ਵੀਂ ਸਭ ਤੋਂ ਵੱਡੀ ਰਾਜ ਦੀ ਅਰਥਵਿਵਸਥਾ ਹੈ, ਜੋ ਭਾਰਤੀ ਰਾਜਾਂ ਵਿੱਚ 17 ਵੇਂ ਸਥਾਨ 'ਤੇ ਹੈ।ਆਜ਼ਾਦੀ ਦੇ ਬਾਅਦ ਤੋਂ ਪੰਜਾਬ ਮੁੱਖ ਤੌਰ ਤੇ ਇੱਕ ਖੇਤੀ ਪ੍ਰਧਾਨ ਸਮਾਜ ਹੈ। ਇਹ ਮਨੁੱਖੀ ਵਿਕਾਸ ਸੂਚਕਾਂਕ ਵਿੱਚ ਭਾਰਤੀ ਰਾਜਾਂ ਵਿੱਚ ਨੌਵਾਂ-ਸਭ ਤੋਂ ਉੱਚਾ ਦਰਜਾ ਹੈ। ਪੰਜਾਬ ਵਿੱਚ ਸੈਰ ਸਪਾਟਾ, ਸੰਗੀਤ, ਰਸੋਈ ਅਤੇ ਫਿਲਮ ਉਦਯੋਗ ਹਨ। ਝਾਰਖੰਡ ਦਾ2020-21 ਵਿੱਚ ਕੁੱਲ ਘਰੇਲੂ ਉਤਪਾਦ 3.83 ਲੱਖ ਕਰੋੜ (54 ਬਿਲੀਅਨ ਅਮਰੀਕੀ ਡਾਲਰ) ਹੋਣ ਦਾ ਅਨੁਮਾਨ ਹੈ। 2018-19 ਵਿੱਚ ਝਾਰਖੰਡ ਦੀ ਪ੍ਰਤੀ ਵਿਅਕਤੀ ਜੀਡੀਪੀ, 82,430 (ਓਛ / 1,200) ਸੀ।ਝਾਰਖੰਡ ਵਿੱਚ ਵੀ ਬਹੁਤ ਸਾਰੇ ਖਣਿਜ ਸਰੋਤ ਹਨ: ਲੋਹੇ (1), ਕੋਲਾ (3), ਤਾਂਬਾ ਧਾਤ (1), ਮੀਕਾ (1), ਬਾਕਸਾਈਟ (ਤੀਜਾ), ਮੈਂਗਨੀਜ਼, ਚੂਨਾ ਪੱਥਰ ਤੋਂ ਲੈ ਕੇ (ਦੇਸ਼ ਵਿੱਚ ਬ੍ਰੈਂਕਿੰਗ ਦੇ ਅੰਦਰ ਦੇਸ਼ ਵਿੱਚ ਦਰਜਾਬੰਦੀ) ਤੱਕ ਦੇ ਖਣਿਜ ਚਾਈਨਾ ਕਲੇ, ਫਾਇਰ ਕਲੇ, ਗੈਰੈਫਾਈਟ (8 ਵਾਂ), ਕਾਇਨਾਇਟ (ਪਹਿਲਾ), ਕੈਰੋਮਾਈਟ (ਦੂਜਾ), ਐਸਬੈਸਟਸ (ਪਹਿਲਾ), ਥੋਰੀਅਮ (ਤੀਜਾ), ਸਿਲੀਮਾਨਾਈਟ, ਯੂਰੇਨੀਅਮ (ਜਾਦੂਗੁਦਾ ਖਾਣਾਂ, ਨਰਵਾ ਪਹਾੜ) (ਪਹਿਲਾ) ਅਤੇ ਇੱਥੋਂ ਤੱਕ ਕਿ ਸੋਨਾ (ਰਾਖਾ ਖਾਣਾਂ) ) (6 ਵਾਂ) ਅਤੇ ਚਾਂਦੀ ਅਤੇ ਕਈ ਹੋਰ ਖਣਿਜ ਪਦਾਰਥ. ਕੋਲੇ ਅਤੇ ਲੋਹੇ ਦੇ ਵੱਡੇ ਭੰਡਾਰ ਜਮਸ਼ੇਦਪੁਰ, ਧਨਬਾਦ, ਬੋਕਾਰੋ ਅਤੇ ਰਾਂਚੀ ਵਰਗੇ ਕੇਂਦਰਾਂ ਵਿੱਚ ਉਦਯੋਗ ਦੀ ਇਕਾਗਰਤਾ ਦਾ ਸਮਰਥਨ ਕਰਦੇ ਹਨ। ਟਾਟਾ ਸਟੀਲ, ਇੱਕ NSE NIFTY 500 ਸਮੂਹ ਦਾ ਆਪਣਾ ਕਾਰਪੋਰੇਟ ਦਫਤਰ ਅਤੇ ਟਾਟਾਨਗਰ, ਝਾਰਖੰਡ ਵਿੱਚ ਮੁੱਖ ਪਲਾਂਟ ਹੈ। ਝਾਰਖੰਡ ਦੀ ਅਰਥਵਿਵਸਥਾ ਵਿੱਚ ਖੇਤੀਬਾੜੀ ਇੱਕ ਹੋਰ ਖੇਤਰ ਹੈ ਜੋ ਆਰਥਿਕਤਾ ਨੂੰ ਵਧਣ ਵਿੱਚ ਸਹਾਇਤਾ ਕਰਦਾ ਹੈ। ਝਾਰਖੰਡ ਵਿੱਚ, ਕਿਸਾਨ ਕਈ ਫਸਲਾਂ ਜਿਵੇਂ ਕਿ ਚਾਵਲ, ਕਣਕ, ਮੱਕੀ, ਦਾਲਾਂ, ਆਲੂ ਅਤੇ ਸਬਜ਼ੀਆਂ ਜਿਵੇਂ ਕਿ ਟਮਾਟਰ, ਗਾਜਰ, ਗੋਭੀ, ਬੈਂਗਣ, ਕੱਦੂ ਅਤੇ ਪਪੀਤਾ ਪੈਦਾ ਕਰਦੇ ਹਨ। ਹੋਰ ਉਦਯੋਗ ਕਾਟੇਜ ਉਦਯੋਗ ਅਤੇ ਆਈਟੀ ਉਦਯੋਗ ਹਨ। ਝਾਰਖੰਡ ਵਿਧਾਨ ਸਭਾ ਦੀਆਂ ਰਾਜ ਦੀਆਂ ਕੁੱਲ 82 ਅਸੈਂਬਲੀ ਸ਼ੀਟਾਂ ਹਨ। ਜਿਹਨਾਂ ਵਿੱਚ ਐਸਸੀ 10 ਅਤੇ ਐਸਟੀ 22 ਹਨ। ਰਾਜ ਵਿੱਚ ਕਾਂਗਰਸ ਬੀਜੇਪੀ ਅਤੇ ਝਾਰਖੰਡਮੁਕਤੀ ਮੋਰਚਾ ਦਾ ਰਾਜ ਰਿਹਾ ਹੈ। ਰਾਜ ਦੇ ਗਠਨ ਦੇ 2000 ਸਾਲ ਤੋਂ ਲੈਕੇ ਹੁਣ ਤਕ ਲਗਾਤਾਰ ਐਸਟੀ ਵਰਗ ਦਾ ਹੀ ਮੁੱਖਮੰਤਰੀ ਬਣਦਾ ਆਇਆ ਹੈ, ਬੇਸ਼ਕ ਰਾਜ ਵਿੱਚ ਐਸਟੀ ਦੀ ਅਬਾਦੀ 28% ਹੀ ਹੈ। ਇਸ ਤੋਂ ਐਸਟੀ ਸਮਾਜ ਦੇ ਲੋਕਾਂ ਦੀ ਅਗਰਾਂਵਧੂ ਸੋਚ ਦਾ ਅੰਦਾਜਾ ਲਗਾ ਸਕਦੇ ਹਾਂ।

ਰਾਜਨੀਤੀ ਦੀ ਗਲ ਕਰੀਏ ਤਾਂ ਪੰਜਾਬ, ਅਨੁਸੂਚਿਤ ਜਾਤੀਆਂ ਦੀ 2011 ਦੀ ਜਨਗਣਨਾ ਅਨੂਸਾਰ ਗਿਣਤੀ 12,00,764 ਹੈ ਜਿਸਦੀ ਪ੍ਰਤੀਸ਼ਤਤਾ 36.74% ਬਣਦੀ ਹੈ। 1966 ਵਿੱਚ ਹਰਿਆਣਾ ਅਲਗ ਹੋਣ ਨਾਲ ਪੰਜਾਬ ਵਿਧਾਨ ਸਭਾ ਦੀਆਂ 117 ਸ਼ੀਟਾਂ ਹਨ ਜਿਸ ਵਿਚੋਂ 34 ਐਸਸੀ ਵਰਗ ਦੀਆਂ ਹਨ। ਨਵੇਂ ਪੰਜਾਬ ਰਾਜ ਦੀ ਹੋਂਦ 1947 ਤੋਂ ਹੀ ਹੈ, ਜਿਸ ਵਿੱਚੋ ਹਰਿਆਣਾ ਅਤੇ ਹਿਮਾਚਲ ਅਲੱਗ ਸੂਬੇ ਭਾਸ਼ਾ ਅਨੂਸਾਰ ਵੱਖ ਹੋ ਚੁੱਕੇ ਹਨ। ਪੰਜਾਬ ਵਿੱਚ 74 ਸਾਲਾ ਵਿੱਚ ਪਹਿਲੀ ਵਾਰ 36% ਐਸਸੀ ਵਰਗ ਦੀ ਅਬਾਦੀ ਦਾ ਕਾਂਗਰਸ ਦੇ ਰਾਜਨੀਤਿਕ ਸੰਕਟ ਦੇ ਕਾਰਨ ਬਣ ਸਕਿਆ ਹੈ। 74 ਸਾਲਾਂ ਦੌਰਾਨ 33 ਰਾਜਾਂ ਵਿੱਚ 360 ਮੁੱਖਮੰਤਰੀ ਬਣੇ ਹਨ। ਜਿਹਨਾ ਵਿੱਚ 9 ਐਸਸੀ ਅਤੇ 8 ਐਸਟੀ ਵਰਗ ਦੇ ਨੇਤਾ ਔਹਦੇ ਤਕ ਪਹੁੰਚ ਪਾਏ ਹਨ।

ਝਾਰਖੰਡ ਰਾਜ 21 ਸਾਲ ਪਹਿਲਾਂ ਹੋਂਦ ਵਿੱਚ ਆਇਆ, 28% ਐਸਟੀ ਅਬਾਦੀ ਹੈ। ਤਰਕਸੰਗਤ ਗਲ ਕਰੀਏ ਤਾਂ ਪੰਜਾਬ ਦੇ 36% ਐਸਸੀ ਆਬਾਦੀ ਰਾਜਨੀਤਿਕ ਤੌਰ ਤੇ ਝਾਰਖੰਡ ਦੇ ਲੋਕਾਂ ਨਾਲੋਂ ਸਮਝਦਾਰ ਨਹੀਂ ਕਹਿ ਸਕਦੇ ਜਿਸ ਦਾ 20-9-2021 ਨੂੰ ਪਹਿਲਾ ਨੇਤਾ 74 ਸਾਲਾਂ ਵਿੱਚ ਸੀਐਮ ਦੇ ਔਹਦੇ ਤਕ ਪਹੁੰਚ ਪਾਇਆ ਹੈ। ਝਾਰਖੰਡ 28% ਐਸਟੀ ਅਬਾਦੀ ਵਾਲਾ ਰਾਜ 2000 ਤੋ ਹੁਣ ਤਕ 21 ਸਾਲ ਐਸਟੀ ਦੇ ਹੀ ਮੁੱਖ ਮੰਤਰੀ ਬਣਦੇ ਆ ਰਹੇ ਹਨ। ਕੁੱਲ 6 ਚਿਹਰੇ ਬਦਲ ਬਦਲ ਕੇ ਸੀਐਮ ਬਣਦੇ ਰਹੇ ਹਨ।

ਭਾਰਤੀ ਦਾ ਐਸਸੀ, ਐਸਟੀ ਸਮਾਜ ਹਜਾਰਾਂ ਸਾਲਾਂ ਤੋਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ ਤੇ ਬੇਦਖਲ ਰਿਹਾ ਹੈ। 1947 ਤੋਂ ਲੈ ਕੇ 2020 ਤਕ ਭਾਰਤ ਦੇ ਕਿਸੇ ਵੀ ਰਾਜ ਦਾ ਐਸਟੀ ਮੁੱਖ ਮੰਤਰੀ ਬਣਨ ਤੱਕ ਨਹੀਂ ਪਹੁੰਚ ਸਕਿਆ। ਜਦੋਂ ਕਿ ਐਸਸੀ ਸਮਾਜ ਦੇ 2000 ਤਕ 6 ਚਿਹਰੇ ਮੁੱਖ ਮੰਤਰੀ ਬਣ ਚੁੱਕੇ ਸਨ। 2000 ਤੋਂ ਲੈ ਕੇ 2021 ਤੱਕ 21 ਸਾਲਾਂ ਵਿੱਚ ਐਸਟੀ ਸਮਾਜ ਦੇ 8 ਮੁੱਖਮੰਤਰੀ ਬਣ ਚੁੱਕੇ ਹਨ, ਦੂਜੇ ਪਾਸੇ 2000 ਤੋਂ 2021 ਤੱਕਭਾਰਤੇ ਦੇ ਸਾਰੇ ਰਾਜਾਂ ਵਿੱਚ ਪੰਜਾਬ ਦੇ ਸਮੇਤ ਐਸਸੀ ਸਮਾਜ ਦੇ 3 ਨੇਤਾ ਹੀ ਕੁੱਝ ਸਾਨਾਂ ਲਈ ਮੁੱਖ ਮੰਤਰੀ ਦੇ ਔਹਦੇ ਤਕ ਪਹੁੰਚਣ ਵਿੱਚ ਸਫਲ ਹੋ ਪਾਏ ਹਨ। ਅੰਕੜਿਆਂ ਦੀ ਘੋਖ ਕਰਕੇ ਕਹਿ ਸਕਦੇ ਹਾਂ ਕਿ ਐਸਸੀ ਸਮਾਜ ਨਾਲੋ ਰਾਜਨੀਤਿਕ ਤੌਰ ਤੇ ਐਸਟੀ ਸਮਾਜ ਕਿਤੇ ਵੱਧ ਸਿਆਣਾ ਹੈ, ਜਿਸ ਨੇ ਮਹਿਜ 20-21 ਸਾਲਾਂ ਵਿੱਚ ਕੇਵਲ ਦੋ ਰਾਜਾਂ ਝਾਰਖੰਡ 6 ਅਤੇ ਛੱਤੀਸਗੜ ਵਿੱਚ 2 ਮਿਲਾਕੇ ਕੁੱਲ 8 ਚਿਹਰੇ ਲਗਭਗ 25-26 ਸਾਲ ਲਈ ਮੁੱਖਮੰਤਰੀ ਬਣਾਕੇ ਰਖਣ ਵਿੱਚ ਕਾਮਯਾਬ ਹੋਏ ਹਨ। ਝਾਰਖੰਡ ਵਿੱਚ ਕੇਵਲ ਐਸਟੀ ਵਰਗ ਹੀ 21 ਸਾਲਾਂ ਵਿੱਚ ਕਾਬਿਜ ਰਿਹਾ ਹੈ। ਛੱਤੀਸਗੜ ਵਿੱਚ 5 ਸਾਲ। ਭਾਰਤ ਦਾ ਐਸਸੀ ਵਰਗ ਨੇ 1947 ਤੋਂ ਲੈਕੇ ਹੁਣ ਤਕ 74 ਸਾਲਾਂ ਵਿੱਚ ਵੀ 8 ਰਾਜਾਂ ਵਿੱਚ ਕੇਵਲ 9 ਚਿਹਰੇ ਹੀ ਮੁੱਖਮੰਤਰੀ ਬਨਾਉਣ ਤਕ ਪਹੁੰਚਿਆ ਹੈ, ਜਦੋਂ ਕਿ ਭਾਰਤ ਸਰਕਾਰ ਦੇ ਅੰਕੜੇ ਐਸਸੀ ਅਬਾਦੀ 15% ਅਤੇ ਇਸ ਨਾਲੋਂ ਅੱਧੀ ਜਾਨੀ ਕਿ 7.5% ਐਸਟੀ ਵਰਗ ਨਾਲੋਂ ਦੁੱਗਣੀ ਦੀ ਹੋਣ ਦੀ ਪੁਸ਼ਟੀ ਕਰਦੇ ਹਨ।

# ਧਰਮ ਦੇ ਨਾਮ ਤੇ ਪਾਖੰਡ

ਰਾਏਪੁਰ ਵਿੱਚ ਈਸਾਈਆਂ ਤੇ ਜੋ ਕਹਿਰ ਕੱਟੜਪੰਥੀਆਂ ਨੇ ਢਾਹਿਆ, ਉਸ ਤੋਂ ਬਾਅਦ ਹੁਣ ਵੱਡੀਆਂ ਵੱਡੀਆਂ ਬਾਈਬਲਾਂ ਲੈ ਕੇ ਆਪਣੇ ਆਪ ਨੂੰ ਬਾਈਬਲ ਦੇ ਗਿਆਨੀ ਅਤੇ ਵਿਦਵਾਨ ਦਰਸਾਉਣ ਵਾਲੇ ਲੋਕ ਇਸ ਕਹਿਰ ਦਾ ਸ਼ਿਕਾਰ ਹੋਏ ਈਸਾਈਆਂ ਕੋਲ ਪੁੱਜ ਰਹੇ ਹਨ ਅਤੇ ਉਨ੍ਹਾਂ ਨੂੰ ਪ੍ਰਭੂ ਯਿਸੂ ਦਾ ਸ਼ਾਂਤੀ, ਪ੍ਰੇਮ ਅਤੇ ਮੁਆਫੀ ਦਾ ਸੰਦੇਸ਼ ਦੇ ਰਹੇ ਹਨ ਜਦਕਿ ਹਕੀਕਤ ਇਹ ਹੈ ਕਿ ਪ੍ਰਭੂ ਯਿਸੂ ਦੇ ਪ੍ਰੇਮ, ਸ਼ਾਂਤੀ ਅਤੇ ਮੁਆਫੀ ਦੇ ਸੰਦੇਸ਼ ਤੋਂ ਹਰ ਈਸਾਈ ਚੰਗੀ ਤਰ੍ਹਾਂ ਵਾਕਫ ਹੈ ਅਤੇ ਕੋਈ ਵੀ ਆਪਣੇ ਉੱਤੇ ਜ਼ੁਲਮ ਢਾਹੁਣ ਵਾਲਿਆਂ ਤੋਂ ਬਦਲਾ ਲੈਣ ਦੀ ਨਹੀਂ ਸੋਚਦਾ। ਆਸਟ੍ਰੇਲੀਆ ਦੇ ਮਿਸ਼ਨਰੀ ਗਰਾਹਮ ਸਟੇਨ ਅਤੇ ਉਸਦੇ ਦੋ ਨਿੱਕੇ ਨਿੱਕੇ ਬੱਚਿਆਂ ਨੂੰ ਜ਼ਿੰਦਾ ਜਲਾ ਦੇਣ ਵਾਲਿਆਂ ਨੂੰ ਵੀ ਗਰਾਹਮ ਸਟੇਨ ਦੀ ਪਤਨੀ ਨੇ ਮੁਆਫ ਕਰ ਦਿੱਤਾ ਸੀ। ਸ੍ਰੀਮਤੀ ਸੋਨੀਆਂ ਗਾਂਧੀ ਨੇ ਆਪਣੇ ਪਤੀ ਰਾਜੀਵ ਗਾਂਧੀ ਦੇ ਹੱਤਿਆਰਿਆਂ ਨੂੰ ਮੁਆਫ ਕਰ ਦਿੱਤਾ ਸੀ। ਉਹਨਾਂ ਨੇ ਬਾਈਬਲ ਦੇ ਅਜਿਹੇ ਵਿਦਵਾਨਾਂ ਦੇ ਸਬਕ ਦੇਣ ਤੇ ਮਾਫ ਨਹੀਂ ਸੀ ਕੀਤਾ। ਹਰ ਈਸਾਈ ਨੂੰ ਪਤਾ ਹੈ ਕਿ ਈਸਾਈਆਂ ਵਿੱਚ ਬਦਲ ਲੈਣ ਦੀ ਮਨਾਹੀ ਹੈ। ਈਸਾਈਆਂ ਵਿੱਚ ਮਾਫੀ ਦੀ ਪ੍ਰੰਪਰਾ ਹੈ - ਇਹ ਕਿਸੇ ਨੂੰ ਸਮਝਾਉਣ ਦੀ ਲੋੜ ਨਹੀਂ ਪਰ ਕੁਝ ਲੋਕ ਆਪਣੇ ਆਪ ਨੂੰ ਬਾਈਬਲ ਦੇ ਮਾਹਿਰ ਅਤੇ ਖੁਦਾਪ੍ਰਸਤ ਦਿਖਾਉਣ ਲਈ ਅਜੇਹੀਆਂ ਘਟਨਾਵਾਂ ਪਿਛੋਂ ਬਾਈਬਲ ਲੈ ਕੇ ਤੁਰ ਪੈਂਦੇ ਹਨ - ਲੋਕਾਂ ਨੂੰ ਮੁਆਫੀ ਦਾ ਸੰਦੇਸ਼ ਦੇਣ ਲਈ। ਅਜੇਹੇ ਲੋਕਾਂ ਨੇ ਇਹ ਕਦੀ ਨਹੀਂ ਸੋਚਿਆ ਕਿ ਅਜੇਹੇ ਕਹਿਰ ਨੂੰ ਰੋਕਣ ਦਾ ਉਪਾਅ ਕੀ ਹੈ। ਨਾ ਹੀ ਇਨ੍ਹਾਂ ਲੋਕਾਂ ਨੂੰ ਅਜੇਹੇ ਕਹਿਰ ਦੀ ਰੋਕ ਥਾਮ ਦਾ ਕੋਈ ਧਿਆਨ ਅਤੇ ਗਿਆਨ ਹੈ। ਉਨ੍ਹਾਂ ਨੇ ਤਾਂ ਬੱਸ ਇਹ ਦਰਸਾਉਣਾ ਹੈ ਕਿ ਅਸੀਂ ਬਾਈਬਲ ਦੇ ਗਿਆਨੀ ਹਾਂ - ਬਹੁਤ ਖੁਦਾਪ੍ਰਸਤ ਹਾਂ।

ਵਿਦੇਸ਼ੀ ਮਿਸ਼ਨਰੀਆਂ ਨੇ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਭਾਰਤ ਵਿੱਚ 35 ਭਾਸ਼ਾਵਾਂ ਵਿੱਚ ਅਖਬਾਰ ਚਲਾਏ ਸਨ। ਮੀਡੀਆ ਹੀ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਦਾ ਸਭ ਤੋਂ ਵੱਡਾ ਸਾਧਨ ਹੈ। ਪਰ ਵਿਦੇਸ਼ੀ ਮਿਸ਼ਨਰੀਆਂ ਦੇ ਭਾਰਤ ਛੱਡ ਜਾਣ ਪਿਛੋਂ ਚਰਚ ਅਜੇਹੇ ਪਾਖੰਡੀ ਲੋਕਾਂ ਦੇ ਹੱਥ ਆ ਗਿਆ ਜਿਹਨਾਂ ਨੇ ਸਾਰੇ ਅਖਬਾਰ ਬੰਦ ਕਰ ਦਿੱਤੇ। ਇਸ ਤਰ੍ਹਾਂ ਈਸਾਈਆਂ ਦਾ ਪੱਖ ਜਨਤਾ ਅੱਗੇ ਰੱਖਣ ਦੀ ਪ੍ਰਕ੍ਰਿਆ ਖਤਮ ਹੋ ਗਈ ਅਤੇ ਈਸਾਈਆਂ ਏਕਤਾ ਦੀ ਥਾਂ ਭਿਆਨਕ ਫੁੱਟ ਪੈਦਾ ਹੋਣੀ ਸ਼ੁਰੂ ਹੋ ਗਈ।



ਫਰੀਡੀ ਜੋਸਫ

ਇਸ ਦੇਸ਼ ਵਿੱਚ ਚਰਚ ਵਿੱਚ ਇਹ ਕੁਫਰ ਸਾਲਾਂ ਬੱਧੀ ਤੋਲਿਆ ਗਿਆ ਕਿ ਈਸਾਈਅਤ ਸਿਆਸਤ ਦੇ ਵਿਰੁਧ ਹੈ ਜਿਸ ਕਾਰਣ ਅੱਜ ਤੱਕ ਈਸਾਈ ਸਿਆਸਤ ਤੋਂ ਪ੍ਰਹੇਜ਼ ਕਰ ਰਹੇ ਹਨ। ਈਸਾਈ ਨੁਮਾਇੰਦਿਆਂ ਨੇ ਈਸਾਈਆਂ ਦਾ ਪੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿੱਚ ਰੱਖਣਾ ਹੁੰਦਾ ਹੈ ਪਰ ਅਜੇਹੇ ਪਾਖੰਡੀ ਧਾਰਮਿਕ ਨੇਤਾਵਾਂ ਕਾਰਣ ਇਸ ਦੇਸ਼ ਵਿੱਚ ਈਸਾਈ ਸਿਆਸੀ ਤੌਰ ਤੇ ਜ਼ੀਰੋ ਹੋ ਗਏ ਹਨ। ਜਦਕਿ ਹਕੀਕਤ ਇਹ ਹੈ ਕਿ ਖੁਦਾ ਨੇ ਇਸਰਾਏਲ ਕੌਮ ਦੀ ਨੀਂਹ ਦੋ ਥਮ੍ਹਾਂ ਤੇ ਟਿਕਾਈ - ਸਿਆਸਤ ਅਤੇ ਧਰਮ। ਮੂਸਾ ਸਿਆਸਤ ਦਾ ਥੰਮ ਸੀ। ਅੱਜ ਸੰਸਾਰ ਵਿੱਚ 164 ਈਸਾਈ ਦੇਸ਼ ਹਨ ਜੋ ਸਿਆਸਤ ਕਾਰਣ ਹੀ ਸੰਸਾਰ ਵਿੱਚ ਸਭ ਤੋਂ ਅੱਗੇ ਹਨ ਅਤੇ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਅਤੇ ਅਮੀਰ ਹਨ।

## ਰਾਏਪੁਰ ਦੀ ਦੁੱਖਦਾਈ ਘਟਨਾ ਦੀ ਈਸਾਈ ਸੰਗਠਨਾਂ ਵਲੋਂ ਨਿੰਦਾ

ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਖੇ ਪਿਛਲੇ ਦਿਨੀ ਕੁਝ ਹਿੰਦੂ ਕੱਟੜਪੰਥੀ ਸੰਗਠਨਾਂ ਵਲੋਂ ਈਸਾਈਆਂ ਉੱਤੇ ਤਾਲਿਬਾਨੀ ਕਹਿਰ ਢਾਏ ਜਾਣ ਦੀ ਸੂਚਨਾ ਹੈ। ਪੁਲਿਸ ਥਾਣੇ ਵਿੱਚ ਹੀ ਹਿੰਦੂ ਸੰਗਠਨਾਂ ਨੇ ਪਾਦਰੀ ਅਤੇ ਉਸਦੇ ਸਾਥੀਆਂ ਤੇ ਐਸ.ਐਚ.ਓ. ਦੇ ਕਮਰੇ ਵਿੱਚ ਹੀ ਜੁੱਤੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਪਾਦਰੀ ਅਤੇ ਉਸਦੇ ਸਾਥੀਆਂ ਨੂੰ ਬਹੁਤ ਬੁਰੀ ਤਰ੍ਹਾਂ ਮਾਰ ਕੁੱਟ ਕੀਤੀ। ਥਾਣੇ ਤੋਂ ਬਾਹਰ ਈਸਾਈ ਔਰਤਾਂ ਅਤੇ ਮਰਦਾਂ ਨੂੰ ਬਹੁਤ ਬੁਰੀ ਤਰ੍ਹਾਂ ਕੁਟਿਆ ਗਿਆ। ਉਨ੍ਹਾਂ ਤੋਂ ਕੰਨ ਫੜਵਾਏ - ਰਾਮ ਨਾਮ ਦੇ ਨਾਅਰੇ ਜ਼ਬਰਦਸਤੀ ਲੁਆਏ। ਬੈਠਕਾਂ ਕਢਵਾਈਆਂ, ਪਵਿੱਤਰ ਬਾਈਬਲ ਤੇ ਜਬਰੀ ਥੁਕਵਾਇਆ ਗਿਆ ਤੇ ਉਸ ਥੁੱਕ ਨੂੰ ਮੁੜ ਚਟਣ ਲਈ ਮਜਬੂਰ ਕੀਤਾ ਗਿਆ।

# ਟਰੇਸੀ ਫੀਲਡ ਹਾਕੀ ਕਲੱਬ ਨੇ ਕਰਵਾਇਆ ਸ਼ਾਨਦਾਰ ਹਾਕੀ ਟੂਰਨਾਮੈਂਟ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਟਰੇਸੀ (ਕੈਲੀਫੋਰਨੀਆ)-** ਪੰਜਾਬੀ ਦੁਨੀਆਂ ਵਿੱਚ ਜਿੱਥੇ ਵੀ ਗਏ, ਉਹਨਾਂ ਓਥੇ ਹੀ ਮਿੰਨੀ ਪੰਜਾਬ ਵਸਾ ਲਿਆ। ਕੈਲੀਫੋਰਨੀਆਂ ਦੀ ਧਰਤੀ 'ਤੇ ਜਿੱਥੇ ਹਰ ਕੋਈ ਟੂਰਨਾਮੈਂਟ, ਮੇਲਾ, ਧਾਰਮਿਕ ਸਮਾਗਮ ਜਾਂ ਸੱਭਿਆਚਾਰਕ ਪ੍ਰੋਗ੍ਰਾਮ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾਂਦਾ ਹੈ ਦੀ ਇਸੇ ਕੜੀ ਤਹਿਤ ਸਾਡੀ ਨਵੀਂ ਪਨੀਰੀ ਨੂੰ ਅਮਰੀਕਾ ਦੀ ਧਰਤੀ 'ਤੇ ਹਾਕੀ ਨਾਲ ਜੋੜਨ ਲਈ ਸਥਾਨਿਕ ਟਰੇਸੀ ਫੀਲਡ ਹਾਕੀ ਕਲੱਬ ਵੱਲੋਂ ਛੋਟੇ ਬੱਚਿਆਂ ਦਾ ਸ਼ਾਨਦਾਰ ਹਾਕੀ ਟੂਰਨਾਮੈਂਟ ਟਰੇਸੀ ਸਥਿਤ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ 8 ਤੋਂ ਲੈ ਕੇ 14 ਸਾਲ ਤੱਕ ਦੇ ਬੱਚਿਆ ਨੇ ਹਾਕੀ ਦੇ ਖੂਬ ਜੌਹਰ ਵਿਖਾਏ। ਯੂ-14 ਵਰਗ ਵਿੱਚ ਬੇ-ਏਰੀਆ ਲਾਇਨਜ਼ ਜੇਤੂ ਰਹੇ, ਬੇ-ਏਰੀਆ ਲਾਈਟਨਿੰਗ ਦੂਸਰੇ ਸਥਾਨ 'ਤੇ ਰਹੇ ਅਤੇ ਟਰੇਸੀ ਫੀਲਡ ਹਾਕੀ ਕਲੱਬ ਤੀਸਰੇ ਨੰਬਰ 'ਤੇ ਰਹੇ। ਇਸ ਦੇ ਨਾਲ ਹੀ ਯੂ-10 ਵਰਗ ਵਿੱਚ ਬੇ-ਏਰੀਆ ਲਾਈਟਨਿੰਗ ਜੇਤੂ ਰਹੇ, ਫਰਿਜ਼ਨੋ ਕਲੱਬ ਦੂਸਰੇ ਨੰਬਰ 'ਤੇ ਰਹੀ ਅਤੇ ਸਾਨਫਰਾਂਸਿਸਕੋ ਹਾਕਸ ਨੂੰ ਤੀਸਰੇ ਸਥਾਨ 'ਤੇ ਸਬਰ ਕਰਨਾ ਪਿਆ। ਯੂ-8 ਵਰਗ ਵਿੱਚ ਬੱਚੇ ਹਾਕੀ ਦੇ ਜਲਵੇ ਵਿਖਾਉਂਦੇ ਗ੍ਰਾਊਂਡ ਵਿੱਚ ਛਾਏ ਰਹੇ ਅਤੇ ਇਹਨਾਂ ਮੁਕਾਬਲਿਆਂ ਵਿੱਚ ਫਰਿਜ਼ਨੋ ਕਲੱਬ ਜੇਤੂ ਰਹੀ, ਬੇ-ਏਰੀਆ ਲਾਈਟ-ਨਿੰਗ ਦੂਸਰੇ ਸਥਾਨ 'ਤੇ ਰਹੀ ਅਤੇ ਟਰੇਸੀ ਫੀਲਡ ਹਾਕੀ ਕਲੱਬ ਨੂੰ ਤੀਸਰਾ ਸਥਾਨ ਹਾਸਲ ਹੋਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉੱਘੇ ਹਾਕੀ ਖਿਡਾਰੀ ਤੇ ਮਸ਼ਹੂਰ ਗਾਇਕ ਰਾਜਪਾਲ ਸੰਧੂ ਨੇ ਦੱਸਿਆ ਕਿ ਸਾਡੀ ਟਰੇਸੀ ਫੀਲਡ ਹਾਕੀ ਕਲੱਬ ਗੁਰਦੁਆਰਾ ਨਾਨਕ ਪ੍ਰਕਾਸ਼ ਟਰੇਸੀ ਦੀ ਸਮੁੱਚੀ ਪ੍ਰਬੰਧਕ ਕਮੇਟੀ, ਖਾਸ ਕਰਕੇ ਬਾਬਾ ਧਰਮ ਸਿੰਘ ਦੀ ਬਹੁਤ ਧੰਨਵਾਦੀ ਹੈ ਜਿਹਨਾਂ ਨੇ ਸਾਡੇ ਅੱਧੇ ਬੋਲ 'ਤੇ ਸਾਨੂੰ ਗ੍ਰਾਊਂਡ ਮੁਹੱਈਆ ਕਰਵਾਇਆ ਤੇ ਗੁਰੂ-ਘਰ ਵੱਲੋਂ ਦੋ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਉਹਨਾਂ ਦੱਸਿਆ ਕਿ ਅਸੀਂ ਅਮੈਰਿਕਨ ਨੈਸ਼ਨਲ ਹਾਕੀ ਮਾਹਿਰਾਂ ਨਾਲ ਰਲਕੇ ਬੱਚਿਆ ਨੂੰ ਉਤਸ਼ਾਹਿਤ ਕਰਨ ਲਈ ਇਸ ਤਰ੍ਹਾਂ ਦੇ ਟੂਰਨਾਮੈਂਟ ਕਰਵਾਉਂਦੇ ਰਹਾਂਗੇ ਤਾਂ ਕਿ ਟਰੇਸੀ ਨੂੰ ਫੀਲਡ ਹਾਕੀ ਦੀ ਹੱਬ ਬਣਾਇਆ ਜਾ ਸਕੇ। ਇਸ ਮੌਕੇ ਉਹਨਾਂ ਉਲੰਪੀਅਨ ਬਲਜੀਤ ਸਿੰਘ ਸੈਣੀ, ਜਸਵੀਰ ਸਿੰਘ ਜੱਸੀ (ਹੈੱਡ ਕੋਚ ਪੰਜਾਬ ਰਾਜ ਬਿਜਲੀ ਬੋਰਡ), ਚੋਟੀ ਦੇ ਹਾਕੀ ਖਿਡਾਰੀ ਹਰਿੰਦਰਾ ਸਿੰਘ (ਹੈੱਡ ਕੋਚ ਅਮੈਰਿਕਨ ਨੈਸ਼ਨਲ ਟੀਮ), ਡੀ.ਐਸ. ਮਾਂਗਟ (ਪਹਿਲੇ ਅੰਤਰਰਾਸ਼ਟਰੀ ਸਿੱਖ ਹਾਕੀ ਅੰਪਾਇਰ), ਸ. ਭੁਪਿੰਦਰ ਸਿੰਘ ਭੁੱਪੀ (ਨੈਸ਼ਨਲ ਹਾਕੀ ਕੋਚ ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਅਮਰਜੀਤ ਸਿੰਘ ਦੌਧਰ (ਖੇਡ ਲੇਖਕ) ਆਦਿ ਦਾ ਟੂਰਨਾਮੈਂਟ ਵਿੱਚ ਉਚੇਚੇ ਤੌਰ ਤੇ ਸ਼ਿਰਕਤ ਕਰਨ ਲਈ ਖਾਸ ਧੰਨਵਾਦ ਕੀਤਾ। ਉਹਨਾਂ ਸਮੂਹ ਟਰੇਸੀ ਨਿਵਾਸੀਆਂ, ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਕਮੇਟੀ, ਸਮੂਹ ਸਪਾਂਸਰਾਂ ਅਤੇ ਦਰਸ਼ਕਾਂ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ। ਉਹਨਾਂ ਮਾਪਿਆ ਨੂੰ ਖਾਸ ਤੌਰ 'ਤੇ ਬੇਨਤੀ ਕੀਤੀ ਕਿ ਬੱਚਿਆ ਨੂੰ ਹਾਕੀ ਵੱਲ ਪ੍ਰੇਰਤ ਕਰਨ ਲਈ ਬੱਚਿਆ ਦੀ ਰਜਿਸਟਰੇਸ਼ਨ ਕਰਵਾਉਣ 'ਤੇ ਟਰੇਸੀ ਫੀਲਡ ਹਾਕੀ ਕਲੱਬ ਦਾ ਸਾਥ ਦੇਣ।

# ਕਰੋਨਾ ਮਹਾਂਮਾਰੀ ਦੌਰਾਨ ਲੋਕ ਸੇਵਾ ਲਈ ਸੀਤਾ ਰਾਮ ਬਾਂਸਲ ਸਨਮਾਨਿਤ



ਸ੍ਰੀ ਘਣਸ਼ਿਆਮ ਥੋਰੀ ਡਿਪਟੀ ਕਮਿਸ਼ਨਰ ਜਲੰਧਰ ਨੇ ਕਰੋਨਾ ਮਹਾਂਮਾਰੀ ਦੌਰਾਨ ਵਧੀਆ ਸੇਵਾਵਾਂ ਨਿਭਾਉਣ ਵਾਲਿਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਨੌਕਰੀ ਦੌਰਾਨ ਸੀਤਾ ਰਾਮ ਬਾਂਸਲ ਨੇ ਮੈਰੀਟੋਰੀਅਸ ਸਕੂਲ ਜਲੰਧਰ ਦੇ ਕੋਵਿਡ ਕੇਅਰ ਸੈਂਟਰ, ਸਿਵਲ ਹਸਪਤਾਲ ਜਲੰਧਰ ਵਿੱਚ ਬਤੌਰ ਵਲੰਟੀਅਰ ਸੇਵਾਵਾਂ ਦਿੱਤੀਆਂ। ਗਰਮੀਆਂ ਅਤੇ ਪਤਝੜ ਦੀਆਂ ਛੁੱਟੀਆਂ ਦੌਰਾਨ 46 ਦਿਨ ਸੇਵਾ ਕਰਕੇ ਇੱਕ ਮਿਸਾਲ ਪੈਦਾ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਦੇਸ਼ਾਂ ਤੋਂ ਆਉਣ ਵਾਲਿਆਂ ਲਈ&; ਤਹਿਸੀਲ ਪੱਧਰੀ ਕੁਅਰੰਟਾਈਨ ਸੈਂਟਰ ਜੇ ਐਨ ਵੀ ਤਲਵੰਡੀ ਮਾਧੋ ਵਿੱਚ ਸਹਾਇਕ ਨੋਡਲ ਅਫ਼ਸਰ ਦੇ ਫਰਜ਼ ਨਿਭਾਏ ਜਿਸ ਦੌਰਾਨ ਕਰੋਨਾ ਪਾਜ਼ਟਿਵ ਹੋ ਗਿਆ। ਠੀਕ ਹੋਣ ਤੋਂ ਬਾਅਦ ਸਿਵਲ ਹਸਪਤਾਲ ਜਲੰਧਰ ਵਿੱਚ ਆਕਸੀਜਨ ਦੀ ਸਪਲਾਈ ਦੀ ਮਾਨੀਟ੍ਰਿੰਗ ਲਈ ਦੁਬਾਰਾ ਵਲੰਟੀਅਰ ਸੇਵਾ ਕੀਤੀ।

ਦੇਸ਼ ਦੀ ਆਜ਼ਾਦੀ ਦੀਆਂ ਇਨਕਲਾਬੀ ਲਹਿਰਾਂ ਦੇ ਖੋਜੀ ਬਾਂਸਲ ਦਾ ਕਹਿਣਾ ਹੈ ਕਿ ਜਦੋਂ ਦੇਸ਼ ਵਾਸੀ ਕਿਸੇ ਮੁਸੀਬਤ ਵਿੱਚ ਹੋਣ ਤਾਂ ਉਨ੍ਹਾਂ ਦੀ ਸੇਵਾ ਕਰਨਾ ਹੀ ਸੱਚੀ ਦੇਸ਼ ਭਗਤੀ ਅਤੇ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਹੈ। ਅੱਜਕਲ੍ਹ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਬਤੌਰ ਅਧਿਆਪਕ ਕੰਮ ਕਰ ਰਿਹਾ ਹੈ।

# ਦੋ ਗ਼ਜ਼ਲਾਂ

ਬੀਤੇ ਦਿਨ ਨਾ ਭੁੱਲਦੇ ਯਾਰੋ ਨਾ ਹੀ ਭੁੱਲਣ ਲਏ ਨਜ਼ਾਰੇ।
ਦਰਖ਼ਤਾਂ ਤੇ ਪਾ ਪੀਂਘਾਂ ਝੂਟੀਆਂ ਤੇ ਲਏ ਉਚੇ-ਉਚੇ ਹੁਲਾਰੇ।

ਖੇਲੇ ਬੰਟੇ, ਖਿੱਦੋ, ਗੁੱਲੀ-ਡੰਡਾ, ਚੁਰਾਹੇ ਪਿਠੂ-ਕੈਮ ਲਗਾਇਆ ,
ਰੁੱਸੇ, ਲੜੇ, ਝਗੜੇ ਇਕ ਦੂਜੇ ਨਾਲ ਪਰ ਨਾਂ ਪਾਏ ਪੁਆੜੇ ।

ਨਾਂ ਖਾਦੇ ਪੀਜੇ, ਬਰਗਰ ਲੱਗੇ ਸੁਆਦ ਸਾਗ ਮੱਕੀ ਦੀ ਰੋਟੀ,
ਘਰ ਮੱਖਣ, ਦੁੱਧ, ਦਹੀਂ ਦੀਆਂ ਮੌਜਾਂ ਤੇ ਦਿਨ ਸੀ ਬੜੇ ਨਿਆਰੇ।

ਭੁੰਨ-ਭੁੰਨ ਛਲੀਆਂ ਚਬੇ ਦਾਣੇ ਤੇ ਫਿਰ ਆਬੂ ਜਾ ਭੱਠੀ ਭੁੰਨਾਏ ,
ਖਾ-ਖਾ ਜਦ ਪੀੜ ਢਿੱਡ ਹੋਈ ਤਾਂ ਪੀਤੇ ਲੱਸੀ ਤੇ ਲਿਆ ਖਾਰੇ ।

ਭੰਨ-ਭੁੰਨ ਖੇਤਾਂ ਵਿੱਚੋਂ ਚੂਪੇ ਗੰਨੇ ਤੇ ਪੀਣੀ ਰਸ ਫਿਰ ਨਾ ਛੱਡੀ,
ਸ਼ੂਗਰ, ਬੀਪੀ ਦੀ ਚਿੰਤਾ ਨਾ ਕੋਈ ਗੁੜ ਖਾਂਦੇ ਰਹੇ ਬਲਿਹਾਰੇ ।

ਨਵੀਂ ਪੀੜੀ ਨਾ ਤਾਂ ਇਹ ਖੇਡਾਂ ਨੂੰ ਜਾਣੇ ਤੇ ਨਾ ਹੀਂ ਇਹ ਖਾਣੇ,
ਭੁੱਲੇ ਰਲ ਮਿਲ ਖੇਡਣਾ ਇਹ ਤਾਂ ਤੇ ਖਾਣੇ ਖਾਂਦੇ ਜੋ ਨੇ ਮਾੜੇ ।



ਰਬਿੰਦਰ ਸ਼ਰਮਾ
91-98146-67682

ਸਜ਼ਾ ਗੁਨਾਹਾਂ ਦੀ ਭੁਗਤ ਲੈ ਸਿਰ ਇਲਜ਼ਾਮ ਸਾਡੇ ਰਹਿਣ ਦੇ।
ਰਲ ਹਾਕਮਾਂ ਜੋ ਕੀਤੀਆਂ ਸਾਜਿਸਾਂ ਉਹ ਤਾਂ ਸਾਨੂੰ ਕਹਿਣ ਦੇ।

ਬੜੀ ਦੇਰ ਲੋਕਾਂ ਸਹਿ ਲਿਆ ਅਤਿਆਚਾਰ ਤੇ ਭੈੜੀ ਮਾਰ ਨੂੰ,
ਬਲਦੇ ਅਰਮਾਨਾਂ ਦੀ ਅੱਗ ਨੂੰ ਹੁਣ ਜ਼ਰਾ ਹੋਰ ਭਖ ਲੈਣ ਦੇ ।

ਬਹਿਰੇ ਹਾਕਮਾਂ ਨੇ ਨਾ ਸੁਣੀਆਂ ਫਰਿਆਦਾਂ ਤੇ ਕੱਢੇ ਤਰਲੇ,
ਲੋਕ ਕਚਹਿਰੀ ਵਿੱਚ ਝੁਕੀ ਹੋਈ ਧੌਣ ਨੂੰ ਜ਼ਰਾ ਹੱਥ ਪੈਣ ਦੇ।

ਰਿਸਦੇ ਜ਼ਖ਼ਮਾਂ ਦੇ ਲਹੂ ਚੋਂ ਨਿਕਲੀ ਚੰਗਿਆੜੀ ਹੈ ਬਲ ਉਠੀ,
ਅੱਗ ਦੇ ਭਾਂਬੜਾਂ ਦੀ ਤਪਸ਼ ਜ਼ਰਾ ਪਿੰਡੇ ਆਪਣੇ ਨੂੰ ਸਹਿਣ ਦੇ।

ਬਦਲ ਜਾਂਦੀਆਂ ਰੁੱਤਾਂ ਤੇ ਵਕਤ ਵੀ ਇਕ ਥਾਂ ਟਿਕਦਾ ਨਹੀਂ,
ਮਹਿਲ ਮੁਨਾਰੇ ਜੋ ਖੜੇ ਕੀਤੇ ਲੁੱਟ ਕੇ ਉਹ ਤਾਂ ਹੁਣ ਢਹਿਣ ਦੇ।

ਖੁਦਗਰਜ਼ੀ ਦੇ ਭੈੜੇ ਮਨਸੂਬਿਆਂ ਛੱਡਣਾ ਨਹੀਂ ਏ ਤੇਰਾ ਵਜੂਦ,
ਅਗਾਂਹ ਦੀ ਸੁਖ ਮੰਗ ਕੇ ਮੌਤ ਦੀ ਝੋਲੀ ਚੋਂ ਗੁਨਾਹਾਂ ਨੂੰ ਵਹਿਣ ਦੇ।

# ਪਰਵਾਸੀ ਲੇਖਕਾਂ ਦਾ ਰਚਿਆ ਸਾਹਿਤ ਗਲੋਬਲ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਦੇ ਸਮਰੱਥ- ਡਾ: ਲਖਵਿੰਦਰ ਜੌਹਲ

**ਲੁਧਿਆਣਾ**-ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਅੱਜ ਤ੍ਰੈਮਾਸਿਕ ਪੱਤ੍ਰਿਕਾ 'ਪਰਵਾਸ' ਦਾ ਚੌਦਵਾਂ ਅੰਕ ਰਲੀਜ਼ ਕੀਤਾ ਗਿਆ। ਇਸ ਸਮਾਗਮ ਵਿਚ ਡਾ. ਲਖਵਿੰਦਰ ਸਿੰਘ ਜੌਹਲ ਸਕੱਤਰ ਜਨਰਲ ਪੰਜਾਬ ਕਲਾ ਪ੍ਰੀਸ਼ਦ, ਸਾਹਿਤਕਾਰ ਸੁਰਿੰਦਰ ਸਿੰਘ ਸੁੰਨੜ ਕੈਲੇਫੋਰਨੀਆ ਤੇ ਪ੍ਰੋ. ਗੁਰਭਜਨ ਗਿੱਲ ਪ੍ਰਧਾਨ ਲੋਕ ਵਿਰਾਸਤ ਅਕੈਡਮੀ ਲੁਧਿਆਣਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੇ ਆਰੰਭ ਵਿਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ, ਲੁਧਿਆਣਾ ਨੇ ਮਹਿਮਾਨਾਂ ਦਾ ਰਸਮੀ ਤੌਰ 'ਤੇ ਸੁਆਗਤ ਕੀਤਾ ਤੇ ਪਰਵਾਸ ਦੇ ਇਸ ਅੰਕ ਵਿਚ ਛਪੇ ਪਰਵਾਸੀ ਲੇਖਕਾਂ ਤੇ ਸਾਹਿਤਕ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਡਾ. ਲਖਵਿੰਦਰ ਜੌਹਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਪਰਵਾਸੀ ਲੇਖਕ ਅੱਜ ਗਲੋਬਲ ਸਰੋਕਾਰਾਂ ਨੂੰ ਪੇਸ਼ ਕਰਨ ਦੇ ਸਮਰੱਥ ਹਨ।

ਪਰਵਾਸੀ ਸਾਹਿੱਤ ਅੱਜ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦੇ ਸਾਹਿਤ ਦਾ ਮਹੱਤਵਪੂਰਨ ਅੰਗ ਬਣ ਚੁੱਕਾ ਹੈ ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਨੂੰ ਜਿਸ ਸ਼ਿੱਦਤ ਨਾਲ ਭਾਰਤੀ ਪੰਜਾਬੀਆਂ ਨੇ ਮਹਿਸੂਸ ਕੀਤਾ 'ਤੇ ਹੰਢਾਇਆ ਉਸੇ ਤਰ੍ਹਾਂ ਹੀ ਪਰਵਾਸੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਵੀ ਉਹ



ਭਾਵਨਾ ਪ੍ਰਤੱਖ ਤੌਰ 'ਤੇ ਦੇਖਣ ਨੂੰ ਮਿਲੀ। ਪ੍ਰੋ. ਗੁਰਭਜਨ ਗਿੱਲ ਨੇ ਜੋ ਕਿ 'ਪਰਵਾਸ' ਮੈਗਜ਼ੀਨ ਦੇ ਪ੍ਰਮੁੱਖ ਸਲਾਹਕਾਰ ਵੀ ਹਨ ਨੇ ਕਿਹਾ ਕਿ 'ਪਰਵਾਸ' ਮੈਗਜ਼ੀਨ ਨੇ ਅੱਜ ਵਿਸ਼ਵ ਭਰ ਵਿਚ ਆਪਣੀ ਇਕ ਅਲੱਗ ਪਛਾਣ ਕਾਇਮ ਕੀਤੀ ਹੈ। ਅਨੇਕਾਂ ਹੀ ਅਣਪ੍ਰਕਾਸ਼ਿਤ ਤੇ ਅਣਪਛਾਤੇ ਲੇਖਕਾਂ ਨੂੰ ਇਕ ਮੰਚ ਮੁਹੱਈਆ ਕਰਵਾਉਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਲੇਖਕਾਂ ਨੂੰ ਇਸ ਕੇਂਦਰ ਨਾਲ ਜੁੜਨਾ ਚਾਹੀਦਾ ਹੈ।

ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ. ਨੇ ਇਸ ਮੌਕੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਇਸ ਮੌਕੇ 'ਤੇ ਪ੍ਰਧਾਨਗੀ ਭਾਸ਼ਣ ਸਾਂਝੇ ਕਰਦੇ ਹੋਏ ਅਮਰੀਕਾ ਵੱਸਦੇ ਲੇਖਕ ਸੁਰਿੰਦਰ ਸਿੰਘ ਸੁੰਨੜ ਨੇ ਪਰਵਾਸੀ ਕੇਂਦਰ ਦੇ ਇਸ ਉੱਦਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਵਿਦੇਸ਼ਾਂ ਵਿਚ ਵੱਸਦੇ ਲੇਖਕਾਂ ਦਾ ਮਾਰਗ ਦਰਸ਼ਨ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਉਨ੍ਹਾਂ ਨੇ ਆਪਣੇ 38 ਸਾਲਾਂ ਦੇ ਪਰਵਾਸੀ ਜੀਵਨ ਦੇ ਤਜ਼ਰਬੇ ਸ੍ਰੋਤਿਆਂ ਨਾਲ ਸਾਂਝੇ ਕੀਤੇ। ਉਨ੍ਹਾਂ ਇੱਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਵੀ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਦੇਣ ਦਾ ਐਲਾਨ ਕੀਤਾ।


ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਵੱਖ ਵੱਖ ਸਰਗਰਮੀਆਂ ਤੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਰਸਮੀ ਤੌਰ 'ਤੇ ਆਏ ਲੇਖਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਕੌਂਸਲ ਦੇ ਮੈਂਬਰ ਸ. ਕੁਲਜੀਤ ਸਿੰਘ, ਸ. ਹਰਦੀਪ ਸਿੰਘ, ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਦਲੀਪ ਸਿੰਘ, ਡਾ. ਹਰਗੁਨਜੋਤ ਕੌਰ ਡਾ: ਮਨਦੀਪ ਕੌਰ ਰੰਧਾਵਾ ਤੇ ਸਹਾਇਕ ਸੰਪਾਦਕ ਪਰਵਾਸ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।

# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ




## ਅਨੁਸੂਚਿਤ ਜਾਤੀ ਦੇ ਨੁਮਾਇੰਦੇ, ਪੜ੍ਹੇ-ਲਿਖੇ ਤੇ ਸੂਝਵਾਨ ਨੌਜਵਾਨ ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ

## ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣਨ 'ਤੇ

# ਲੱਖ-ਲੱਖ ਵਧਾਈਆਂ















**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ, ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ, ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਕ੍ਰਿਸ਼ਨ ਸਿੰਘ, ਅਸ਼ੋਕ ਕੁਮਾਰ

**Sri Guru Ravidas Temple 1480 HAYNE AVE YUBA CITY, CA, Ph- 530-674-2564**

ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ




ਅਨੁਸੂਚਿਤ ਜਾਤੀ ਦੇ ਨੁਮਾਇੰਦੇ, ਪੜ੍ਹੇ-ਲਿਖੇ ਤੇ ਸੂਝਵਾਨ ਨੌਜਵਾਨ
ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ

ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣਨ 'ਤੇ

# ਲੱਖ-ਲੱਖ ਵਧਾਈਆਂ





ਅਵਤਾਰ ਲਾਖਾ ਅਤੇ ਸਮੂਹ ਲਾਖਾ ਪਰਿਵਾਰ

Total ENTERTAINMENT®


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

# NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop